ਅੰਗ ੨੧੨ = ਗਉੜੀ ਮਹਲਾ ੫ ॥ ਜਾ ਕਉ ਬਿਸਰੈ ਰਾਮ ਨਾਮ, ਤਾਹੂ ਕਉ ਪੀਰ ॥ ਸਾਧ ਸੰਗਤਿ ਮਿਲਿ ਹਰਿ ਰਵਹਿ, ਸੇ ਗੁਣੀ ਗਹੀਰ ॥੧॥ਰਹਾਉ॥ (ਹੇ ਭਾਈ!) ਜਿਸ ਨੂੰ ਰੱਬ ਦਾ ਨਾਮ ਭੁੱਲ ਜਾਂਦਾ ਹੈ, ਉਸ (ਮਨੁੱਖ) ਨੂੰ ਹੀ ਦੁਖ ਆ ਲਗਦੇ ਹਨ।(ਜੋ ਮਨੁੱਖ) ਸਾਧ ਸੰਗਤ ਨਾਲ ਮਿਲ ਕੇ ਹਰੀ ਦਾ ਨਾਮ ਜਪਦੇ ਹਨ, ਉਹ ਅਥਾਹ ਗੁਣਾਂ ਵਾਲੇ ਬਣ ਜਾਂਦੇ ਹਨ; ਉਹ ਵੱਡੇ ਦਿਲ ਵਾਲੇ ਬਣ ਜਾਂਦੇ ਹਨ।੧।ਰਹਾਉ।

ਜਾ ਕਉ ਗੁਰਮੁਖਿ ਰਿਦੈ ਬੁਧਿ ॥ ਤਾ ਕੈ ਕਰ ਤਲ ਨਵਨਿਧਿ ਸਿਧਿ ॥੧॥ ਜਿਸ ਮਨੁੱਖ ਨੂੰ ਹਿਰਦੇ ਵਿਚ ਗੁਰੂ ਦੁਆਰਾ (ਸਿਮਰਨ ਦੀ) ਅਕਲ ਆ ਗਈ ਹੈ।ਨੌਂ ਨਿਧੀਆਂ ਤੇ (ਅਠਾਰਾਂ) ਸਿਧੀਆਂ ਉਸ ਦੇ ਹੱਥ ਦੀ ਤਲੀ ਉਤੇ ਹੁੰਦੀਆਂ ਹਨ।੧।

ਜੋ ਜਾਨਹਿ ਹਰਿ ਪ੍ਰਭ ਧਨੀ ॥ ਕਿਛੁ ਨਾਹੀ ਤਾ ਕੈ ਕਮੀ ॥੨॥ ਜਿਹੜੇ (ਪੁਰਖ) ਜਾਣਦੇ ਹਨ ਕਿ ਹਰੀ ਪ੍ਰਭੂ (ਉਨ੍ਹਾਂ ਦਾ) ਮਾਲਕ ਹੈ।ਉਨ੍ਹਾਂ ਨੂੰ ਕਿਸੇ ਕਿਸਮ ਦੀ ਕਮੀ ਨਹੀਂ ਰਹਿੰਦੀ (ਕੋਈ ਘਾਟਾ ਨਹੀਂ)।੨।

ਕਰਣੈਹਾਰੁ ਪਛਾਨਿਆ ॥ ਸਰਬ ਸੁਖ ਰੰਗ ਮਾਣਿਆ ॥੩॥ (ਜਿਸ ਪੁਰਖ ਨੇ ਸਭ ਕੁਛ) ਕਰਨ ਵਾਲੇ ਵਾਹਿਗੁਰੂ ਨੂੰ ਪਛਾਣ ਲਿਆ ਹੈ।(ਉਸ ਨੇ) ਸਾਰੇ ਸੁੱਖਾਂ ਦਾ ਅਨੰਦ ਮਾਣਿਆ ਹੈ।੩।

ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥ ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥੪੯॥੧੪੭॥ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ (ਪੁਰਖਾਂ) ਦੇ ਹਿਰਦੇ ਘਰ ਵਿਚ ਹਰੀ ਦਾ ਨਾਮ ਰੂਪ ਧਨ ਵਸਦਾ ਹੈ।ਉਨ੍ਹਾਂ ਦੀ ਸੰਗਤ ਕਰਨ ਨਾਲ ਦੁੱਖ ਨੱਸ ਜਾਂਦਾ ਹੈ।੪।੯।੧੪੭।

ਪਦਾਰਥ = ਜਾ ਕਉ–ਜਿਸ ਨੂੰ।ਤਾਹੂ ਕਉ–ਉਸੇ ਨੂੰ ਹੀ।ਪੀਰ–ਦੁਖ।ਰਵਹਿ–ਸਿਮਰਦੇ ਹਨ।ਸੇ–ਉਹ।ਗੁਣੀ ਗਹੀਰ–ਅਥਾਹ ਗੁਣਾਂ ਦੇ ਮਾਲਕ; ਗੁਣਾਂ ਦੇ ਸਮੁੰਦਰ (ਪ੍ਰਭੂ ਦਾ ਰੂਪ ਹੋ ਜਾਂਦੇ ਹਨ)।੧।ਰਹਾਉ।ਗੁਰਮੁਖਿ–ਗੁਰੂ ਦੁਆਰਾ।ਤਾ ਕੈ–ਉਸ ਦੇ।ਕਰ–ਹੱਥ।ਤਲ–ਤਲੀ ਉਤੇ।ਕਰ ਤਲ–ਕਾਬੂ ਵਿਚ; ਸੁਤੇ ਸਿਧ ਪ੍ਰਾਪਤ।ਨਵ ਨਿਧਿ–ਨੌਂ ਖਜਾਨੇ।ਸਿਧਿ–ਅਲੌਕਿਕ ਸ਼ਕਤੀ।੧।ਜੋ–ਜਿਹੜੇ।ਧਨੀ–(ਸਾਰੇ ਖਜਾਨਿਆਂ ਦਾ) ਸ਼ਾਹ; ਮਾਲਕ।ਕਮੀ–ਘਾਟਾ।੨।ਕਰਣੈਹਾਰ–(ਸਭ ਕੁਛ) ਕਰਨ ਵਾਲਾ; ਰਚਣਹਾਰ। ਰੰਗ–ਅਨੰਦ।੩।ਜਾ ਕੈ–ਜਿਸ ਦੇ।ਗ੍ਰਿਹਿ–ਹਿਰਦੇ ਘਰ ਵਿਚ।ਤਿਨ–ਉਨ੍ਹਾਂ ਦੇ।ਨਸੈ–ਦੌੜ ਜਾਂਦਾ ਹੈ।੪।੯।੧੪੭।

ਗਉੜੀ ਮਹਲਾ ੫ ॥ ਗਰਬੁ ਬਡੋ ਮੂਲੁ ਇਤਨੋ ॥ ਰਹਨੁ ਨਹੀ ਗਹੁ ਕਿਤਨੋ ॥੧॥ਰਹਉ॥ (ਹੇ ਭਾਈ! ਮਨੁੱਖ ਦਾ) ਹੰਕਾਰ ਬਹੁਤ ਵੱਡਾ ਹੈ, (ਪਰ ਇਸਦਾ) ਮੂਲ ਕਾਰਣ ਥੋੜਾ ਜਿਹਾ (ਰਕਤ ਬੀਜ) ਹੀ ਹੈ {ਰਕਤੁ ਬਿੰਦੁ ਕਰਿ ਨਿੰਮਿਆ, ਅਗਨਿ ਉਦਰ ਮਝਾਰਿ ੭੦੬}।ਰਹਿਣਾ ਇੱਥੇ (ਸੰਸਾਰ ਵਿਚ ਕਿਸੇ ਨੇ) ਹੈ ਨਹੀਂ, (ਪਰ ਮਾਇਆ ਤੇ ਪਦਾਰਥਾਂ ਵਾਸਤੇ) ਪਕੜ ਦੇਖੋ ਕਿਤਨੀ ਹੈ (ਕਿੰਨੀਆਂ ਚੀਜਾਂ ਨੂੰ ਹੱਥ ਪਾਈ ਬੈਠਾ ਹੈ)।੧।ਰਹਾਉ।

ਬੇਬਰਜਤ ਬੇਦ ਸੰਤਨਾ ॥ ਉਆਹੂ ਸਿਉ ਰੇ ਹਿਤਨੋ ॥ ਹਾਰ ਜੂਆਰ ਜੂਆ ਬਿਧੇ, ਇੰਦ੍ਰੀ ਵਸਿ ਲੈ ਜਿਤਨੋ ॥੧॥ (ਜਿਹੜੀ ਗੱਲ) ਬੇਦਾਂ ਤੇ ਸੰਤਾਂ ਨੇ ਮਨ੍ਹਾਂ ਕੀਤੀ ਹੋਈ ਹੈ, ਹੇ ਭਾਈ! ਉਸੇ ਨਾਲ (ਮਨੁੱਖ) ਪਿਆਰ ਕਰਦਾ ਹੈ {ਜੋ ਬਿਬਰਜਤ ਤਿਸ ਸਿਉ ਨੇਹ ੧੯੫}।ਜੁਆਰੀਏ ਦੇ ਜੂਏ ਦੀ ਤਰ੍ਹਾਂ (ਮਨੁੱਖ ਜੀਵਨ ਬਾਜੀ) ਹਾਰ ਰਿਹਾ ਹੈ, (ਕਿਉਂਕਿ) ਇੰਦ੍ਰੀਆਂ ਨੇ ਅਪਣੇ ਵਸ ਵਿਚ ਲੈ ਕੇ ਇਸ ਨੂੰ ਜਿਤ ਲਿਆ ਹੈ; ਜਿਸ ਤਰ੍ਹਾਂ ਜੂਏ ਦੀ ਖੇਡ ਹਾਰਨ ਵਾਲੇ ਜੁਆਰੀਏ ਨੂੰ ਅਪਣੇ ਨਾਲ ਜੋੜੀ ਰੱਖਦੀ ਹੈ, ਇਸੇ ਤਰ੍ਹਾਂ ਇੰਦ੍ਰੇ ਤੈਨੂੰ ਜਿਤ ਕੇ ਅਪਣੇ ਕਾਬੂ ਕਰੀ ਰਖਦੇ ਹਨ (ਇੰਗਲਿਸ਼ ਟੀਕਾ ਐਸ. ਜੀ. ਪੀ. ਸੀ)।੧।

ਹਰਨ ਭਰਨ ਸੰਪੂਰਨਾ, ਚਰਨ ਕਮਲ ਰੰਗਿ ਰਿਤਨੋ ॥ ਨਾਨਕ ਉਧਰੇ ਸਾਧ ਸੰਗਿ, ਕਿਰਪਾ ਨਿਧਿ ਮੈ ਦਿਤਨੋ ॥੨॥੧੦॥੧੪੮ ॥ ਵਾਹਿਗੁਰੂ ਖਾਲੀ ਕਰਨ ਤੇ ਭਰਨ ਲਈ ਪੂਰਨ ਸਮਰੱਥ ਹੈ, (ਪਰ ਮਨੁੱਖ ਉਸ ਦੇ) ਚਰਨ ਕਮਲਾਂ ਦੀ ਪ੍ਰੀਤੀ ਤੋਂ ਖਾਲੀ ਹੈ। ਕ੍ਰਿਪਾ ਦੇ ਖਜਾਨੇ ਵਾਹਿਗੁਰੂ ਨੇ ਮੈਨੂੰ ਨਾਨਕ ਨੂੰ ਸਾਧ ਸੰਗਤ (ਕਰਨ ਦਾ ਦਾਨ) ਦਿਤਾ ਹੈ, (ਸਾਧ ਸੰਗਤ ਵਿਚ ਆ ਕੇ ਮੈਂ ਉਪਰ ਦੱਸੇ ਔਗੁਣਾਂ ਤੋਂ) ਬਚ ਗਿਆ ਹਾਂ; ਸੰਸਾਰ ਸਮੁੰਦਰ ਤੋਂ ਤਰ ਗਿਆ ਹਾਂ।੨।੧੦।੧੪੮।

ਪਦਾਰਥ = ਗਰਬੁ–ਹੰਕਾਰ।ਮੂਲੁ–ਮੂਲ ਕਾਰਣ (ਰਕਤ ਬਿੰਦ) ਹੈ; ਅਸਲਾ; ਬਿਤ।ਇਤਨੋ–ਇਤਨਾ ਕੁ (ਥੋੜਾ ਜਿਹਾ)।ਗਹੁ–ਪਕੜ।ਕਿਤਨੋ–ਕਿੰਨੀ (ਬਹੁਤ)।੧।ਰਹਾਉ।ਬੇਬਰਜਤ–ਮਨ੍ਹਾਂ ਕਰਦੇ (ਰੋਕਦੇ) ਹਨ।ਉਆਹੂ–ਉਸ ਦੇ।ਸਿਉ–ਨਾਲ।ਰੇ–ਹੇ ਭਾਈ !।ਹਿਤਨੋ–ਪਿਆਰ ਕਰਦਾ ਹੈ।ਜੂਆ ਬਿਧੇ–ਜੂਆ ਖੇਡਣ ਦੇ ਤਰੀਕੇ ਵਾਂਗ।ਵਸਿ ਲੈ–ਵਸ ਵਿਚ ਲੈ ਕੇ।ਜਿਤਨੋ–ਜਿਤਦੇ ਹਨ। ੧।ਹਰਨ–ਖਾਲੀ ਕਰਨ ਵਾਲਾ; ਮਾਰਨ ਵਾਲਾ।ਭਰਨ–ਭਰ ਦੇਣ ਵਾਲਾ; ਜਿਵਾਲਣ ਵਾਲਾ।ਰੰਗਿ–ਪ੍ਰੇਮ ਤੋਂ।ਰਿਤਨੋ–ਖਾਲੀ।ਉਧਰੇ–

All Rights Reserved by Harjinder Singh Gyani | www.GuruGranthVakhyaan.org

ਬਚ ਗਏ ਹਾਂ; ਤਰ ਗਏ ਹਾਂ।ਕਿਰਪਾ ਨਿਧਿ–ਕਿਰਪਾ ਦਾ ਖਜਾਨਾ ਵਾਹਿਗੁਰੂ।੨।੧੦।੧੪੮।

ਗਉੜੀ ਮਹਲਾ ੫ ॥ ਮੋਹਿ ਦਾਸਰੋ ਠਾਕੁਰ ਕੋ ॥ ਧਾਨੁ ਪ੍ਰਭ ਕਾ ਖਾਨਾ ॥੧॥ਰਹਾਉ॥ ਮੈਂ (ਅਪਣੇ) ਮਾਲਕ ਵਾਹਿਗੁਰੂ ਦਾ ਦਾਸ ਹਾਂ।ਅਤੇ ਵਾਹਿਗੁਰੂ ਦਾ ਦਿਤਾ ਅੰਨ ਖਾਂਦਾ ਹਾਂ।੧।ਰਹਾਉ।

ਐਸੋ ਹੈ ਰੇ ਖਸਮੁ ਹਮਾਰਾ ॥ ਖਿਨ ਮਹਿ ਸਾਜਿ ਸਵਾਰਣਹਾਰਾ ॥੧॥ ਹੇ ਭਾਈ! ਮੇਰਾ ਮਾਲਕ ਪ੍ਰਭੂ ਇਹੋ ਜਿਹਾ (ਸਰਬ ਸ਼ਕਤੀਮਾਨ) ਹੈ ਕਿ ਇਕ ਖਿਨ ਵਿਚ ਰਚਨਾ ਰਚ ਕੇ (ਉਸ ਨੂੰ) ਸੰਵਾਰਨ ਵਾਲਾ ਹੈ।੧।

ਕਾਮੁ ਕਰੀ ਜੇ ਠਾਕੁਰ ਭਾਵਾ ॥ ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥੨॥ (ਮੈਂ ਉਹ ਹੀ) ਕੰਮ ਕਰਾਂ, ਜਿਹੜਾ ਠਾਕਰ ਨੂੰ ਚੰਗਾ ਲੱਗੇ।ਪ੍ਰਭੂ ਦੇ ਕੌਤਕਾਂ ਦੇ ਗੀਤਾਂ ਰਾਹੀਂ (ਉਸ ਦੇ) ਗੁਣ ਗਾਉਂਦਾ ਰਹਾਂ; (ਮੈਂ ਉਹ ਹੀ) ਕੰਮ ਕਰਦਾ ਹਾਂ, ਜਿਸ ਨਾਲ (ਮੈਂ) ਮਾਲਕ ਨੂੰ ਭਾ ਜਾਵਾਂ।(ਇਸੇ ਕਰਕੇ ਮੈਂ) ਪ੍ਰਭੂ ਦੇ ਕੌਤਕ ਵਰਨਣ ਕਰਨ ਵਾਲੇ ਗੀਤ ਤੇ ਗੁਣ ਗਾਉਂਦਾ ਹਾਂ।੨।

ਸਰਣਿ ਪਰਿਓ ਠਾਕੁਰ ਵਜੀਰਾ ॥ ਤਿਨਾ ਦੇਖਿ ਮੇਰਾ ਮਨੁ ਧੀਰਾ ॥੩॥ (ਹੇ ਭਾਈ! ਮੈਂ) ਮਾਲਕ ਪ੍ਰਭੂ ਦੇ ਵਜੀਰਾਂ (ਸੰਤਾਂ) ਦੀ ਸ਼ਰਣ ਆ ਪਿਆ ਹਾਂ।ਉਨ੍ਹਾਂ (ਸੰਤਾਂ) ਦਾ ਦਰਸ਼ਨ ਕਰਕੇ ਮੇਰਾ ਮਨ ਧੀਰਜ ਵਾਲਾ ਹੋਇਆ ਹੈ (ਹੌਂਸਲਾ ਹੋਇਆ ਹੈ ਕਿ ਸੰਤ ਸੰਸਾਰ ਸਮੁੰਦਰ ਤੋਂ ਆਪ ਵੀ ਤਰ ਜਾਣਗੇ ਤੇ ਮੈਨੂੰ ਵੀ ਤਰ ਦੇਣਗੇ)।੩।

ਏਕ ਟੇਕ ਏਕੋ ਆਧਾਰਾ ॥ ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥ (ਮੇਰੇ ਮਨ ਨੂੰ) ਇਕ ਵਾਹਿਗੁਰੂ ਦੀ ਟੇਕ ਹੈ ਤੇ (ਮੇਰੇ ਤਨ ਨੂੰ ਵੀ) ਇਕ ਵਾਹਿਗੁਰੂ ਦਾ ਸਹਾਰਾ ਹੈ।(ਮੈਂ) ਦਾਸ ਨਾਨਕ ਹਰੀ ਦੀ ਸੇਵਾ ਵਿਚ ਲੱਗਾ ਹੋਇਆ ਹਾਂ।੪।੧੧।੧੪੯।

ਪਦਾਰਥ = ਮੋਹਿ–ਮੈਂ।ਦਾਸਰੋ–ਨਿਮਾਣਾ ਦਾਸ।ਕੋ–ਦਾ।ਧਾਨੁ–ਦਾਨ ਦਾ ਦਿਤਾ ਅੰਨ।ਖਾਨਾ–ਖਾਂਦਾ ਹਾਂ।੧।ਰਹਾਉ।ਐਸੋ–ਇਹੋ ਜਿਹਾ।ਰੇ–ਹੇ ਭਾਈ!।ਖਿਨ ਮਹਿ–ਅੱਖ ਝਮਕਣ ਦੇ ਸਮੇਂ ਵਿਚ ਹੀ।ਸਾਜਿ–ਬਣਾ ਕੇ।ਸਵਾਰਣਹਾਰਾ–ਪਾਲਣ ਵਾਲਾ (ਸੰ.ਸ.;ਫ.ਸ.; ਬਾ.ਪ੍ਰ.); ਸੰਭਾਲਣ ਵਾਲਾ; ਚੰਗੀ ਤਰ੍ਹਾਂ ਕਾਇਮ ਰਖਣ ਵਾਲਾ (ਸੰ.ਪੋ.)।ਕਾਮੁ–ਕੰਮ।ਕਰੀ–ਮੈਂ ਕਰਾਂ।ਭਾਵਾ–ਚੰਗਾ ਲੱਗੇ; (ਮੈਂ) ਚੰਗਾ ਲੱਗਾਂ।ਗੀਤ–ਸਿਫਤ ਸਲਾਹ ਦੇ ਗੀਤ।ਚਰਿਤ–ਕੌਤਕਾਂ ਰਾਹੀਂ; ਬਿਰਤਾਂਤ; ਹਾਲ।੨।ਠਾਕੁਰ ਵਜੀਰਾ–ਰੱਬ ਦੇ ਵਜੀਰ (ਸੰਤ)।ਤਿਨਾ–ਉਨ੍ਹਾਂ ਨੂੰ।ਧੀਰਾ–ਧੀਰਜ ਵਾਲਾ।੩।ਟੇਕ–ਆਸਰਾ।ਆਧਾਰਾ–ਆਸਰਾ।ਕਾਰਾ–ਸੇਵਾ ਵਿਚ।੪।੧੧।੧੪੯।

ਗਉੜੀ ਮਹਲਾ ੫ ॥ ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥੧॥ਰਹਾਉ॥ (ਹੇ ਭਾਈ!) ਕੋਈ ਅਜੇਹਾ ਮਨੁੱਖ ਹੈ, ਜੋ ਹਉਮੈ ਨੂੰ ਤੋੜ (ਦੂਰ ਕਰ) ਦੇਵੇ।ਅਤੇ ਇਸ ਮਿੱਠੀ ਲੱਗਣ ਵਾਲੀ ਮਾਇਆ ਤੋਂ ਇਸ ਮਨ ਨੂੰ ਰੋਕ ਲਵੇ।੧।ਰਹਾਉ।

ਅਗਿਆਨੀ ਮਾਨੁਖੁ ਭਇਆ, ਜੋ ਨਾਹੀ ਸੋ ਲੋਰੈ ॥ ਰੈਣਿ ਅੰਧਾਰੀ ਕਾਰੀਆ, ਕਵਨ ਜੁਗਤਿ ਜਿਤੁ ਭੋਰੈ ॥੧॥ ਮਨੁੱਖ ਅਗਿਆਨੀ ਹੋਇਆ ਪਿਆ ਹੈ, ਜਿਹੜੀ (ਚੀਜ ਸਦਾ ਰਹਿਣ ਵਾਲੀ) ਨਹੀਂ, ਉਸ ਨੂੰ ਚਾਹੁੰਦਾ ਹੈ।(ਮਾਇਆ ਵਿਚ ਲਗ ਕੇ ਮਨੁੱਖ ਦੀ ਅਕਲ) ਹਨ੍ਹੇਰੀ ਰਾਤ ਵਾਂਗ ਕਾਲੀ ਹੋਈ ਪਈ ਹੈ, (ਉਹ) ਕਿਹੜਾ ਤਰੀਕਾ ਹੈ, ਜਿਸ ਨਾਲ (ਇਸ ਦੇ ਅੰਦਰ) ਦਿਨ ਚੜ੍ਹ ਜਾਵੇ (ਗਿਆਨ ਦਾ ਪ੍ਰਕਾਸ਼ ਹੋ ਜਾਵੇ ਤੇ ਅਗਿਆਨਤਾ ਦਾ ਹਨ੍ਹੇਰਾ ਮਿਟ ਜਾਵੇ)।੧।

ਭ੍ਰਮਤੋ ਭ੍ਰਮਤੋ ਹਾਰਿਆ, ਅਨਿਕ ਬਿਧੀ ਕਰਿ ਟੋਰੈ ॥ ਕਹੁ ਨਾਨਕ ਕਿਰਪਾ ਭਈ, ਸਾਧ ਸੰਗਤਿ ਨਿਧਿ ਮੋਰੈ ॥੨॥੧੨॥੧੫੦॥ (ਮਨ ਨੂੰ ਰੋਕਣ ਲਈ ਮੈਂ) ਅਨੇਕਾਂ ਵਿਧੀਆਂ ਨਾਲ ਭਾਲ ਕਰਦਾ ਹੋਇਆ ਭਟਕਦਾ ਭਟਕਦਾ ਹਾਰ ਗਿਆ ਹਾਂ।ਗੁਰੂ ਜੀ ਆਖਦੇ ਹਨ, (ਜਦ ਪ੍ਰਭੂ ਦੀ) ਕਿਰਪਾ ਹੋਈ ਹੈ, (ਤਾਂ) ਸਾਧ ਸੰਗਤ ਵਿਚੋਂ ਮੈਨੂੰ ਨਾਮ ਦਾ ਖਜਾਨਾ ਮਿਲ ਗਿਆ (ਜਿਸ ਨਾਮ ਦਾ ਸਿਮਰਨ ਕਰਕੇ ਮਿੱਠੀ ਮਾਇਆ ਵਲੋਂ ਮਨ ਰੁਕ ਗਿਆ ਹੈ)।੨।੧੨।੧੫੦।

ਪਦਾਰਥ = ਤੋਰੈ–ਤੋੜ (ਦੂਰ ਕਰ) ਦੇਵੇ।ਮੀਠੀ–ਮਿੱਠੀ ਲਗਣ ਵਾਲੀ ਮਾਇਆ।ਤੇ–ਤੋਂ।ਹੋਰੈ–ਰੋਕ ਦੇਵੇ।੧।ਰਹਾਉ।ਭਇਆ–ਹੋ ਗਿਆ ਹੈ।ਜੋ ਨਾਹੀ–ਜਿਹੜੀ (ਚੀਜ ਸਦਾ ਨਿਭਣ ਵਾਲੀ) ਨਹੀਂ।ਲੋਰੈ–ਚਾਹੁੰਦਾ ਹੈ।ਰੈਣਿ–ਰਾਤ।ਅੰਧਾਰੀ–ਹਨ੍ਹੇਰੀ।ਕਾਰੀਆ–ਕਾਲੀ।ਕਵਨ–ਕਿਹੜਾ।ਜੁਗਤਿ–ਤਰੀਕਾ।ਜਿਤੁ–ਜਿਸ ਨਾਲ।ਭੋਰੈ–ਦਿਨ ਚੜ੍ਹ ਜਾਵੇ।੧।ਭ੍ਰਮਤੋ ਭ੍ਰਮਤੋ–ਭਟਕਦਾ ਭਟਕਦਾ।ਬਿਧੀ–ਤਰੀਕੇ।ਕਰਿ ਟੋਰੈ–ਭਾਲ ਕਰਦਾ ਹੋਇਆ।ਭਈ–ਹੋਈ।ਨਿਧਿ–ਖਜਾਨਾ।ਮੋਰੈ–ਮੇਰਾ; ਮੈਨੂੰ।੨।੧੨।੧੫੦।

ਗਉੜੀ ਮਹਲਾ ੫ ॥ ਚਿੰਤਾਮਣਿ ਕਰੁਣਾ ਮਏ ॥੧॥ਰਹਾਉ॥ (ਹੇ ਭਾਈ! ਵਾਹਿਗੁਰੂ) ਮਨੋ ਕਾਮਨਾ ਪੂਰੀ ਕਰਨ (ਮਨ ਇੱਛਤ ਫਲ ਦੇਣ) ਵਾਲਾ ਰਤਨ ਹੈ ਅਤੇ ਦਇਆ ਦਾ ਸਰੂਪ ਹੈ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਦੀਨ ਦਇਆਲਾ ਪਾਰਬ੍ਰਹਮ ॥ ਜਾ ਕੈ ਸਿਮਰਣਿ ਸੁਖ ਭਏ ॥੧॥ ਵਾਹਿਗੁਰੂ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ। ਜਿਸ ਦਾ ਸਿਮਰਨ ਕਰਨ ਨਾਲ (ਭਗਤਾਂ ਨੂੰ ਅਨੇਕਾਂ) ਸੁਖ ਪ੍ਰਾਪਤ ਹੋਏ ਹਨ।੧।

ਅਕਾਲ ਪੁਰਖ ਅਗਾਧਿ ਬੋਧ ॥ ਸੁਨਤ ਜਸੋ ਕੋਟਿ ਅਘ ਖਏ ॥੨॥ ਅਕਾਲ ਪੁਰਖ ਦਾ ਗਿਆਨ ਬਹੁਤ ਅਥਾਹ ਹੈ (ਉਸਦੇ ਸਰੂਪ ਦਾ ਗਿਆਨ ਜੀਵਾਂ ਦੀ ਸਮਝ ਤੋਂ ਪਰੇ ਹੈ। ਵਾਹਿਗੁਰੂ ਦਾ) ਜਸ ਸੁਣਨ ਕਰਕੇ (ਭਗਤਾਂ ਦੇ) ਕ੍ਰੋੜਾਂ ਪਾਪ ਨਾਸ਼ ਹੋ ਗਏ ਹਨ।੨।

ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥ ਨਾਨਕ ਹਰਿ ਹਰਿ ਨਾਮ ਲਏ ॥੩॥੧੩॥੧੫੧॥ ਹੇ ਕਿਰਪਾ ਦੇ ਖਜਾਨੇ ਪ੍ਰਭੂ! (ਅਰਦਾਸ ਹੈ ਕਿ ਮੇਰੇ ਉਤੇ ਵੀ) ਕ੍ਰਿਪਾ ਕਰ। (ਤਾਂ ਜੋ) ਨਾਨਕ ਤੇਰਾ ਹਰਿ ਹਰਿ ਨਾਮ ਲੈਂਦਾ (ਸਿਮਰਦਾ) ਰਹੇ।੩।੧੩।੧੫੧।

ਪਦਾਰਥ = ਕਰੁਣਾ ਮਏ–ਦਇਆ ਦਾ ਸਰੂਪ।੧।ਰਹਾਉ।ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ।ਜਾ ਕੈ–ਜਿਸ ਦੇ।ਭਏ–ਹੋਏ ਹਨ।੧।ਅਗਾਧਿ ਬੋਧ–ਅਥਾਹ ਗਿਆਨ ਵਾਲਾ।ਜਸੋ–ਜਸ।ਕੋਟਿ–ਕ੍ਰੋੜਾਂ।ਅਘ–ਪਾਪ।ਖਏ–ਨਾਸ਼ ਹੋਏ ਹਨ।੨। ਨਿਧਿ–ਖਜਾਨਾ; ਭੰਡਾਰ।ਮਇਆ ਧਾਰਿ –ਮੇਹਰ ਕਰ।ਲਏ–ਲੈਂਦਾ (ਸਿਮਰਦਾ) ਰਹੇ।੩।੧੩।੧੫੧।

ਚਿੰਤਾਮਣਿ = (ਪੁਰਾਣਾਂ ਅਨੁਸਾਰ ਇਕ) ਰਤਨ ਜੋ ਮਨ ਚਿਤਵੇ ਪਦਾਰਥ ਦਿੰਦੀ ਹੈ। ਪਰ ਇਥੇ ਵਾਹਿਗੁਰੂ ਨੂੰ ਚਿੰਤਾਮਣੀ ਕਿਹਾ ਹੈ। ਚਿੰਤਾਮਣੀ ਮਨ ਦੀਆਂ ਮੁਰਾਦਾਂ ਪੂਰੀਆਂ ਕਰਦੀ ਹੈ, ਪਰ ਬਿਨਾ ਮੰਗਿਆਂ ਨਹੀਂ ਦਿੰਦੀ, ਵਾਹਿਗੁਰੂ ਸਾਰੀ ਦੁਨੀਆਂ ਨੂੰ ਬਿਨਾ ਮੰਗੇ ਬਹੁਤ ਕੁਛ ਦੇ ਰਿਹਾ ਹੈ। ਚਿੰਤਾਮਣੀ ਵਿਚ ਕਰੁਣਾ ਮਈ, ਦੀਨਾਂ ਉਤੇ ਦਇਆ ਕਰਨ ਵਾਲਾ ਗੁਣ ਨਹੀਂ। ਵਾਹਿਗੁਰੂ ਵਿਚ ਇਹ ਸਾਰੇ ਗੁਣ ਹਨ। ਭਾਵੇਂ ਹਰ ਜੀਵ ਦੀ ਸਮਝ ਅਪਣੀ ਹੱਦ ਦੇ ਅੰਦਰ ਹੈ, ਜਿਸ ਕਰਕੇ ਵਾਹਿਗੁਰੂ ਦਾ ਪੂਰਨ ਗਿਆਨ ਨਹੀਂ ਪਾ ਸਕਦਾ, ਪਰ ਉਸਦਾ ਜਸ ਸੁਣ ਕੇ ਕ੍ਰੋੜਾ ਪਾਪ ਨਾਸ਼ ਕਰ ਸਕਦਾ ਹੈ। ਅਖੀਰ ਵਿਚ ਗੁਰੂ ਜੀ ਨੇ ਨਾਮ ਦੀ ਦਾਤ ਲਈ ਅਰਦਾਸ ਕੀਤੀ ਹੈ।

ਗਉੜੀ ਪੂਰਬੀ ਮਹਲਾ ੫ ॥ ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ ਜਾ ਦਿਨਿ ਬਿਸਰੈ ਪ੍ਰਾਨ ਸੁਖ ਦਾਤਾ, ਸੋ ਦਿਨੁ ਜਾਤ ਅਜਾਏ ॥੧॥ਰਹਾਉ ॥ ਹੇ ਮੇਰੇ ਮਨ! ਪ੍ਰਭੂ ਦੀ ਸ਼ਰਣ ਵਿਚ (ਰਹਿ ਕੇ ਹੀ) ਸੁਖ ਪਾਏ ਜਾ ਸਕਦੇ ਹਨ। ਜਿਸ ਦਿਨ ਵਿਚ ਪ੍ਰਾਣਾਂ ਦਾ ਦਾਤਾ ਤੇ ਸੁਖ ਦੇਣ ਵਾਲਾ ਦਾਤਾ ਵਿਸਰ ਜਾਂਦਾ ਹੈ, ਉਹ ਦਿਨ ਵਿਅਰਥ ਚਲਾ ਜਾਂਦਾ ਹੈ।੧।ਰਹਾਉ।

ਏਕ ਰੈਣ ਕੇ ਪਾਹੁਨ ਤੁਮ ਆਏ, ਬਹੁ ਜੁਗ ਆਸ ਬਧਾਏ ॥ ਗ੍ਰਿਹ ਮੰਦਰ ਸੰਪੈ ਜੋ ਦੀਸੈ, ਜਿਉ ਤਰਵਰ ਕੀ ਛਾਏ ॥੧॥(ਹੇ ਭਾਈ!) ਤੁਸੀਂ ਇਕ ਰਾਤ ਦੇ ਵਾਸਤੇ ਪ੍ਰਾਹੁਣੇ ਵਾਂਗ (ਜਗਤ ਵਿਚ) ਆਏ ਹੋ, (ਪਰ) ਬਹੁਤੇ ਜੁਗ (ਜਿਉਣ) ਦੀ ਆਸਾ ਬੰਨ੍ਹੀ ਬੈਠੇ ਹੋ। ਘਰ, ਮਹਲ ਤੇ ਸੰਪਦਾ ਜੋ ਦਿਸ ਰਹੀ ਹੈ, (ਇਹ ਇਉਂ ਨਾਸ਼ਵੰਤ ਹਨ) ਜਿਵੇਂ ਦਰੱਖਤਾਂ ਦੀ ਛਾਂ (ਟਿਕੀ ਨਹੀਂ ਰਹਿੰਦੀ)।੧।

ਤਨੁ ਮੇਰਾ ਸੰਪੈ ਸਭ ਮੇਰੀ, ਬਾਗ ਮਿਲਖ ਸਭ ਜਾਏ ॥ ਦੇਵਨਹਾਰਾ ਬਿਸਰਿਓ ਠਾਕੁਰੁ ,ਖਿਨ ਮਹਿ ਹੋਤ ਪਰਾਏ ॥੨॥ (ਇਉਂ ਜਾਣਨਾ ਕਿ) ਤਨ ਮੇਰਾ ਹੈ, ਸਾਰਾ ਮਾਲ ਧਨ ਮੇਰਾ ਹੈ, ਬਾਗ, ਜਗੀਰ ਤੇ ਜਮੀਨ ਆਦਿ ਸਭ ਮੇਰੀ ਹੈ। (ਪਰ ਇਹ ਸਭ ਕੁਛ) ਦੇਣ ਵਾਲਾ ਮਾਲਕ ਵਾਹਿਗੁਰੂ ਨੂੰ (ਤੂੰ) ਵਿਸਰ ਗਿਆ ਹੈਂ, (ਮਰਨ ਤੋਂ ਬਾਦ ਇਹ ਸਭ ਕੁਛ) ਖਿਨ ਵਿਚ ਬਿਗਾਨਾ ਹੋ ਜਾਂਦਾ ਹੈ।੨।

ਅੰਗ ੨੧੩ = ਪਹਿਰੈ ਬਾਗਾ ਕਰਿ ਇਸਨਾਨਾ, ਚੋਆ ਚੰਦਨ ਲਾਏ ॥ ਨਿਰਭਉ ਨਿਰੰਕਾਰੁ ਨਹੀ ਚੀਨਿਆ, ਜਿਉ ਹਸਤੀ ਨਾਵਾਏ ॥੩॥ (ਬਾਗ ਮਿਲਖ ਦੇ ਅਭਿਮਾਨ ਵਿਚ ਤੂੰ) ਇਸ਼ਨਾਨ ਕਰਕੇ ਚਿੱਟੇ ਕਪੜੇ ਪਹਿਨਦਾ ਹੈ ਤੇ ਚੰਦਨ ਦਾ ਅਤਰ ਆਦਿ ਲਗਾਉਂਦਾ ਹੈਂ। (ਇਸ ਤਰ੍ਹਾਂ ਦੇ ਐਸ਼ ਪ੍ਰਸਤੀ ਦੇ ਜੀਵਨ ਵਿਚ ਤੈਂ) ਨਿਰਭਉ ਨਿਰੰਕਾਰ ਨੂੰ ਨਹੀਂ ਪਛਾਣਿਆ, (ਹਉਮੈ ਅਧੀਨ ਕੀਤੇ ਇਹ ਕਰਮ ਬਿਅਰਥ ਹਨ) ਜਿਵੇਂ ਕੋਈ ਹਾਥੀ ਨੂੰ ਨੁਹਾਉਂਦਾ ਹੈ (ਤੇ ਬਾਦ ਵਿਚ ਹਾਥੀ ਅਪਣੇ ਉਤੇ ਮਿੱਟੀ ਪਾ ਲੈਂਦਾ ਹੈ)।੩ ।

ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ, ਸਭਿ ਸੁਖ ਹਰਿ ਕੇ ਨਾਏ ॥ ਮੁਕਤੁ ਭਇਆ ਬੰਧਨ ਗੁਰਿ ਖੋਲੇ, ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥ ਜਦ ਵਾਹਿਗੁਰੂ ਦਿਆਲ ਹੁੰਦਾ ਹੈ ਤਾਂ ਸਤਿਗੁਰੂ ਮਿਲਾ ਦੇਂਦਾ ਹੈ, (ਸਤਿਗੁਰੂ ਨਾਮ ਦਿੰਦਾ ਹੈ, ਜਿਸ) ਹਰੀ ਦੇ ਨਾਮ ਵਿਚ ਸਾਰੇ ਸੁਖ ਹਨ। ਹੇ ਨਾਨਕ! (ਜਿਸ) ਸੇਵਕ ਨੇ ਹਰੀ ਦੇ ਗੁਣ ਗਾਏ ਹਨ, (ਉਸ ਦੇ ਹਉਮੈ ਮਮਤਾ ਦੇ) ਬੰਧਨ ਗੁਰੂ ਨੇ ਖੋਲ੍ਹ ਦਿਤੇ ਹਨ (ਜਿਸ ਕਰਕੇ ਉਹ ਜਨਮ ਮਰਣ ਵਿਚ ਪੈਣ ਤੋਂ) ਮੁਕਤ ਹੋ ਗਿਆ।੪।੧੪।੧੫੨।

ਪਦਾਰਥ = ਜਾ ਦਿਨਿ–ਜਿਸ ਦਿਨ ਵਿਚ। ਬਿਸਰੈ–ਭੁੱਲ ਜਾਂਦਾ ਹੈ। ਸੋ–ਉਹ। ਜਾਤ–ਚਲੇ ਜਾਂਦੇ ਹਨ। ਅਜਾਏ–ਵਿਅਰਥ।੧।ਰਹਾਉ। ਰੈਣ–ਰਾਤ। ਪਾਹੁਨ–ਪ੍ਰਾਹੁਣੇ। ਬਧਾਏ–ਬੰਨ੍ਹਦੇ ਹੋ। ਗ੍ਰਿਹ–ਘਰ। ਮੰਦਰ–ਮਹਿਲ। ਸੰਪੈ–ਮਾਲ ਧਨ। ਤਰਵਰ–ਦਰੱਖਤ। ਛਾਏ–ਛਾਂ।੧। ਮਿਲਖ–ਜਗੀਰਾਂ। ਜਾਏ–ਥਾਂਵਾਂ; ਜਗ੍ਹਾ; ਜਾਇਦਾਤ (ਦਾ ਸੰਖੇਪ)। ਹੋਤ–ਹੋ ਜਾਂਦੇ ਹਨ। ਪਰਾਏ–ਬਿਗਾਨੇ।੨। ਪਹਿਰੈ–ਪਹਿਨਦਾ ਹੈ

All Rights Reserved by Harjinder Singh Gyani | www.GuruGranthVakhyaan.org
www.gurugranthvakhyan.org

।ਬਾਗਾ–ਚਿੱਟੇ ਕੱਪੜੇ।ਕਰਿ–ਕਰ ਕੇ।ਚੋਆ–ਅਤਰ।ਚੀਨਿਆ–ਪਛਾਣਿਆ।ਹਸਤੀ–ਹਾਥੀ।ਨਾਵਾਏ–ਨੁਹਾਉਂਦਾ ਹੈ।੩।ਜਉ–ਜਦ।ਤ–ਤਾਂ।ਨਾਏ–ਨਾਮ ਵਿਚ।ਬੰਧਨ–ਹਉਮੈ ਤੇ ਮੋਹ ਦੇ ਜਾਲ।ਗੁਰਿ–ਗੁਰੂ ਨੇ।੪।੧੪।੧੫੨।

ਗਉੜੀ ਪੂਰਬੀ ਮਹਲਾ ੫ ॥ ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥ ਰਤਨ ਜਨਮੁ ਸਫਲੁ ਗੁਰਿ ਕੀਆ, ਦਰਸਨ ਕਉ ਬਲਿਹਰੀਐ ॥੧॥ਰਹਾਉ॥ ਹੇ ਮੇਰੇ ਮਨ! ਸਦਾ ਧੰਨ ਗੁਰੂ ਧੰਨ ਗੁਰੂ ਧੰਨ ਗੁਰੂ ਉਚਾਰਨ ਕਰਨਾ ਚਾਹੀਦਾ ਹੈ।ਰਤਨ ਵਰਗਾ ਅਮੋਲਕ ਜਨਮ ਗੁਰੂ ਨੇ ਸਫਲ ਕਰ ਦਿਤਾ ਹੈ, (ਇਸ ਲਈ ਗੁਰੂ ਦੇ) ਦਰਸ਼ਨ ਤੋਂ ਕੁਰਬਾਨ ਜਾਈਏ।੧।ਰਹਾਉ।

ਜੇਤੇ ਸਾਸ ਗ੍ਰਾਸ ਮਨੁ ਲੇਤਾ, ਤੇਤੇ ਹੀ ਗੁਨ ਗਾਈਐ ॥ ਜਉ ਹੋਇ ਦੈਆਲੁ ਸਤਿਗੁਰੁ ਅਪੁਨਾ, ਤਾ ਇਹ ਮਤਿ ਬੁਧਿ ਪਾਈਐ ॥੧॥ ਹੇ ਮਨ! ਜਿੰਨੇ ਸਾਹ (ਤੂੰ) ਲੈਂਦਾ ਹੈਂ ਜਾਂ ਬੁਰਕੀਆਂ ਮੂੰਹ ਵਿਚ ਪਾਉਂਦਾ ਹੈਂ, ਉਤਨੀ ਵਾਰ ਹਰੀ ਦੇ ਗੁਣ ਗਾਉਣੇ ਚਾਹੀਦੇ ਹਨ।ਜਦ ਅਪਨਾ ਸਤਿਗੁਰੂ ਦਿਆਲ ਹੁੰਦਾ ਹੈ, ਤਾਂ ਇਹ (ਗੁਣ ਗਾਉਣ ਵਾਲੀ) ਸਮਝ ਤੇ ਬੁੱਧੀ ਪ੍ਰਾਪਤ ਹੁੰਦੀ ਹੈ।੧।

ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ, ਸਰਬ ਸੁਖਾ ਸੁਖ ਪਾਈਐ ॥ ਸੇਵਿ ਸੁਆਮੀ ਸਤਿਗੁਰੁ ਦਾਤਾ, ਮਨ ਬੰਛਤ ਫਲ ਆਈਐ ॥੨॥ ਹੇ ਮੇਰੇ ਮਨ! ਨਾਮ ਲੈਣ ਨਾਲ (ਤੂੰ) ਜਮਾਂ ਦੇ ਬੰਧਨਾਂ ਤੋਂ ਛੁਟ ਜਾਵੇਂਗਾ ਅਤੇ ਸਾਰੇ ਸੁੱਖਾਂ ਦਾ ਸੁੱਖ ਪਾ ਲਈਦਾ ਹੈ।(ਇਸ ਲਈ ਹੇ ਮਨ! ਨਾਮ ਦੇ) ਦਾਤੇ ਮਾਲਕ ਸਤਿਗੁਰੂ ਦੀ ਸੇਵਾ ਕਰ, (ਫਿਰ ਹੱਥ ਵਿਚ) ਮਨ ਮੰਗੇ ਫਲ ਆ ਜਾਂਦੇ ਹਨ।੨।

ਨਾਮੁ ਇਸਟੁ ਮੀਤ ਸੁਤ ਕਰਤਾ, ਮਨ ਸੰਗਿ ਤੁਹਾਰੈ ਚਾਲੈ ॥ ਕਰਿ ਸੇਵਾ ਸਤਿਗੁਰ ਅਪਨੇ ਕੀ, ਗੁਰ ਤੇ ਪਾਈਐ ਪਾਲੈ ॥੩॥ ਕਰਤਾ ਪੁਰਖ ਦੇ ਨਾਮ ਨੂੰ ਹੀ ਇਸ਼ਟ, ਮਿਤ੍ਰ ਤੇ ਪੁਤ੍ਰ (ਸਮਝ), ਹੇ ਮਨ! (ਨਾਮ ਹੀ ਪ੍ਰਲੋਕ ਵਿਚ) ਤੇਰੇ ਨਾਲ ਚਲੇਗਾ।ਅਪਣੇ ਸਤਿਗੁਰੂ ਦੀ ਸੇਵਾ ਕਰ, (ਕਿਉਂਕਿ ਨਾਮ) ਗੁਰੂ ਤੋਂ ਹੀ ਹਿਰਦੇ ਰੂਪ ਪੱਲੇ ਵਿਚ ਪੈਂਦਾ (ਪ੍ਰਾਪਤ ਹੁੰਦਾ) ਹੈ ।੩।

ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ, ਬਿਨਸੇ ਸਰਬ ਅੰਦੇਸਾ ॥ ਨਾਨਕ ਸੁਖੁ ਪਾਇਆ ਹਰਿ ਕੀਰਤਨਿ, ਮਿਟਿਓ ਸਗਲ ਕਲੇਸਾ ॥੪॥੧੫॥੧੫੩॥ (ਜਦ ਮੇਰੇ ਤੇ) ਕ੍ਰਿਪਾਲ ਗੁਰੂ ਨੇ ਤੇ ਪ੍ਰਭੂ ਨੇ ਕ੍ਰਿਪਾ ਕੀਤੀ ਤਾਂ ਸਾਰੇ ਸੋਚ ਫਿਕਰ ਨਾਸ਼ ਹੋ ਗਏ।ਹੇ ਨਾਨਕ! ਹਰੀ ਦਾ ਕੀਰਤਨ ਗਾ ਕਰਕੇ (ਅਸੀਂ) ਸੁਖ ਪਾਇਆ ਹੈ, (ਜਿਸ ਨਾਲ) ਸਾਰੇ ਕਲੇਸ਼ ਮਿਟ ਗਏ ਹਨ।੪।੧੫।੧੫੩।

ਪਦਾਰਥ = ਸਦ–ਸਦਾ।ਰਤਨ–ਰਤਨਾਂ ਵਰਗਾ ਅਮੋਲਕ।ਕਉ–ਨੂੰ।ਬਲਿਹਰੀਐ–ਕੁਰਬਾਨ ਜਾਈਏ।੧।ਰਹਾਉ।ਜੇਤੇ–ਜਿਤਨੇ। ਸਾਸ–ਸਾਹ।ਗ੍ਰਾਸ–ਗ੍ਰਾਹੀਆਂ (ਬੁਰਕੀਆਂ)।ਮਨੁ–ਹੇ ਮਨ!।ਲੇਤਾ–ਲੈਂਦਾ ਹੈ।ਤੇਤੇ ਹੀ–ਉਤਨੇ ਹੀ।ਜਉ–ਜਦੋਂ।ਤਾ–ਤਾਂ; ਤਦ। ਮਤਿ–ਸਮਝ; ਸਿਖਿਆ।੧।ਨਾਮਿ ਲਏ–ਨਾਮ ਲੈਣ (ਸਿਮਰਨ) ਨਾਲ।ਬੰਧ ਤੇ–ਬੰਧਨਾਂ ਤੋਂ।ਸਰਬ ਸੁਖਾ ਸੁਖ–ਸਾਰੇ ਸੁੱਖਾਂ ਤੋਂ ਉਚਾ ਸੁਖ।ਮਨ ਬੰਛਤ–ਮਨ ਚਾਹੇ (ਮਨ ਮੰਗੇ)।ਆਈਐ–(ਹੱਥ) ਆ ਜਾਂਦੇ ਹਨ।੨।ਇਸਟੁ–ਪੂਜਣ ਯੋਗ ਦੇਵਤਾ; ਪਿਆਰਾ।ਮੀਤੁ–ਮਿਤ੍ਰ।ਸੁਤ–ਪੁਤ੍ਰ।ਕਰਤਾ–ਪੈਦਾ ਕਰਨ ਵਾਲਾ ਪਿਤਾ ਰੂਪ।ਤੁਹਾਰੈ–ਤੇਰੇ।ਗੁਰ ਤੇ–ਗੁਰੂ ਤੋਂ।ਪਾਲੈ–ਪੱਲੇ ਵਿਚ।੩।ਕ੍ਰਿਪਾ ਧਾਰੀ–ਕ੍ਰਿਪਾ ਕੀਤੀ।ਬਿਨਸੇ–ਨਾਸ਼ ਹੋ ਗਏ।ਅੰਦੇਸਾ–ਸੰਸੇ; ਫਿਕਰ।ਕੀਰਤਨਿ–ਕੀਰਤਨ ਗਾ ਕੇ; ਕੀਰਤਨ ਰਾਹੀਂ।੪।੧੫।੧੫੩।

ਗੁਰੁ ਗੁਰੁ ਗੁਰੁ = ਗੁਰੂਆਂ ਦਾ ਗੁਰੂ ਅਕਾਲ ਪੁਰਖ ਗੁਰੂ।ਗੁਰੂਆਂ ਦਾ ਗੁਰੂ , ਗੁਰੂ ਨਾਨਕ ਦੇਵ ਜੀ (ਟਕਸਾਲ)।

ਰਾਗੁ ਗਉੜੀ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ਰਹਾਉ॥ (ਹੇ ਭਾਈ!) ਕਿਸੇ ਵਿਰਲੇ ਮਨੁੱਖ ਦੀ ਹੀ ਤ੍ਰਿਸ਼ਨਾ ਦੀ ਅੱਗ ਬੁਝੀ ਹੈ।੧।ਰਹਾਉ।

ਕੋਟਿ ਜੋਰੇ ਲਾਖ ਕ੍ਰੋਰੇ, ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥੧॥ (ਭਾਵੇਂ ਮਨੁੱਖ) ਕ੍ਰੋੜਾਂ ਰੁਪੈ ਜੋੜਦਾ ਹੈ ਤੇ ਫਿਰ ਲੱਖਾਂ ਕ੍ਰੋੜਾਂ ਹੋਰ ਕਮਾਉਂਦਾ ਹੈ, ਫਿਰ ਵੀ ਮਨ ਨੂੰ (ਮਾਇਆ ਜੋੜਨ ਤੋਂ) ਨਹੀਂ ਰੋਕਦਾ; ਲੱਖਾਂ ਕ੍ਰੋੜਾਂ ਜੋੜਦਾ ਹੈ ਤੇ ਹੋਰ ਕ੍ਰੋੜਾਂ ਜੋੜਨ ਤੋਂ ਮਨ ਨੂੰ ਨਹੀਂ ਰੋਕਦਾ।(ਸੱਗੋਂ ਹੋਰ) ਪਰੇ ਤੋਂ ਪਰੇ (ਮਾਇਆ ਇਕੱਠੀ ਕਰਨ) ਲਈ ਝਗੜਦਾ ਰਹਿੰਦਾ ਹੈ।੧।

ਸੁੰਦਰ ਨਾਰੀ ਅਨਿਕ ਪਰਕਾਰੀ, ਪਰ ਗ੍ਰਿਹ ਬਿਕਾਰੀ ॥ ਬੁਰਾ ਭਲਾ ਨਹੀ ਸੁਝੀ ਹੇ ॥੨॥ ਅਨੇਕ ਪ੍ਰਕਾਰ ਦੀਆਂ ਸੁੰਦਰ ਇਸਤ੍ਰੀਆਂ ਦੇ (ਘਰ ਵਿਚ ਹੁੰਦਿਆਂ ਮਨੁੱਖ) ਪਰਾਈ ਇਸਤ੍ਰੀ ਨਾਲ ਬਿਕਾਰੀ ਹੁੰਦਾ ਹੈ।(ਇਸ ਕਾਮੀ ਨੂੰ) ਬੁਰਾ ਭਲਾ ਸੁਝਦਾ ਨਹੀਂ ਹੈ।੨।

ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ, ਗੁਣ ਨਿਧਿ ਨਹੀ ਗਾਇਆ ॥ ਮਨ ਬਿਖੈ ਹੀ ਮਹਿ ਲੁਝੀ ਹੇ ॥੩॥ ਮਾਇਆ ਦੇ ਅਨੇਕਾਂ ਬੰਧਨ ਹਨ, (ਜਿਨ੍ਹਾਂ ਵਿਚ ਬੱਝਿਆ ਜੀਵ) ਭਰਮਾਇਆ ਹੋਇਆ (ਮਾਇਆ ਲਈ) ਭਟਕਦਾ ਰਹਿੰਦਾ ਹੈ, (ਜਿਸ ਕਰਕੇ ਇਸ ਨੇ ਕਦੇ) ਗੁਣਾਂ ਦੇ ਖਜਾਨੇ ਹਰੀ ਨੂੰ ਨਹੀਂ ਗਾਇਆ।(ਅਜੇਹੇ ਲੋਕਾਂ ਦੇ) ਮਨ ਵਿਸ਼ਿਆਂ ਵਿਚ ਹੀ ਫਸੇ ਰਹਿੰਦੇ ਹਨ।੩।

www.gurugranthvakhyaan.org

ਜਾ ਕਉ ਰੇ ਕਿਰਪਾ ਕਰੈ, ਜੀਵਤ ਸੋਈ ਮਰੈ, ਸਾਧ ਸੰਗਿ ਮਾਇਆ ਤਰੈ ॥ ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥
ਹੇ ਭਾਈ! ਜਿਸ ਮਨੁੱਖ ਉਤੇ ਪ੍ਰਭੂ ਕਿਰਪਾ ਕਰਦਾ ਹੈ, ਉਹ ਹੀ ਜੀਵਤ ਭਾਵ ਤੋਂ ਮਰਦਾ ਹੈ ਅਤੇ ਸਾਧ ਸੰਗਤ ਦੁਆਰਾ ਮਾਇਆ (ਦੀ ਘੁੰਮਣ ਘੇਰੀ) ਤੋਂ ਤਰ ਜਾਂਦਾ ਹੈ। ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਹਰੀ ਦੇ ਦਰ ਤੇ ਮੁਕਤ ਹੁੰਦਾ ਹੈ।੪।੧।੧੫੪।
ਪਦਾਰਥ = ਤ੍ਰਿਸਨਾ-ਮਾਇਆ ਜੋੜਨ ਦੀ ਇੱਛਾ। ਬੁਝੀ-ਸ਼ਾਂਤ ਹੋਈ ਹੈ।੧।ਰਹਾਉ। ਕੋਟਿ-ਕ੍ਰੋੜਾਂ। ਜੋਰੈ-ਜੋੜਦਾ (ਇੱਕਠਾ ਕਰਦਾ) ਹੈ। ਨ ਹੋਰੈ-ਨਹੀਂ ਰੋਕਦਾ। ਪਰੈ ਪਰੈ ਕਉ-ਹੋਰ ਜਿਆਦਾ ਤੋਂ ਜਿਆਦਾ ਜੋੜਨ ਲਈ। ਲੁਝੀ ਹੇ-ਝਗੜਦਾ ਹੈ।੧। ਪਰ ਗ੍ਰਿਹ-ਪਰਾਏ ਘਰ; ਪਰਾਈ ਇਸਤ੍ਰੀ। ਬਿਕਾਰੀ-ਵਿਕਾਰ ਵਾਲਾ; ਬਦ ਫੈਲੀ ਕਰਦਾ ਹੈ। ਸੁਝੀ-ਸਮਝਦਾ; ਹੋਸ਼ ਕਰਨਾ।੨। ਭਰਮਤ-ਦੌੜਿਆ ਫਿਰਦਾ ਹੈ। ਭਰਮਾਇਆ-ਭਰਮਾਇਆ ਹੋਇਆ। ਗੁਣ ਨਿਧਿ-ਗੁਣਾਂ ਦਾ ਖਜਾਨਾ। ਬਿਖੈ ਮਹਿ-ਵਿਸ਼ਿਆਂ ਵਿਚ। ਲੁਝੀ ਹੇ-ਫਸੇ ਹੋਏ ਹਨ।੩। ਜਾ ਕਉ-ਜਿਸ ਉਤੇ। ਰੇ-ਹੇ ਭਾਈ!। ਜੀਵਤ ਮਰੈ-ਜੀਵਨ ਦਸ਼ਾ ਵਿਚ ਵਿਕਾਰਾਂ ਵਲੋਂ ਮਰ ਜਾਂਦਾ ਹੈ (ਵਿਕਾਰਾਂ ਦਾ ਤਿਆਗ ਕਰਕੇ ਜਿਉਂਦਾ ਹੈ)। ਸੋਈ-ਉਹ ਹੀ। ਦਰਿ-ਦਰ ਤੇ। ਸਿਝੀ-ਹੇ-ਮੁਕਤ; ਸਫਲ ਹੁੰਦਾ ਹੈ।੪।੧।੧੫੪।
ਗਉੜੀ ਮਹਲਾ ੫ ॥ ਸਭਹੂ ਕੋ ਰਸੁ ਹਰਿ ਹੋ ॥੧॥ਰਹਾਉ॥ (ਹੇ ਭਾਈ!) ਵਾਹਿਗੁਰੂ ਹੀ ਸਭਨਾਂ ਦਾ ਰਸ ਹੈ।੧।ਰਹਾਉ।
ਕਾਹੂ ਜੋਗ ਕਾਹੂ ਭੋਗ, ਕਾਹੂ ਗਿਆਨ ਕਾਹੂ ਧਿਆਨ ॥ ਕਾਹੂ ਹੋ ਡੰਡ ਧਰਿ ਹੋ ॥੧॥ ਕਿਸੇ ਨੂੰ ਜੋਗ ਦਾ, ਕਿਸੇ ਨੂੰ ਭੋਗ ਦਾ, ਕਿਸੇ ਨੂੰ ਗਿਆਨ ਦਾ ਅਤੇ ਕਿਸੇ ਨੂੰ ਧਿਆਨ (ਸਮਾਧੀ ਲਾਉਣ) ਦਾ ਰਸ ਹੈ। ਕਿਸੇ ਨੂੰ ਸੰਨਿਆਸੀ ਹੋਣ ਦਾ ਰਸ ਹੈ।੧।
ਕਾਹੂ ਜਾਪ ਕਾਹੂ ਤਾਪ, ਕਾਹੂ ਪੂਜਾ ਹੋਮ ਨੇਮ ॥ ਕਾਹੂ ਹੋ ਗਉਨੁ ਕਰਿ ਹੋ ॥੨॥ ਕਿਸੇ ਨੂੰ ਮੰਤ੍ਰਾਂ ਦੇ ਜਾਪ ਦਾ, ਕਿਸੇ ਨੂੰ ਤਪੱਸਿਆ ਕਰਨ ਦਾ, ਕਿਸੇ ਨੂੰ ਦੇਵਤਿਆਂ ਦੀ ਪੂਜਾ ਦਾ, ਕਿਸੇ ਨੂੰ ਹਵਨ ਕਰਨ ਦਾ ਤੇ ਕਿਸੇ ਨੂੰ (ਕਰਮ ਕਾਂਡ ਦੇ) ਨੇਮ ਨਿਬਾਹੁਣ ਦਾ ਰਸ ਹੈ। ਕਿਸੇ ਨੂੰ (ਤੀਰਥ ਯਾਤ੍ਰੀ ਹੋ ਕੇ) ਭ੍ਰਮਣ ਕਰਨ ਦਾ ਰਸ ਹੈ।੨।
ਕਾਹੂ ਤੀਰ ਕਾਹੂ ਨੀਰ, ਕਾਹੂ ਬੇਦ ਬੀਚਾਰ ॥ ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥ ਕਿਸੇ ਨੂੰ ਤੀਰਥਾਂ ਦੇ ਕਿਨਾਰੇ ਵਸਣ ਦਾ; ਕਿਸੇ ਨੂੰ ਸ਼ਿਵ ਭਗਤੀ (ਮ.ਕੋ.), ਕਿਸੇ ਨੂੰ ਤੀਰਥਾਂ ਦੇ ਜਲ ਵਿਚ ਇਸ਼ਨਾਨ ਕਰਨ ਦਾ ਤੇ ਕਿਸੇ ਨੂੰ ਬੇਦਾਂ ਦੀ ਬਿਚਾਰ ਦਾ ਰਸ ਹੈ। (ਪਰ) ਹੇ ਨਾਨਕ! ਹਰੀ ਭਗਤੀ ਦਾ ਪਿਆਰਾ ਹੈ; (ਪਰ) ਨਾਨਕ ਨੂੰ (ਹਰੀ ਦੀ) ਭਗਤੀ ਦਾ ਰਸ ਪਿਆਰਾ ਹੈ।੩।੨।੧੫੫।
ਪਦਾਰਾਥ = ਸਭਹੂ ਕੋ-ਸਾਰਿਆਂ ਦਾ; ਸਭ ਨੂੰ। ਰਸੁ-ਅਨੰਦ; ਪ੍ਰੇਮ। ਹੋ-ਹੈ; ਹੇ ਭਾਈ!।੧।ਰਹਾਉ। ਕਾਹੂ-ਕਿਸੇ ਨੂੰ; ਕਿਧਰੇ; ਕਿਸੇ ਥਾਂ ਤੇ। ਜੋਗ-ਜੋਗ ਅਭਿਆਸ ਦਾ। ਭੋਗ-(ਪਦਾਰਥਾਂ ਦੇ) ਭੋਗ ਦਾ; ਵਿਸ਼ੇ ਭੋਗ ਦਾ; ਗ੍ਰਿਸਤ ਦਾ। ਡੰਡ ਧਰਿ- ਡੰਡਾ ਰੱਖਣ ਵਾਲਾ ਜੋਗੀ; ਸੰਨਿਆਸੀ।੧। ਜਾਪ-ਮੰਤ੍ਰਾਂ ਦੇ ਜਾਪ। ਤਾਪ-ਤਪ। ਹੋਮ-ਹਵਨ। ਨੇਮ-ਨਿਤ ਦਾ ਕਰਮ। ਗਉਨੁ-(ਸਾਧੂ ਬਣ ਕੇ) ਫਿਰਨਾ।੨। ਤੀਰ-ਕੰਢਾ; ਸ਼ਿਵ ਦੀ ਉਸਤੁਤੀ (ਮ.ਕੋ.)। ਨੀਰ-ਜਲ। ਭਗਤਿ ਪ੍ਰਿਅ ਹੋ-ਭਗਤੀ ਦਾ ਪਿਆਰਾ ਹੈ; ਭਗਤੀ ਨੂੰ ਪਿਆਰ ਕਰਨ ਵਾਲਾ ਹੈ।੩।੨।੧੫੫।
ਦੂਜਾ ਅਰਥ = ਹਰੀ ਆਪ ਹੀ ਸਭ ਜੀਵਾਂ ਦਾ ਰਸ ਹੈ (ਸਭ ਨੂੰ ਅਨੰਦ ਦੇਣ ਵਾਲਾ ਹੈ)।੧।ਰਹਾਉ। (ਹਰੀ ਪ੍ਰਾਪਤੀ ਲਈ) ਕਿਸੇ ਨੂੰ ਜੋਗ, ਕਿਸੇ ਨੂੰ ਪਦਾਰਥਾਂ ਦੇ ਭੋਗ ਜਾਂ ਗ੍ਰਿਹਸਤ, ਕਿਸੇ ਨੂੰ ਸ਼ਾਸਤ੍ਰ ਗਿਆਨ ਤੇ ਕਿਸੇ ਨੂੰ ਧਿਆਨ ਚੰਗਾ ਲਗਦਾ ਹੈ। ਹੇ ਭਾਈ! ਕਿਸੇ ਨੂੰ ਸੰਨਿਆਸੀ ਹੋਣਾ ਚੰਗਾ ਲੱਗਦਾ ਹੈ।੧। ਕਿਸੇ ਨੂੰ ਜਪ, ਕਿਸੇ ਨੂੰ ਤਪ, ਕਿਸੇ ਨੂੰ ਪੂਜਾ, ਕਿਸੇ ਹਵਨ ਤੇ ਕਿਸੇ ਨੂੰ (ਕਰਮ ਕਾਂਡ ਦੇ) ਨੇਮ ਕਰਨੇ ਚੰਗੇ ਲੱਗਦੇ ਹਨ। ਕਿਸੇ ਨੂੰ (ਸਾਧੂ ਬਣ ਕੇ ਧਰਤੀ ਤੇ) ਗਵਨ ਕਰਨਾ ਚੰਗਾ ਲੱਗਦਾ ਹੈ।੨। ਕਿਸੇ ਨੂੰ (ਤੀਰਥਾਂ ਦੇ) ਕੰਢੇ ਵਸਣਾ, ਕਿਸੇ ਨੂੰ (ਤੀਰਥਾਂ ਦੇ) ਜਲ ਵਿਚ ਨਾਹੁਣਾ ਤੇ ਕਿਸੇ ਨੂੰ ਬੇਦਾਂ ਦੀ ਵਿਚਾਰ ਚੰਗੀ ਲੱਗਦੀ ਹੈ। (ਪਰ) ਹੇ ਨਾਨਕ! ਹਰੀ ਤਾਂ ਭਗਤੀ ਨੂੰ ਪਿਆਰ ਕਰਨ ਵਾਲਾ ਹੈ (ਹੋਰ ਕਰਮ ਕਾਂਡ ਤੇ ਨਹੀਂ ਰੀਝਦਾ)।੩।੨।੧੫੫। (ਸੰ.ਸ.; ਟਕਸਾਲ)।
ਤੀਜਾ ਅਰਥ = ਹੇ ਹਰੀ! ਸਾਰਿਆਂ ਦਾ ਰਸ ਤੁਸੀਂ ਹੀ ਹੋ।੧।ਰਹਾਉ। ਕਿਧਰੇ ਤੁਸੀਂ ਜੋਗ ਰੂਪ, ਕਿਧਰੇ ਭੋਗ ਰੂਪ, ਕਿਧਰੇ ਗਿਆਨ ਰੂਪ, ਕਿਧਰੇ ਧਿਆਨ ਰੂਪ ਤੇ ਕਿਧਰੇ ਸੰਨਿਆਸੀ ਰੂਪ ਹੋ।੧। ਕਿਧਰੇ ਜਪ ਰੂਪ, ਕਿਧਰੇ ਤਪ ਰੂਪ, ਕਿਧਰੇ ਪੂਜਾ ਰੂਪ, ਕਿਧਰੇ ਹਵਨ ਤੇ ਨੇਮ ਰੂਪ ਹੋ ਅਤੇ ਕਿਧਰੇ ਸਾਧੂ ਰੂਪ ਹੋ ਕੇ ਵਿਚਰ ਰਹੇ ਹੋ।੨। ਕਿਧਰੇ (ਤੀਰਥਾਂ ਦਾ) ਕੰਢਾ ਰੂਪ, ਕਿਧਰੇ ਪਾਣੀਆਂ ਦਾ (ਇਸ਼ਨਾਨ) ਰੂਪ ਤੇ ਕਿਧਰੇ ਵੇਦਾਂ ਦਾ ਵਿਚਾਰ ਰੂਪ ਹੋ। (ਪਰ) ਹੇ ਨਾਨਕ! ਤੁਸੀਂ ਭਗਤੀ ਨੂੰ ਪਿਆਰ ਕਰਨ ਵਾਲੇ ਹੋ।੩।੨।
ਵਿਆਖਿਆ = ਸਾਰਿਆਂ ਨੂੰ ਆਪੋ ਆਪਣੀ ਲਗਨ ਵਿਚ ਜੋ ਰਸ ਆਉਂਦਾ ਹੈ, ਉਹ ਰਸ ਰੂਪ ਵਾਹਿਗੁਰੂ ਆਪ ਹੈ। ਸਾਰੇ ਰਸਾਂ ਦਾ

www.GuruGranthVakhyaan.org

ਮੂਲ ਸੋਮਾ ਉਹ ਆਪ ਹੈ। ਜਿੰਨੀਆਂ ਵੀ ਲਗਨਾਂ ਇਸ ਸ਼ਬਦ ਵਿਚ ਗਿਣੀਆਂ ਹਨ, ਉਹ ਪ੍ਰਮਾਰਥਕ ਹਨ, ਉਹ ਸਾਰੀਆਂ ਰਸ ਮਈ ਹਨ। ਸਭ ਕੋਈ ਆਪੋ ਅਪਣੀ ਸਾਧਨਾਂ ਕਰ ਰਿਹਾ ਹੈ, ਉਹ ਮਾਇਕ ਸੰਸਾਰ ਤੋਂ ਉਚਾ ਉਠਣ ਦਾ ਜਤਨ ਸਮਝ ਕੇ ਕਰ ਰਿਹਾ ਹੈ। ਉਸਦੀ ਅੰਤਮ ਮੰਜਲ ਮਾਇਆ ਤੋਂ ਪਰੇ ਆਤਮ ਵਸਤੂ ਹੁੰਦੀ ਹੈ। ਇਸ ਲਈ ਜੋ ਰਸ ਸਾਧਕ ਨੂੰ ਆਪਣੀ ਸਾਧਨਾਂ ਵਿਚੋਂ ਮਿਲਦਾ ਹੈ, ਉਹ ਰਸ ਰੂਪ ਹਰੀ ਆਪ ਹੀ ਹੈ {ਦੇਵਤਿਆ ਦਰਸਨ ਕੈ ਤਾਈ, ਦੂਖ ਭੂਖ ਤੀਰਥ ਕੀਏ। ਜੋਗੀ ਜਤੀ ਜੁਗਤਿ ਮਹਿ ਰਹਤੇ, ਕਰਿ ਕਰਿ ਭਗਵੇ ਭੇਖ ਭਏ।੧।ਤਉ ਕਾਰਣਿ ਸਾਹਿਬਾ ਰੰਗਿ ਰਤੇ ੩੫੮}। ਜੋਗੀ ਭੋਗੀ ਜਪੀ ਤਪੀ ਆਦਿ ਸਾਰੇ ਤੇਰੀ ਪ੍ਰਾਪਤੀ ਲਈ ਹੀ ਆਪੋ ਅਪਣੇ ਰੰਗ ਵਿਚ ਰੰਗੇ ਹੋਏ ਹਨ। ਚਾਹੇ ਉਹ ਕਿਸੇ ਵੀ ਭੇਖ ਵਿਚ ਹਨ ਜਾਂ ਕਿਸੇ ਵੀ ਮਾਰਗ ਤੇ ਚਲਦੇ ਹਨ, ਅੰਤਮ ਮੰਜਲ ਵਾਹਿਗੁਰੂ ਦੀ ਪ੍ਰਾਪਤੀ ਹੀ ਹੈ। ਇਸ ਲਈ ਸਭ ਦਾ ਰਸ ਹਰੀ ਹੈ। ਭੋਗ ਦਾ ਅਰਥ ਸੰਸਾਰਕ ਰਸਾਂ ਦਾ ਅਨੰਦ ਹੈ, ਜੋ ਹਰੀ ਪਰਾਇਣ ਨਹੀਂ। ਭੋਗੀ ਭੋਗ ਵਿਚ ਰਸ ਲੈਣ ਵਾਸਤੇ ਖਚਿਤ ਹੁੰਦਾ ਹੈ। ਪਰ ਸਾਧਕ ਨੂੰ ਜਦ ਅਨੁਭਵ ਹੁੰਦਾ ਹੈ ਕਿ ਰਸ ਭੋਗ ਵਿਚ ਨਹੀਂ ਸੀ, ਰਸ ਤਾਂ ਅਪਣੀ ਆਤਮ ਸਰੂਪ ਦੀ ਅਨੁਭਵਤਾ ਵਿਚ ਹੈ। ਜੋ ਰਸ ਭੋਗ ਵਿਚ ਸਮਝਿਆ ਸੀ, ਉਹ ਅਸਲ ਵਿਚ ਆਤਮ ਰਸ ਹੀ ਭਰਮ ਦੇ ਕਾਰਣ ਦੂਜੇ ਤੋਂ ਆਉਂਦਾ ਭੋਗ ਰਸ ਸਮਝ ਲਿਆ ਸੀ। ਜਿਵੇਂ ਤਾਪ ਚੜ੍ਹੇ ਤੋਂ ਮਿਸਰੀ ਕੌੜੀ ਲਗਦੀ ਹੈ, ਮਿਸਰੀ ਤਾਂ ਕੌੜੀ ਨਹੀਂ, ਮਿੱਠੀ ਹੈ, ਪਰ ਆਤਮ ਰਸ ਲੈਣ ਵਾਲੀ ਬ੍ਰਿਤੀ ਰੋਗ ਗ੍ਰਸਤ ਹੋ ਗਈ ਸੀ। ਇਸੇ ਤਰ੍ਹਾਂ ਮਾਇਕ ਭੋਗਾਂ ਵਿਚ ਰੋਗ ਗ੍ਰਸਤ ਹੋਈ ਬ੍ਰਿਤੀ ਨੇ ਅਪਣੇ ਪਿਛੇ ਆਤਮ ਸਰੂਪਤਾ ਦੇ ਰਸ ਨੂੰ ਭੁਲਾ ਕੇ ਭੋਗ ਰਸ ਮੰਨ ਲਿਆ। ਭੋਗ ਵਿਚ ਜੋ ਰਸ ਹੈ, ਉਹ ਭੋਗ ਦਾ ਰਸ ਨਹੀਂ, ਰੱਬ ਨੂੰ ਭੁੱਲੀ ਹੋਈ ਬੁੱਧੀ ਨੇ ਆਤਮ ਰਸ ਦੇ ਅਨੁਭਵ ਨੂੰ ਉਲਟਾ ਦਿਤਾ, ਅਪਣੇ ਸਰੂਪ ਦੇ ਰਸ ਨੂੰ ਦੂਸਰੇ ਦਾ ਰਸ ਜਣਾ ਦਿਤਾ। ਭੋਗ ਦਾ ਅਰਥ ਇਥੇ ਭੋਗੀ ਜਾਂ ਵਿਕਾਰੀ ਵੀ ਸ਼ਾਇਦ ਨਾ ਹੋਵੇ, ਗ੍ਰਿਸਤ ਵੀ ਹੋ ਸਕਦਾ ਹੈ। ਸ਼ਬਦ ਵਿਚ ਸਾਰੇ ਤਿਆਗੀ ਗਿਣੇ ਹਨ, ਜੋ ਗ੍ਰਿਸਤੀ ਹੋ ਕੇ ਵਾਹਿਗੁਰੂ ਦਾ ਭਜਨ ਕਰਦਾ ਹੈ। ਸਭ ਕਿਸੇ ਸਾਧਨ ਦਾ ਰਸ ਹਰੀ ਹੈ, ਚਾਹੇ ਕਿਸੇ ਸਾਧਨ ਵਿਚ ਕੋਈ ਦੇਖਾ ਦੇਖੀ ਭੁਲੇਖੇ ਵਿਚ ਲੱਗਾ ਹੈ, ਚਾਹੇ ਸਮਝ ਕਰਕੇ ਲੱਗਾ ਹੈ, ਸਭ ਦਾ ਮੂਲ ਰਸ ਦਾਤਾ ਹਰੀ ਹੈ। ਸਾਰੇ ਬ੍ਰਹਮੰਡ ਦੇ ਮੂਲ ਵਿਚ ਰਸਾਂ ਦਾ ਦਾਤਾ ਇਕ ਹਰੀ ਹੈ। ਅਖੀਰ ਵਿਚ ਦਸਿਆ ਹੈ ਕਿ ਹਰੀ ਭਗਤੀ ਦਾ ਰਸ ਲੈਂਦਾ ਹੈ। **(ਸੰ.ਪੋ. ਦਾ ਸਾਰੰਸ਼)**

ਗਉੜੀ ਮਹਲਾ ੫ ॥ ਗੁਨ ਕੀਰਤਿ ਨਿਧਿ ਮੋਰੀ ॥੧॥ਰਹਾਉ॥ (ਹੇ ਵਾਹਿਗੁਰੂ ! ਤੇਰੇ) ਗੁਣਾਂ ਦੀ ਵਡਿਆਈ ਕਰਨੀ ਮੇਰੇ ਲਈ (ਸਾਰੀ ਦੁਨੀਆਂ ਦਾ) ਖਜਾਨਾ ਹੈ।੧।ਰਹਾਉ।(ਇਸ ਵਡਿਆਈ ਦਾ ਵਿਸਥਾਰ ਅਗਲੀਆਂ ਤੁਕਾਂ ਵਿਚ ਹੈ)

ਤੂੰਹੀ ਰਸ ਤੂੰਹੀ ਜਸ, ਤੂੰਹੀ ਰੂਪ ਤੁਹੀ ਰੰਗ ॥ ਆਸ ਓਟ ਪ੍ਰਭ ਤੋਰੀ ॥੧॥ (ਹੇ ਪ੍ਰਭੂ !) ਤੂੰ ਹੀ ਰਸ ਰੂਪ ਹੈ, ਤੂੰ ਹੀ (ਮੇਰੇ ਲਈ ਦੁਨੀਆਂ ਦੀ) ਵਡਿਆਈ ਰੂਪ ਹੈਂ, ਅਨੇਕਾਂ ਰੂਪਾਂ ਵਿਚ ਤੂੰ ਹੀ ਹੈਂ ਅਤੇ (ਗੋਰਾ ਕਾਲਾ) ਰੰਗ ਰੂਪ ਵੀ ਤੂੰ ਹੀ ਹੈਂ। ਹੇ ਪ੍ਰਭੂ ! (ਮੈਨੂੰ) ਤੇਰੀ ਹੀ ਆਸ ਹੈ ਤੇ ਤੇਰੀ ਹੀ ਓਟ ਹੈ।੧।

ਤੁਹੀ ਮਾਨ ਤੂੰਹੀ ਧਾਨ, ਤੁਹੀ ਪਤਿ ਤੁਹੀ ਪ੍ਰਾਨ ॥ ਗੁਰਿ ਤੂਟੀ ਲੈ ਜੋਰੀ ॥੨॥ ਤੂੰ ਹੀ (ਮੇਰਾ) ਮਾਣ ਹੈਂ (ਮੈਂ ਤੇਰੇ ਤੇ ਮਾਣ ਕਰਦਾ ਹਾਂ; ਮੇਰਾ ਆਦਰ ਤੂੰ ਹੀ ਹੈਂ; ਤੇਰਾ ਸੇਵਕ ਬਣਨਾ ਮੇਰੇ ਲਈ ਮਾਣ ਵਾਲੀ ਗੱਲ ਹੈ), ਤੂੰ ਹੀ ਮੇਰਾ ਧਨ ਹੈਂ, ਤੂੰ ਹੀ ਮੇਰੀ ਇੱਜਤ ਅਤੇ ਤੂੰ ਹੀ ਮੇਰੇ ਪ੍ਰਾਣ ਰੂਪ ਹੈਂ। ਗੁਰੂ ਨੇ ਟੁੱਟੀ ਹੋਈ (ਮੇਰੀ ਬਿਰਤੀ) ਲੈ ਕੇ ਤੇਰੇ ਨਾਲ ਜੋੜ ਦਿਤੀ ਹੈ।੨।

ਅੰਗ ੨੧੪ = ਤੁਹੀ ਗ੍ਰਿਹਿ ਤੁਹੀ ਬਨਿ, ਤੁਹੀ ਗਾਉ ਤੁਹੀ ਸੁਨਿ ॥ ਹੈ ਨਾਨਕ ਨੇਰ ਨੇਰੀ ॥੩॥੩॥੧੫੬॥ (ਹੇ ਪ੍ਰਭੂ !) ਤੂੰ ਹੀ ਘਰ ਵਿਚ ਹੈਂ, ਤੂੰ ਹੀ ਜੰਗਲ ਵਿਚ ਹੈਂ, ਤੂੰ ਹੀ ਪਿਡ (ਵਸੋਂ) ਵਿਚ ਹੈਂ ਅਤੇ ਤੂੰ ਹੀ ਉਜਾੜ ਵਿਚ (ਸਭ ਜਗ੍ਹਾ ਵਿਆਪਕ) ਹੈਂ। ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ ! ਤੂੰ) ਨੇੜੇ ਤੋਂ ਨੇੜੇ ਵਸਦਾ ਹੈ।੩।੩।੧੫੬।

ਪਦਾਰਥ = ਗੁਨ ਕੀਰਤਿ-ਗੁਣਾਂ ਦੀ ਵਡਿਆਈ; ਗੁਣਾਂ ਦਾ ਕੀਰਤਨ। ਨਿਧਿ-ਖਜਾਨਾ। ਮੋਰੀ-ਮੇਰੇ ਲਈ।੧।ਰਹਾਉ। ਰਸ-ਪਦਾਰਥਾਂ ਦੇ (ਖੱਟਾ ਮਿੱਠਾ ਆਦਿ) ਰਸ; ਸੁਆਦ; ਹਰ ਪਦਾਰਥ ਦੇ ਅੰਦਰ ਰਸ ਰੂਪ। ਜਸ-(ਦੁਨੀਆਂ ਵੱਲੋਂ ਮਿਲਿਆ) ਮਾਣ ਜਸ; । ਰੂਪ-(ਸਰੀਰ ਦਾ ਸੁੰਦਰ) ਰੂਪ; (ਜਗਤ ਦਾ) ਅਕਾਰ। ਰੰਗ-(ਗੋਰਾ ਕਾਲਾ ਆਦਿ) ਰੰਗ; ਕੌਤਕ; ਤਮਾਸ਼ੇ। ਤੋਰੀ-ਤੇਰੀ।੧। ਮਾਨ-ਆਦਰ; ਮੰਨਣ ਯੋਗ (ਸੰ.ਸ.)। ਧਾਨ-ਧਨ; ਅੰਨ; ਧਿਆਨ ਕਰਨ ਯੋਗ। ਪਤਿ-ਇੱਜਤ; ਖਸਮ (ਮਾਲਕ)। ਪ੍ਰਾਨ-ਸੁਆਸ। ਗੁਰਿ-ਗੁਰੂ ਨੇ। ਤੂਟੀ-ਟੁੱਟੀ ਹੋਈ। ਜੋਰੀ-ਜੋੜ ਦਿਤੀ।੨। ਗ੍ਰਿਹਿ-ਘਰ ਵਿਚ। ਬਨਿ-ਜੰਗਲ ਵਿਚ। ਗਾਉ-ਪਿੰਡ (ਵਸੋਂ) ਵਿਚ। ਸੁਨਿ-ਉਜਾੜ ਵਿਚ। ਨੇਰ ਨੇਰੀ-ਨੇੜੇ ਤੋਂ ਨੇੜੇ।੩।੩।੧੫੬।

All Rights Reserved by Harjinder Singh Gyani | www.GuruGranthVakhyaan.org

ਵਿਆਖਿਆ = ਰੱਬ ਨਾਲੋਂ ਟੁੱਟੀ ਹੋਈ ਸੁਰਤ ਗੁਰੂ ਨੇ ਜਦ ਜੋੜ ਦਿਤੀ, ਤਾਂ ਉਸ ਸੁਰਤ ਦੀ ਅਵਸਥਾ ਦੱਸੀ ਹੈ। ਪਹਿਲਾ ਅਸਰ ਇਹ ਹੋਇਆ ਕਿ ਆਸ ਤੇ ਆਸਰਾ ਪ੍ਰਭੂ ਤੇ ਬੱਝ ਗਿਆ। ਦੁਨੀਆਂ ਦੇ ਲੋਕਾਂ ਤੋਂ ਆਸ ਤੇ ਓਟ ਉਠ ਗਈ, ਧਨ ਜਮ੍ਹਾਂ ਕਰਨ ਦੀ ਇੱਛਾ ਨਹੀਂ ਰਹੀ। ਰੱਬ ਦਾ ਕੀਰਤਨ ਹੀ ਮੇਰਾ ਧਨ ਬਣ ਗਿਆ। ਮਨ ਦੇ ਚਸਕੇ ਨਾਮ ਸਿਮਰਨ ਦੇ ਰਸ ਵਿਚ ਬਦਲ ਗਏ। ਸਰੀਰ ਦੇ ਰੰਗ ਰੂਪ ਦਾ ਮਾਣ ਨਹੀਂ ਰਿਹਾ। ਰੱਬ ਨਾਮ ਜੁੜੇ ਰਹਿਣ ਵਿਚ ਹੀ ਮੇਰੀ ਪੱਤ ਆਬਰੂ ਹੈ। ਘਰ, ਬਾਹਰ ਜੰਗਲ, ਪਿੰਡ ਤੇ ਉਜਾੜ ਸਭ ਥਾਂ ਵਾਹਿਗੁਰੂ ਨੇੜੇ ਤੋਂ ਨੇੜੇ ਅੰਗ ਸੰਗ ਅਨੁਭਵ ਹੋਣ ਲੱਗ ਪਿਆ। ਅੱਗੇ ਵੀ ਅੰਗ ਸੰਗ ਹੀ ਸੀ, ਪਰ ਪ੍ਰਤੀਤ ਨਹੀਂ ਸੀ ਹੋ ਰਿਹਾ। ਵਾਹਿਗੁਰੂ ਦੇ ਗੁਣ ਗਾਉਣ ਨਾਲ ਨੇੜਤਾ ਦੀ ਪ੍ਰਤੀਤ ਦ੍ਰਿੜ ਹੋ ਗਈ। ਜਿਵੇਂ ਹਵਾ ਸਾਡੇ ਆਲੇ ਦੁਆਲੇ ਸਭ ਥਾਂ ਹੈ, ਪਰ ਪ੍ਰਤੀਤ ਨਹੀਂ ਹੁੰਦੀ, ਪੱਖਾ ਚਲਾਉਣ ਨਾਲ ਹਵਾ ਪ੍ਰਤੀਤ ਹੋ ਆਉਂਦੀ ਹੈ। (ਸੰ.ਪੋ. ਦਾ ਸਾਰੰਸ਼)

ਗਉੜੀ ਮਹਲਾ ੫ ॥ ਮਾਤੋ ਹਰਿ ਰੰਗਿ ਮਾਤੋ ॥੧॥ਰਹਾਉ॥ (ਹੇ ਭਾਈ! ਮੈਂ) ਮਸਤ ਹਾਂ, ਹਰੀ ਦੇ ਪ੍ਰੇਮ ਵਿਚ ਮਸਤ ਹਾਂ; ਮੈ ਹਰੀ ਦੇ ਪ੍ਰੇਮ (ਦੇ ਨਸ਼ੇ) ਵਿਚ ਮਸਤ ਹੋਇਆ ਹਾਂ, (ਹੇ ਸੰਤ ਜਨੋਂ! ਤੁਸੀ ਵੀ ਹਰੀ ਪ੍ਰੇਮ ਵਿਚ) ਮਸਤ ਹੋ ਜਾਵੋ।੧।ਰਹਾਉ।

ਉਹੀ ਪੀਓ ਉਹੀ ਖੀਓ, ਗੁਰਹਿ ਦੀਓ ਦਾਨੁ ਕੀਓ ॥ ਉਆਹੂ ਸਿਉ ਮਨੁ ਰਾਤੋ ॥੧॥ ਉਹ ਹੀ (ਮੈਂ ਹਰੀ ਦਾ ਪ੍ਰੇਮ ਰੂਪ ਨਸ਼ਾ) ਪੀਤਾ ਹੈ ਤੇ ਉਸੇ ਨਾਲ ਮੈਂ ਮਸਤ ਹੋ ਰਿਹਾ ਹਾਂ, (ਹਰੀ ਦੇ ਪ੍ਰੇਮ ਦਾ ਨਸ਼ਾ ਮੈਨੂੰ) ਗੁਰੂ ਨੇ ਦਿਤਾ ਹੈ, (ਮੁੱਲ ਨਹੀਂ ਦਿਤਾ, ਗੁਰੂ ਨੇ) ਦਾਨ ਕੀਤਾ ਹੈ। ਉਸੇ (ਹਰੀ ਦੇ ਪ੍ਰੇਮ ਰੰਗ) ਨਾਲ ਮੇਰਾ ਮਨ ਮਗਨ ਹੋ ਰਿਹਾ ਹਾਂ।੧।

ਉਹੀ ਭਾਠੀ ਉਹੀ ਪੋਚਾ, ਉਹੀ ਪਿਆਰੋ ਉਹੀ ਰੂਚਾ ॥ ਮਨਿ ਓਹੋ ਸੁਖੁ ਜਾਤੋ ॥੨॥ ਉਹ (ਹਰੀ ਮੇਰੇ ਲਈ ਪ੍ਰੇਮ ਦੀ ਸ਼ਰਾਬ ਕੱਢਣ ਵਾਲੀ) ਭੱਠੀ ਹੈ ਤੇ ਉਹ (ਹਰੀ ਹੀ) ਪੋਚਾ ਹੈ, ਉਹ (ਹਰੀ) ਹੀ ਪਿਆਲਾ ਹੈ ਤੇ ਉਹ ਹੀ (ਪ੍ਰੇਮ ਦੀ ਸ਼ਰਾਬ ਪੀਣ ਦੀ) ਰੁਚੀ ਹੈ। (ਇਹ ਨਸ਼ਾ ਪੀ ਕੇ) ਮਨ ਵਿਚ ਉਸੇ (ਹਰੀ) ਨੂੰ ਸੁਖ ਸਰੂਪ ਜਾਣਿਆ ਹੈ।੨।

ਸਹਜ ਕੇਲ ਅਨਦ ਖੇਲ, ਰਹੇ ਫੇਰ ਭਏ ਮੇਲ ॥ ਨਾਨਕ ਗੁਰ ਸਬਦਿ ਪਰਾਤੋ ॥੩॥੪॥੧੫੭॥ ਹੇ ਨਾਨਕ! (ਜਦ ਮੇਰਾ ਮਨ) ਗੁਰੂ ਦੇ ਸ਼ਬਦ ਵਿਚ ਪ੍ਰੋਇਆ ਗਿਆ, (ਤਾਂ ਵਾਹਿਗੁਰੂ ਨਾਲ) ਮੇਲ ਹੋ ਗਿਆ, (ਹੁਣ ਮੈਂ) ਸਹਿਜ ਅਵਸਥਾ ਦੀਆਂ ਮੌਜਾਂ ਅਤੇ ਅਨੰਦ ਦੀਆਂ ਖੇਡਾਂ ਖੇਡ ਰਿਹਾ ਹਾਂ, (ਇਸ ਕਰਕੇ ਹੁਣ ਮੇਰੇ) ਜਨਮ ਮਰਣ ਦੇ ਗੇੜੇ ਮੁਕ ਗਏ ਹਨ।੩।੪।੧੫੭।

ਪਦਾਰਥ = ਮਾਤੋ–ਮਸਤ ਹਾਂ। ਰੰਗਿ–ਪ੍ਰੇਮ ਵਿਚ।੧।ਰਹਾਉ। ਪੀਓ–ਪੀਤਾ ਹੈ। ਖੀਓ–ਖੀਵਾ (ਮਸਤ)। ਉਆਹੂ ਸਿਉ–ਉਸੇ ਨਾਲ ।ਰਾਤੋ–ਮਗਨ ਹਾ।੧। ਭਾਠੀ–(ਸ਼ਰਾਬ ਕੱਢਣ ਵਾਲੀ) ਭੱਠੀ। ਪੋਚਾ–ਸ਼ਰਾਬ ਕੱਢਣ ਵੇਲੇ ਭਾਫ ਨੂੰ ਠੰਢਾ ਕਰਕੇ ਸ਼ਰਾਬ ਬਣਾਉਣ ਲਈ ਵਰਤੇ ਜਾਣ ਵਾਲਾ ਤਰੀਕਾ। ਪਿਆਰੋ–ਪਿਆਲਾ। ਰੂਚਾ–ਇੱਛਾ; ਸ਼ਰਧਾ; ਪਸੰਦ ਆਇਆ। ਜਾਤੋ–ਜਾਣਿਆ।੨। ਸਹਜ–ਸਹਿਜ ਅਵਸਥਾ। ਕੇਲ–ਮੌਜਾਂ; ਕੌਤਕ। ਰਹੇ–ਮੁੱਕ ਗਏ। ਫੇਰ–ਜਨਮ ਮਰਣ ਦੇ ਗੇੜੇ। ਭਏ ਮੇਲ–ਮੇਲ ਹੋ ਗਿਆ। ਪਰਾਤੋ–ਅਤਿਅੰਤ ਪ੍ਰੀਤਵਾਨ ਹੋਇਆ; ਪ੍ਰੋਇਆ ਗਿਆ।੩।੪।੧੫੭।

ਰਾਗੁ ਗੌੜੀ ਮਾਲਵਾ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਹਰਿ ਨਾਮੁ ਲੇਹੁ ਮੀਤਾ ਲੇਹੁ ,ਆਗੈ ਬਿਖਮ ਪੰਥੁ ਭੈਆਨ ॥੧॥ ਰਹਾਉ॥ ਹੇ ਮਿਤ੍ਰ! (ਮਨ ਦੁਆਰਾ) ਵਾਹਿਗੁਰੂ ਦਾ ਨਾਮ ਲਵੋ, (ਤਨ ਦੁਆਰਾ ਵੀ ਵਾਹਿਗੁਰੂ ਦਾ ਨਾਮ) ਲਵੋ (ਸਿਮਰੋ, ਕਿਉਂਕਿ) ਅੱਗੇ ਡਰਾਉਣਾ ਤੇ ਔਖਾ ਜਮ ਮਾਰਗ ਹੈ।੧।ਰਹਾਉ।

ਸੇਵਤ ਸੇਵਤ ਸਦਾ ਸੇਵਿ, ਤੇਰੈ ਸੰਗਿ ਬਸਤੁ ਹੈ ਕਾਲੁ ॥ ਕਰਿ ਸੇਵਾ ਤੂੰ ਸਾਧ ਕੀ, ਹੋ ਕਾਟੀਐ ਜਮ ਜਾਲੁ ॥੧॥ (ਹੇ ਮਿਤ੍ਰ!) ਸੇਵਨ ਯੋਗ (ਗੁਰੂ ਤੋਂ ਜੋ ਹਰੀ) ਸੇਵਿਆ ਜਾਂਦਾ ਹੈ, (ਉਸ ਦੀ) ਸਦਾ ਸੇਵਾ ਕਰਦਾ ਰਹੁ ,(ਕਿਉਂਕਿ ਮਾਰਨ ਵਾਲਾ) ਕਾਲ ਸਦਾ ਤੇਰੇ ਨਾਲ ਬਸਦਾ ਹੈ। ਹੇ ਭਾਈ! ਤੂੰ ਸਾਧ ਗੁਰੂ ਦੀ ਸੇਵਾ ਕਰ, (ਤਾਂ ਕਿ ਤੈਨੂੰ ਫਸਾਉਣ ਵਾਲਾ) ਜਮਾਂ ਦਾ ਜਾਲ ਕੱਟਿਆ ਜਾਵੇ।੧।

ਹੋਮ ਜਗ ਤੀਰਥ ਕੀਏ, ਬਿਚਿ ਹਉਮੈ ਬਧੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ, ਹੋਇ ਬਹੁਰਿ ਬਹੁਰਿ ਅਵਤਾਰ ॥੨॥ (ਹੇ ਮਿਤ੍ਰ ! ਭਾਵੇਂ ਤੂੰ) ਹਵਨ, ਜੱਗ ਤੇ ਤੀਰਥ ਇਸ਼ਨਾਨ ਕੀਤੇ ਹਨ, (ਇਹ ਸਾਰੇ ਕਰਮ ਕਾਂਡ ਕਰਨ) ਵਿਚ ਹਉਮੈ ਆਦਿ ਵਿਕਾਰ ਵਧਦੇ ਗਏ ਹਨ। (ਹੋਮ ਜੱਗ ਤੀਰਥਾਂ ਦਾ ਫਲ) ਸੁਰਗ ਹੈ ਤੇ (ਪਾਪਾਂ ਦਾ ਫਲ) ਨਰਕ ਹੈ, (ਇਨ੍ਹਾਂ) ਦੋਹਾਂ ਦਾ ਸੁਖ ਦੁਖ ਭੋਗਣਾ ਪੈਂਦਾ ਹੈ, (ਜਨਮ ਮਰਣ ਤਾਂ ਮਿਟਦਾ ਨਹੀਂ, ਸੱਗੋਂ ਸੰਸਾਰ ਵਿਚ) ਮੁੜ ਮੁੜ ਜਨਮ ਹੁੰਦਾ ਰਹਿੰਦਾ ਹੈ।੨।

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ, ਨਿਹਚਲੁ ਕੋ ਥਾਉ ਨਾਹਿ ॥ ਬਿਨੁ ਹਰਿ ਸੇਵਾ ਸੁਖੁ ਨਹੀ, ਹੋ ਸਾਕਤ ਆਵਹਿ ਜਾਹਿ ॥੩॥ (ਹੇ

All Rights Reserved by Harjinder Singh Gyani | www.GuruGranthVakhyaan.org

ਮਿਤ੍ਰ! ਜਿਹੜੇ ਕਰਮ ਕਰਕੇ) ਸ਼ਿਵ ਪੁਰੀ, ਬ੍ਰਹਮ ਪੁਰੀ ਤੇ ਇੰਦ੍ਰ ਪੁਰੀ (ਆਦਿ ਵਿਚ ਟਿਕਾਣਾ ਮਿਲਦਾ ਹੈ, ਇਨ੍ਹਾਂ ਪੁਰੀਆਂ ਵਿਚੋਂ) ਕੋਈ ਵੀ ਸਥਾਨ ਸਦਾ ਕਾਇਮ ਰਹਿਣ ਵਾਲਾ ਨਹੀਂ (ਇਹ ਪੁਰੀਆਂ ਨਾਸ਼ਵੰਤ ਹਨ ਅਤੇ ਇਨ੍ਹਾਂ ਵਿਚ ਵਾਸਾ ਮਿਲਣ ਤੇ ਜਦ ਪੁੰਨ ਕਰਮਾਂ ਦਾ ਫਲ ਮੁੱਕ ਜਾਂਦਾ ਹੈ, ਤਾਂ ਮੁੜ ਜਨਮ ਲੈਣਾ ਪੈਂਦਾ ਹੈ)।ਹੇ ਭਾਈ! ਵਾਹਿਗੁਰੂ ਦੀ ਸੇਵਾ ਕੀਤੇ ਬਿਨਾ ਸਦੀਵੀ ਸੁਖ ਨਹੀਂ ਮਿਲਦਾ, (ਇਸ ਕਰਕੇ ਕਰਮ ਕਾਂਡੀ) ਸਾਕਤ ਪੁਰਸ਼ ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ।੩।

ਜੈਸੋ ਗੁਰਿ ਉਪਦੇਸਿਆ, ਮੈ ਤੈਸੋ ਕਹਿਆ ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥ (ਉਪਰੋਕਤ ਬਚਨ ਮੈਂ ਅਪਣੇ ਕੋਲੋਂ ਨਹੀਂ ਆਖੇ ਹਨ, ਮੈਨੂੰ) ਜਿਸ ਤਰ੍ਹਾਂ ਗੁਰੂ ਨੇ ਉਪਦੇਸ਼ ਦਿਤਾ ਹੈ, ਮੈਂ ਉਸੇ ਤਰ੍ਹਾਂ ਉਚੀ ਬੋਲ ਕੇ (ਤੈਨੂੰ) ਦੱਸ ਦਿਤੇ ਹਨ।ਨਾਨਕ ਗੁਰੂ ਜੀ ਆਖ ਰਹੇ ਹਨ ਕਿ ਹੇ ਮਨ! (ਤੂੰ ਵੀ ਗੁਰੂ ਦਾ ਉਪਦੇਸ਼) ਸੁਣ ਤੇ ਵਾਹਿਗੁਰੂ ਦਾ ਕੀਰਤਨ ਕਰ, (ਇਉਂ ਤੇਰਾ ਵੀ ਸੰਸਾਰ ਤੋਂ) ਉਧਾਰ ਹੋ ਜਾਵੇਗਾ।੪।੧।੧੫੮।

ਪਦਾਰਥ = ਲੇਹੁ-ਲਵੋ (ਸਿਮਰੋ)।ਮੀਤਾ-ਹੇ ਮਿਤ੍ਰ!।ਆਗੈ-ਅੱਗੇ (ਪ੍ਰਲੋਕ) ਦਾ।ਬਿਖਮ-ਔਖਾ; ਉਚਾ ਨੀਵਾਂ।ਪੰਥੁ-(ਜਮਾਂ ਦਾ) ਰਸਤਾ।ਭੈਆਨ-ਭਿਆਨਕ ; ਡਰਾਉਣਾ।੧।ਰਹਾਉ।ਸੇਵਤ ਸੇਵਤ-ਸੇਵਦਿਆਂ (ਸਿਮਰਦਿਆਂ); ਸੇਵਨ ਯੋਗ ਹਰੀ ਨੂੰ ਸੇਂਵਦਿਆਂ ;ਸੇਵਾ ਕਰਨ ਯੋਗ ਗੁਰੂ ਤੋਂ ਜੋ ਹਰੀ ਸੇਵਿਆ ਜਾਂਦਾ ਹੈ।ਸੇਵਿ-ਸਿਮਰ।ਬਸਤੁ-ਵਸਦਾ ਹੈ।ਕਾਲੁ-ਮੌਤ।ਹੋ-ਹੇ ਭਾਈ!।ਜਮ ਜਾਲੁ -ਜਮਾਂ ਦੀ ਫਾਹੀ।੧।ਹੋਮ-ਹਵਨ।ਬਿਚਿ-(ਕਰਮ ਕਾਂਡ ਕਰਨ) ਵਿਚਿ; (ਕਰਮ ਕਾਂਡ ਦੀ ਹਉਮੈ) ਵਿਚ।ਬਧੇ-ਵਧਦੇ ਹਨ। ਬਿਕਾਰ-ਵਿਸ਼ੇ ਵਿਕਾਰ।ਭੁੰਚਨਾ-ਭੋਗਣਾ ਪੈਂਦਾ ਹੈ।ਬਹੁਰਿ ਬਹੁਰਿ-ਮੁੜ ਮੁੜ।ਅਵਤਾਰ-ਜਨਮ।੨।ਨਿਹਚਲੁ-ਸਦਾ ਕਾਇਮ ਰਹਿਣ ਵਾਲਾ।ਕੋ-ਕੋਈ।ਸਾਕਤ-ਦੇਵੀ ਦੇਵਤਿਆਂ ਦਾ ਪੂਜਕ।੩।ਪੁਕਾਰਿ-ਉਚੀ ਬੋਲ ਕੇ।ਉਧਾਰੁ-ਛੁਟਕਾਰਾ।੪।੧।੧੫੮।

ਮਾਲਵਾ = ਭਾਰਤ ਦੇ ਮੱਧ ਦੇ ਹਿਸੇ ਦਾ ਦੇਸ਼।ਪੰਜਾਬ ਵਿਚ ਸਤਲੁਜ ਦਰਿਆ ਤੋਂ ਦੱਖਣ ਵਾਲੇ ਪਾਸੇ ਦੇ ਇਲਾਕੇ ਨੂੰ ਮਾਲਵਾ ਕਿਹਾ ਜਾਂਦਾ ਹੈ।ਜਿਵੇਂ ਮਾਝੇ ਦੇ ਇਲਾਕੇ ਦਾ ਦੇਸੀ ਰਾਗ ਮਾਝ ਹੈ, ਇਸੇ ਤਰ੍ਹਾਂ ਮਾਲਵੇ ਦੇ ਦੇਸੀ ਰਾਗ ਨੂੰ ਮਾਲਵਾ ਆਖਿਆ ਗਿਆ ਹੈ। ਗਉੜੀ ਤੇ ਮਾਲਵਾ ਦੋਵੇਂ ਰਾਗ ਮਿਲਾ ਕੇ ਗੁਰੂ ਜੀ ਨੇ ਗਉੜੀ ਮਾਲਵਾ ਲਿਖਿਆ ਹੈ।

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ = ਇਹ ਸ਼ਿਵ, ਬ੍ਰਹਮਾ ਤੇ ਇੰਦ੍ਰ ਦੀਆਂ ਪੁਰੀਆਂ ਹਨ।ਜੋ ਲੋਕ ਇਨ੍ਹਾਂ ਦੇਵਤਿਆਂ ਦੀ ਪੂਜਾ ਭਗਤੀ ਕਰਦੇ ਹਨ, ਉਨ੍ਹਾਂ ਨੂੰ ਸਰੀਰ ਛੱਡਣ ਤੋਂ ਬਾਦ ਦੇਵਤਿਆਂ ਦੀਆਂ ਇਹ ਪੁਰੀਆਂ ਮਿਲਦੀਆਂ ਮੰਨੀਆਂ ਗਈਆਂ ਹਨ।

ਰਾਗੁ ਗਉੜੀ ਮਾਲਾ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਪਾਇਓ ਬਾਲ ਬੁਧਿ ਸੁਖੁ ਰੇ ॥ ਹਰਖ ਸੋਗ ਹਾਨਿ ਮਿਰਤੁ ਦੂਖ ਸੁਖ, ਚਿਤਿ ਸਮਸਰਿ ਗੁਰ ਮਿਲੇ ॥੧॥ਰਹਾਉ॥ ਹੇ ਭਾਈ! (ਅਸੀਂ) ਬਾਲਕ ਬੁੱਧੀ ਧਾਰਨ ਕਰਕੇ ਸੁਖ ਪਾਇਆ ਹੈ।(ਜਦ ਮੈਨੂੰ) ਗੁਰੂ ਮਿਲੇ, (ਉਦੋਂ ਤੋਂ) ਖੁਸ਼ੀ, ਗਮੀ, ਹਾਨੀ, ਮੌਤ ਤੇ ਸੁਖ ਦੁਖ ਚਿਤ ਵਿਚ ਇਕ ਸਮਾਨ ਪ੍ਰਤੀਤ ਹੁੰਦੇ ਹਨ (ਬਾਲਕਾਂ ਨੂੰ ਲੰਬੀਆਂ ਸੋਚਾਂ ਹਾਣ ਲਾਭ ਮਰਣਾ ਜਿਉਣਾ ਤੇ ਦੁਖ ਸੁਖ ਆਦਿ ਦਾ ਖਿਆਲ ਨਹੀਂ ਹੁੰਦਾ)।੧।ਰਹਾਉ।

ਜਉ ਲਉ ਹਉ ਕਿਛੁ ਸੋਚਉ ਚਿਤਵਉ ,ਤਉ ਲਉ ਦੁਖਨੁ ਭਰੇ ॥ ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ, ਤਉ ਆਨਦ ਸਹਜੇ ॥੧॥ ਜਦ ਤਕ ਮੈਂ (ਹੰਕਾਰ ਵਾਲੀ ਅਕਲ ਨਾਲ) ਕੁਛ ਸੋਚਦਾ ਤੇ ਵਿਚਾਰ ਕਰਦਾ ਸੀ, ਤਦ ਤਕ ਦੁਖ ਨਾਲ ਭਰਿਆ ਰਹਿੰਦਾ ਸੀ।ਪਰ ਜਦ ਪੂਰਾ ਕ੍ਰਿਪਾਲੂ ਗੁਰੂ ਮਿਲਿਆ ਤਦ ਤੋਂ ਸਹਜੇ (ਸੁਭਾਵਿਕ) ਹੀ ਅਨੰਦ ਮਾਣ ਰਿਹਾ ਹਾਂ।੧।

ਜੇਤੀ ਸਿਆਨਪ ਕਰਮ ਹਉ ਕੀਏ, ਤੇਤੇ ਬੰਧ ਪਰੇ ॥ ਜਉ ਸਾਧੂ ਕਰੁ ਮਸਤਕਿ ਧਰਿਓ, ਤਬ ਹਮ ਮੁਕਤ ਭਏ ॥੨॥ ਜਿੰਨੇ ਕੁ ਮੈਂ ਸਿਆਣਪ ਨਾਲ (ਜਪ ਤਪ ਆਦਿ) ਕਰਮ ਕੀਤੇ ਹਨ, ਉਤਨੇ ਹੀ ਬੰਧਨ ਪੈਂਦੇ ਰਹੇ ਹਨ।ਜਦ ਸਾਧੂ ਗੁਰੂ ਨੇ ਮੱਥੇ ਤੇ (ਮੇਹਰ ਭਰਿਆ) ਹੱਥ ਧਰਿਆ, ਤਦੋਂ ਅਸੀਂ (ਬੰਧਨਾਂ ਤੋਂ) ਮੁਕਤ ਹੋ ਗਏ ਹਾਂ (ਛੁਟਕਾਰਾ ਹੋ ਗਿਆ)।੨।

ਜਉ ਲਉ ਮੇਰੋ ਮੇਰੋ ਕਰਤੋ, ਤਉ ਲਉ ਬਿਖੁ ਘੇਰੇ ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ,ਤਬ ਹਮ ਸਹਜਿ ਸੋਏ ॥੩॥ ਜਦ ਤਕ ਮੇਰੀ ਮੇਰੀ (ਘਰ ਮੇਰਾ, ਧਨ ਮੇਰਾ, ਪ੍ਰਵਾਰ ਮੇਰਾ ਆਦਿ ਮੈਂ) ਕਰਦਾ ਰਿਹਾ, ਉਦੋਂ ਤਕ ਮਾਇਆ ਰੂਪ ਜਹਿਰ ਘੇਰੀ ਰੱਖਦੀ ਸੀ। ਜਦ ਮਨ ਤਨ ਤੇ ਬੁਧੀ ਪ੍ਰਮਾਤਮਾ ਨੂੰ ਅਰਪਣ ਕਰ ਦਿਤੀ, ਤਦ ਅਸੀਂ ਅਰਾਮ ਨਾਲ ਸੌਂ ਗਏ।੩।

ਜਉ ਲਉ ਪੋਟ ਉਠਾਈ ਚਲਿਅਉ ,ਤਉ ਲਉ ਡਾਨ ਭਰੇ ॥ ਪੋਟ ਡਾਰਿ ਗੁਰੁ ਪੂਰਾ ਮਿਲਿਆ, ਤਉ ਨਾਨਕ ਨਿਰਭਏ ॥੪॥੧॥੧੫੯ ॥ ਜਦ ਤਕ (ਅਸੀਂ ਹਉਮੈ ਦੀ) ਪੰਡ ਉਠਾਈ ਚਲਦੇ ਰਹੇ, ਤਦ ਤਕ (ਧਰਮ ਰਾਜ ਦਾ) ਡੰਨ ਭਰਦੇ ਰਹੇ।ਗੁਰੂ ਜੀ ਆਖਦੇ ਹਨ

All Rights Reserved by Harjinder Singh Gyani | www.GuruGranthVakhyaan.org

ਕਿ ਜਦ ਪੂਰਾ ਗੁਰੂ ਮਿਲਿਆ ,(ਤਾਂ ਅਸੀਂ ਹਉਮੈ ਦੀ) ਪੰਡ ਸੁਟ ਦਿਤੀ, ਤਾਂ (ਜਮ ਦੇ) ਭੈ ਤੋਂ ਰਹਿਤ ਹੋ ਗਏ ਹਾਂ।੪।੧।੧੫੯।

ਪਦਾਰਥ = ਬਾਲ ਬੁਧਿ–ਬੱਚਿਆਂ ਵਰਗੀ ਬੁੱਧੀ (ਛਲ ਕਪਟ ਤੋਂ ਰਹਿਤ ਸਰਲ ਤੇ ਸਿੱਧਾ ਸਾਦਾ ਸੁਭਾਵ)।ਰੇ–ਹੇ ਭਾਈ!।ਹਰਖ–ਖੁਸ਼ੀ।ਹਾਨਿ–ਨੁਕਸਾਨ; ਘਾਟਾ।ਮਿਰਤੁ–ਮੌਤ।ਚਿਤਿ–ਚਿੱਤ ਵਿਚ।ਸਮਸਰਿ–ਬਰਾਬਰ (ਇਕੋ ਜਿਹਾ)।੧।ਰਹਾਉ।ਜਉ ਲਉ–ਜਦ ਤਕ।ਹਉ–ਮੈਂ।ਚਿਤਵਉ–ਚਿਤਵਦਾ ਰਿਹਾ ਹਾਂ।ਤਉ ਲਉ–ਤਦ ਤਕ।ਜਉ–ਜਦੋਂ।ਭੇਟਿਆ–ਮਿਲਿਆ।ਤਉ–ਤਾਂ; ਤਦ।ਸਹਜੇ–ਸੁਭਾਵਕ; ਸੁਤੇ ਸਿੱਧ।੧।ਜੇਤੀ–ਜਿਤਨੀ।ਤੇਤੇ–ਉਤਨੇ।ਬੰਧ–ਬੰਧਨ।ਪਰੇ–ਪਏ ਹਨ।ਕਰੁ–ਹੱਥ।ਮਸਤਕਿ–ਮੱਥੇ ਉਤੇ।ਭਏ–ਹੋਏ।੨।ਮੇਰੋ ਮੇਰੋ–ਮੇਰੀ ਮੇਰੀ।ਕਰਤੋ–ਕਰਦਾ ਸੀ।ਬਿਖੁ–ਜਹਿਰ ਰੂਪ ਮਾਇਆ।ਅਰਪੀ–ਭੇਟਾ ਕੀਤੀ।ਠਾਕੁਰ ਕਉ–ਪ੍ਰਮਾਤਮਾ ਨੂੰ।ਸਹਜਿ ਸੋਏ–ਅਰਾਮ ਨਾਲ ਸੌਂ ਗਏ; ਆਤਮਕ ਸੁਖ ਪਾ ਲਿਆ।੩।ਪੋਟ–(ਹਉਮੈ; ਕਰਮ ਜਾਲ ਤੇ ਜਿੰਮੇਵਾਰੀ ਦੀ; ਮਾਇਆ ਦੇ ਮੋਹ ਦੀ) ਪੰਡ।ਉਠਾਈ ਚਲਿਅਉ–ਚੁਕੀ ਫਿਰਦੇ ਸਾਂ।ਡਾਨ–ਡੰਨ; ਸਜਾ।ਡਾਰਿ–ਸੁੱਟ ਦਿਤੀ।੪।੧।੧੫੯।

ਗਉੜੀ ਮਾਲਾ ਮਹਲਾ ੫ ॥ ਭਾਵਨੁ ਤਿਆਗਿਓ ਰੀ ਤਿਆਗਿਓ ॥ ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥ ਸਰਬ ਸੁਖ ਆਨੰਦ ਮੰਗਲ ਰਸ, ਮਾਨਿ ਗੋਬਿੰਦੈ ਆਗਿਓ ॥੧॥ਰਹਾਉ॥ ॥ ਹੇ (ਸਖੀ! ਮੈਂ) ਮਨ ਮਰਜੀ ਕਰਨ ਵਾਲਾ ਸੁਭਾਵ ਛਡ ਦਿਤਾ ਹੈ, (ਬਿਲਕੁਲ ਹੀ) ਛਡ ਦਿਤਾ ਹੈ।(ਕਿਵੇਂ ਛੱਡਿਆ ਹੈ? ਇਹ ਮਨ ਹਠ) ਮੈਂ ਗੁਰੂ ਨੂੰ ਮਿਲ ਕੇ ਛਡਿਆ ਹੈ, (ਤਿਆਗ ਦਾ ਹੰਕਾਰ ਵੀ) ਛਡ ਦਿਤਾ ਹੈ।(ਤਿਆਗ ਦਾ ਫਲ ਇਹ ਮਿਲਿਆ ਕਿ ਹੁਣ ਮੈਂ) ਗੋਬਿੰਦ ਦੀ ਆਗਿਆ ਮੰਨ ਕੇ ਸਾਰੇ ਸੁਖ, ਅਨੰਦ ਤੇ ਖੁਸ਼ੀਆਂ ਦੇ ਰਸ ਪ੍ਰਾਪਤ ਕਰ ਲਏ ਹਨ।੧।ਰਹਾਉ।

ਅੰਗ ੨੧੫ = ਮਾਨੁ ਅਭਿਮਾਨੁ ਦੋਊ ਸਮਾਨੇ, ਮਸਤਕੁ ਡਾਰਿ ਗੁਰ ਪਾਗਿਓ ॥ ਸੰਪਤ ਹਰਖੁ ਨ ਆਪਤ ਦੂਖਾ, ਰੰਗੁ ਠਾਕੁਰੈ ਲਾਗਿਓ ॥੧॥ (ਹੁਣ ਮੈਨੂੰ) ਆਦਰ ਤੇ ਨਿਰਾਦਰ ਦੋਵੇਂ ਇਕ ਸਮਾਨ (ਪ੍ਰਤੀਤ ਹੁੰਦੇ) ਹਨ, (ਕਿਉਂਕਿ ਮੈਂ ਅਪਣਾ) ਮੱਥਾ ਗੁਰੂ ਦੇ ਚਰਨਾਂ ਤੇ ਰੱਖ ਦਿਤਾ ਹੈ।(ਹੁਣ ਮੈਨੂੰ) ਧਨ ਆਦਿ ਮਿਲਣ ਦੀ ਖੁਸ਼ੀ ਨਹੀਂ ਅਤੇ ਨਾ ਕਿਸੇ ਬਿਪਤਾ ਪਈ ਦਾ ਦੁਖ ਹੁੰਦਾ ਹੈ, (ਇਹ ਅਵਸਥਾ ਕਿਵੇਂ ਪ੍ਰਾਪਤ ਹੋਈ? ਕਿਉਂਕਿ ਗੁਰੂ ਦੀ ਕ੍ਰਿਪਾ ਨਾਲ ਮੇਰਾ) ਪ੍ਰਭੂ ਦਾ ਪ੍ਰੇਮ ਲਗ ਗਿਆ ਹੈ।੧।

ਬਾਸ ਬਾਸਰੀ ਏਕੈ ਸੁਆਮੀ, ਉਦਿਆਨ ਦ੍ਰਿਸਟਾਗਿਓ ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ, ਪੂਰਨ ਸਰਬਾਗਿਓ ॥੨॥ ਵਸਣ ਵਾਲੇ ਸਥਾਨਾਂ (ਘਰਾਂ) ਵਿਚ ਤੇ ਘਰਾਂ ਵਿਚ ਵਸਣ ਵਾਲਿਆਂ ਸਭਨਾਂ ਵਿਚ ਇਕ ਪ੍ਰਮਾਤਮਾ ਹੈ, ਉਜਾੜ ਵਿਚ ਵੀ ਉਹ ਹੀ ਵਸਦਾ ਨਜਰ ਆਇਆ ਹੈ।ਸੰਤਾਂ ਨੇ (ਉਪਦੇਸ਼ ਦੇ ਕੇ) ਭਰਮ ਕੱਟ ਦਿਤਾ ਹੈ, ਸਭ ਦੇ ਦਿਲਾਂ ਦੀ ਜਾਨਣ ਵਾਲਾ (ਪ੍ਰਭੂ) ਪੂਰਨ ਹੋ ਰਿਹਾ ਦਿਸ ਪਿਆ; ਸਭ ਵਿਚ ਵਿਆਪਕ ਹੈ, (ਇਸ ਲਈ ਅਸੀਂ) ਨਿਰਭੈ ਹੋ ਗਏ ਹਾਂ।੨।

ਜੋ ਕਿਛੁ ਕਰਤੈ ਕਾਰਣੁ ਕੀਨੋ, ਮਨਿ ਬੁਰੋ ਨ ਲਾਗਿਓ ॥ ਸਾਧ ਸੰਗਤਿ ਪਰਸਾਦਿ ਸੰਤਨ ਕੈ, ਸੋਇਓ ਮਨੁ ਜਾਗਿਓ ॥੩॥ ਜੋ ਕੁਛ ਕਰਤਾਰ ਨੇ ਕਾਰਣ ਕੀਤਾ ਹੈ, (ਉਹ ਮੇਰੇ) ਮਨ ਵਿਚ ਬੁਰਾ ਨਹੀਂ ਲੱਗਿਆ (ਭਾਣੇ ਵਿਚ ਰਹਿੰਦਾ ਹਾਂ।ਕਿਉਂਕਿ) ਸਾਧ ਸੰਗਤ ਵਿਚ ਸੰਤਾਂ ਦੀ ਕਿਰਪਾ ਨਾਲ (ਮੋਹ ਮਾਇਆ ਦੀ ਨੀਂਦ ਵਿਚ ਮੇਰਾ) ਸੁੱਤਾ ਮਨ ਜਾਗ ਪਿਆ ਹੈ (ਗਿਆਨ ਹੋ ਗਿਆ ਹੈ ਕਿ ਜੋ ਵਾਹਿਗੁਰੂ ਕਰਦਾ ਹੈ ਭਲਾ ਹੀ ਕਰਦਾ ਹੈ)।੩।

ਜਨ ਨਾਨਕ ਓੜਿ ਤੁਹਾਰੀ ਪਰਿਓ, ਆਇਓ ਸਰਣਾਗਿਓ ॥ ਨਾਮ ਰੰਗ ਸਹਜ ਰਸ ਮਾਣੇ, ਫਿਰਿ ਦੂਖੁ ਨ ਲਾਗਿਓ ॥੪॥੨॥੧੬੦ ॥ (ਹੇ ਵਾਹਿਗੁਰੂ!) ਦਾਸ ਨਾਨਕ ਤੇਰੀ ਓਟ ਵਿਚ ਆ ਪਿਆ ਹੈ, ਤੇਰੀ ਸ਼ਰਣ ਵਿਚ ਆਇਆ ਹੈ।(ਜਦੋ ਤੋਂ ਮੈਂ) ਨਾਮ ਦਾ ਅਨੰਦ ਅਤੇ ਸਹਿਜ ਅਵਸਥਾ ਦਾ ਰਸ (ਸਵਾਦ) ਮਾਣਿਆ ਹੈ; (ਸ਼ਰਣ ਵਿਚ ਆ ਕੇ) ਨਾਮ ਦੇ ਪ੍ਰੇਮ ਦਾ ਸੁਤੇ ਸਿਧ ਅਨੰਦ ਮਾਣਿਆ ਹੈ ,(ਜਿਸਦੇ ਫਲ ਸਰੂਪ ਮੈਨੂੰ) ਮੁੜ ਕੋਈ ਦੁਖ ਨਹੀ ਲੱਗਿਆ।੪।੨।੧੬੦।

ਪਦਾਰਥ = ਰੀ–ਹੇ (ਸਖੀ!)।ਮੰਗਲ ਰਸ–ਖੁਸ਼ੀਆਂ ਦਾ ਰਸ (ਸੁਆਦ)।ਮਾਨਿ–ਮੰਨ ਕੇ।ਆਗਿਓ–ਆਗਿਆ; ਭਾਣਾ।੧।ਰਹਾਉ।ਮਾਨੁ ਅਭਿਮਾਨੁ–ਆਦਰ ਤੇ ਨਿਰਾਦਰ (ਮ.ਕੋ.)।ਦੋਊ–ਦੋਵੇਂ।ਸਮਾਨੇ–ਇਕੋ ਜਿਹੇ।ਮਸਤਕੁ–ਮੱਥਾ; ਸਿਰ।ਡਾਰਿ–ਧਰ ਦਿਤਾ ਹੈ।ਪਾਗਿਓ–ਚਰਨਾਂ ਉਤੇ।ਸੰਪਤ–ਧਨ।ਹਰਖੁ–ਖੁਸ਼ੀ।ਆਪਤ–ਬਿਪਤਾ।ਰੰਗੁ–ਪ੍ਰੇਮ।੧।ਬਾਸ–ਵਸਣ ਵਾਲੇ ਸਥਾਨ (ਘਰਾਂ); ਬਸਤੀ ਵਿਚ।ਬਾਸਰੀ–ਘਰਾਂ ਵਿਚ ਵਸਣ ਵਾਲਿਆਂ ਵਿਚ।ਉਦਿਆਨ–ਉਜਾੜਾਂ ਵਿਚ; ਜੰਗਲਾਂ ਵਿਚ।ਦ੍ਰਿਸਟਾਗਿਓ–ਨਜਰ ਆਇਆ ਹੈ।ਭਏ–ਹੋਏ ਹਾਂ।ਡਾਰਿਓ–ਕੱਟ (ਦੂਰ ਕਰ) ਦਿਤਾ।ਪੂਰਨ–ਵਿਆਪਕ।ਸਰਬਾਗਿਓ–ਸਰਬੱਗ (ਸਰਬ ਗਿਆਤਾ); ਸਭ ਕੁਛ ਜਾਨਣ

All Rights Reserved by Harjinder Singh Gyani | www.GuruGranthVakhyaan.org

ਵਾਲਾ; ਸਭ ਵਿਚ।੨।ਕਰਤੈ–ਕਰਤਾਰ ਨੇ।ਸੋਇਓ–ਸੁੱਤਾ ਹੋਇਆ।੩।ਓੜਿ–ਓਟ ਵਿਚ; ਸ਼ਰਣ ਵਿਚ।ਤੁਹਾਰੀ–ਤੇਰੀ।ਪਰਿਓ–ਪਿਆ ਹਾਂ।ਸਰਣਾਗਿਓ–ਸ਼ਰਣ ਵਿਚ ਆਇਆ ਹਾਂ।ਰੰਗ–ਅਨੰਦ; ਪ੍ਰੇਮ।ਸਹਜ ਰਸ–ਸਹਿਜ ਅਵਸਥਾ ਦਾ ਰਸ; ਸੁਤੇ ਸਿੱਧ ਅਨੰਦ। ਮਾਣੇ–ਮਾਣਿਆ (ਭੋਗਿਆ)।ਫਿਰਿ–ਮੁੜ ਦੁਬਾਰਾ।੪।੨।੧੬੦।

ਭਾਵਨੁ = ਖਿਆਲ; ਸੰਕਲਪ (ਮ.ਕੋ.); ਮਨ ਮਰਜੀ ਵਾਲਾ ਸੁਭਾਵ; ਜੋ ਮਨ ਨੂੰ ਚੰਗਾ ਲੱਗੇ (ਸਦਾ ਇਹ ਚਾਹੁਣਾ ਕਿ ਜੋ ਮੈਨੂੰ ਚੰਗਾ ਲਗਦਾ ਹੈ, ਉਹੋ ਹੀ ਹੋਵੇ।ਜੇ ਮਨ ਮਰਜੀ ਵਾਲੀ ਗਲ ਨਾ ਹੋਵੇ, ਤਾਂ ਦੁਖੀ ਹੋਣਾ); ਦ੍ਵੈਤ ਭਾਵਨਾ (ਸੰ.ਸ.; ਟਕਸਾਲ)।

ਗਉੜੀ ਮਾਲਾ ਮਹਲਾ ੫ ॥ ਪਾਇਆ ਲਾਲੁ ਰਤਨੁ ਮਨਿ ਪਾਇਆ ॥ ਤਨੁ ਸੀਤਲੁ ਮਨੁ ਸੀਤਲੁ ਥੀਆ, ਸਤਗੁਰ ਸਬਦਿ ਸਮਾਇਆ ॥੧॥ਰਹਾਉ॥ (ਜਦੋਂ ਮੈਂ) ਸਤਗੁਰੂ ਦੇ ਸ਼ਬਦ ਵਿਚ ਲੀਨ ਹੋ ਗਿਆ ਤਾਂ ਮਨ ਵਿਚੋਂ ਹੀ ਇਕ ਅਮੋਲਕ ਰਤਨ ਲਾਲ (ਪ੍ਰਭੂ) ਪਾ ਲਿਆ ਹੈ।(ਜਿਸ ਨਾਲ ਮੇਰਾ) ਤਨ ਠੰਢਾ ਠਾਰ ਹੋ ਗਿਆ ਤੇ ਮਨ ਵੀ (ਵਿਸ਼ਿਆਂ ਵੱਲੋਂ) ਠੰਢਾ ਠਾਰ ਹੋ ਗਿਆ ਹੈ।੧।ਰਹਾਉ।

ਲਾਥੀ ਭੂਖ ਤ੍ਰਿਸਨ ਸਭ ਲਾਥੀ, ਚਿੰਤਾ ਸਗਲ ਬਿਸਾਰੀ ॥ ਕਰੁ ਮਸਤਕਿ ਗੁਰਿ ਪੂਰੈ ਧਰਿਓ, ਮਨੁ ਜੀਤੋ ਜਗੁ ਸਾਰੀ ॥੧॥ (ਹੁਣ ਪਦਾਰਥ ਖਾਣ ਦੀ) ਭੁਖ ਤੇ (ਧਨ ਮਾਲ ਇਕੱਠਾ ਕਰਨ ਦੀ) ਤ੍ਰਿਸ਼ਨਾ ਸਭ ਲਹਿ ਗਈ ਅਤੇ (ਮਨ ਵਿਚੋਂ) ਸਾਰੀ ਚਿੰਤਾ ਵੀ ਵਿਸਾਰ ਦਿਤੀ ਹੈ।ਪੂਰੇ ਗੁਰੂ ਨੇ (ਜਦ ਮੇਹਰ ਭਰਿਆ) ਹੱਥ ਮੇਰੇ ਮੱਥੇ ਤੇ ਧਰਿਆ (ਤਾਂ ਮੈਂ) ਮਨ ਨੂੰ ਜਿਤ ਲਿਆ, (ਮਨ ਜਿੱਤਣ ਨਾਲ ਸਮਝੋ) ਸਾਰਾ ਜਗਤ ਜਿੱਤ ਲਿਆ ਹੈ ('ਜੀਤੋ' ਦੇਹਲੀ ਦੀਪਕ ਹੈ, 'ਮਨੁ' ਨਾਲ ਵੀ ਤੇ 'ਜਗੁ' ਨਾਲ ਵੀ ਲਗਦਾ ਹੈ)।੧।

ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ, ਡੋਲਨ ਤੇ ਅਬ ਚੂਕੇ ॥ ਅਖੁਟੁ ਖਜਾਨਾ ਸਤਿਗੁਰਿ ਦੀਆ, ਤੋਟਿ ਨਹੀ ਰੇ ਮੂਕੇ ॥੨॥ (ਹੇ ਭਾਈ! ਮੈਂ) ਹਿਰਦੇ ਦੇ ਅੰਦਰ (ਮਨ ਕਰਕੇ) ਰੱਜ ਗਿਆ ਹਾਂ ਤੇ (ਤਨ ਕਰਕੇ ਵੀ ਪੂਰੀ ਤਰ੍ਹਾਂ) ਰੱਜ ਗਿਆ ਹਾਂ ਅਤੇ ਹੁਣ (ਮੇਰਾ ਮਨ ਲੋਕਾਂ ਦਾ ਮਾਲ ਧਨ ਦੇਖ ਕੇ) ਭਟਕਣ ਤੋਂ ਰਹਿ (ਹਟ) ਗਿਆ ਹੈ।ਹੇ ਭਾਈ! ਸਤਿਗੁਰੂ ਨੇ (ਨਾਮ ਦਾ) ਅਮੁੱਕ ਖਜਾਨਾ (ਬਖਸ਼) ਦਿਤਾ ਹੈ, (ਜੋ ਆਪ ਵਰਤਿਆਂ) ਘਟਦਾ ਨਹੀਂ ਅਤੇ ਨਾ ਹੀ (ਅੱਗੇ ਹੋਰਨਾਂ ਨੂੰ ਵੰਡਦਿਆਂ) ਮੁਕਦਾ ਹੈ।੨।

ਅਚਰਜੁ ਏਕੁ ਸੁਨਹੁ ਰੇ ਭਾਈ, ਗੁਰਿ ਐਸੀ ਬੂਝ ਬੁਝਾਈ ॥ ਲਾਹਿ ਪਰਦਾ ਠਾਕੁਰੁ ਜਉ ਭੇਟਿਓ, ਤਉ ਬਿਸਰੀ ਤਾਤਿ ਪਰਾਈ ॥੩॥ ਹੇ ਭਾਈ! ਇਕ ਹੋਰ ਅਸਚਰਜ ਗਲ ਸੁਣੋ, ਗੁਰੂ ਨੇ ਇਕ ਅਜੇਹੀ ਸਮਝ ਸਮਝਾ ਦਿਤੀ ਹੈ।(ਜਿਸ ਦੀ ਬਰਕਤ ਨਾਲ ਭਰਮ ਦਾ) ਪੜਦਾ ਲਾਹ ਕੇ ਜਦ (ਮੈਨੂੰ) ਪ੍ਰਭੂ ਮਿਲਿਆ ਤਾਂ ਪਰਾਈ ਈਰਖਾ ਭੁੱਲ ਗਈ (ਗੁਰੂ ਨੇ ਐਸੀ ਸਮਝ ਬਖਸ਼ੀ ਕਿ ਸਭ ਜੀਵਾਂ ਵਿਚ ਵਾਹਿਗੁਰੂ ਵਸਦਾ ਦਿਸ ਪਿਆ, ਤਾਂ ਫਿਰ ਈਰਖਾ ਕਿਸ ਨਾਲ ਹੋਣੀ ਸੀ?)।੩।

ਕਹਿਓ ਨ ਜਾਈ ਏਹੁ ਅਚੰਭਉ ,ਸੋ ਜਾਨੈ ਜਿਨਿ ਚਾਖਿਆ ॥ ਕਹੁ ਨਾਨਕ ਸਚ ਭਏ ਬਿਗਾਸਾ, ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥ (ਉਸ ਤੋਂ ਬਾਦ ਦਾ) ਅਸਚਰਜ ਅਨੰਦ ਦਸਿਆ ਨਹੀਂ ਜਾ ਸਕਦਾ, (ਇਸ ਅਨੰਦ ਨੂੰ) ਉਹ ਹੀ ਜਾਣਦਾ ਹੈ, ਜਿਸ ਨੇ ਇਹ ਚੱਖਿਆ (ਭੋਗਿਆ) ਹੈ।ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਜਦ ਨਾਮ ਦਾ) ਖਜਾਨਾ ਲੈ ਕੇ (ਮੇਰੇ) ਹਿਰਦੇ ਵਿਚ ਰੱਖ ਦਿਤਾ ਤਾਂ ਸੱਚ ਦਾ ਪ੍ਰਕਾਸ਼ ਹੋ ਗਿਆ ਭਾਵ ਵਾਹਿਗੁਰੂ ਪ੍ਰਗਟ ਹੋ ਗਿਆ।੪।੩।੧੬੧।

ਪਦਾਰਥ = ਲਾਲੁ ਰਤਨੁ–ਅਮੋਲਕ ਵਾਹਿਗੁਰੂ।ਸੀਤਲੁ–ਸ਼ਾਂਤ; ਠੰਢਾ।ਥੀਆ–ਹੋ ਗਿਆ।ਸਮਾਇਆ–ਲੀਨ ਹੋਇਆ।੧।ਲਾਥੀ–ਲਹਿ ਗਈ।ਸਗਲ–ਸਾਰੀ।ਬਿਸਾਰੀ–ਭੁਲਾ ਦਿਤੀ।ਕਰੁ–ਹੱਥ।ਮਸਤਕਿ–ਮੱਥੇ ਉਤੇ।ਧਰਿਓ–ਰੱਖਿਆ।ਜਗੁ ਸਾਰੀ–ਸਾਰਾ ਜਗਤ ।੧।ਤ੍ਰਿਪਤਿ–(ਮਨ ਕਰਕੇ ਜਾਂ ਇਸ ਲੋਕ ਦੇ ਪਦਾਰਥਾਂ ਤੋਂ) ਰੱਜ ਗਿਆ ਹਾਂ।ਅਘਾਇ–(ਤਨ ਕਰਕੇ ਜਾਂ ਪ੍ਰਲੋਕ ਦੇ ਪਦਾਰਥਾਂ ਤੋਂ) ਰੱਜ ਗਿਆ ਹਾਂ।ਰਿਦ–ਹਿਰਦਾ।ਡੋਲਨ ਤੇ–(ਮਨ ਦੀ) ਭਟਕਣ ਤੋਂ।ਅਬ–ਹੁਣ।ਚੂਕੇ–ਰਹਿ (ਰੁਕ) ਗਿਆ; ਟਿਕ ਗਿਆ।ਅਖੁਟੁ –ਨਾ ਮੁੱਕਣ ਵਾਲਾ।ਤੋਟਿ ਨਹੀ–ਘਟਦਾ ਨਹੀਂ।ਰੇ–ਹੇ ਭਾਈ!।ਨਹੀ ਮੂਕੇ–ਮੁੱਕਦਾ ਨਹੀਂ ('ਨਹੀ' ਦੇਹਲੀ ਦੀਪਕ ਹੈ)।੨।ਬੂਝ–ਸਮਝ।ਬੁਝਾਈ–ਸਮਝਾ ਦਿਤੀ।ਲਾਹਿ–ਲਾਹ ਕੇ।ਜਉ–ਜਦ।ਭੇਟਿਓ–ਮਿਲਿਆ।ਤਉ–ਤਦ।ਬਿਸਰੀ–ਭੁੱਲ ਗਈ।ਤਾਤਿ–ਜਲਨ; ਈਰਖਾ।੩।ਅਚੰਭਉ–ਅਸਚਰਜ (ਅਨੰਦ)।ਸੋ–ਉਹ।ਭਏ ਬਿਗਾਸਾ–ਪ੍ਰਕਾਸ਼ ਹੋ ਗਿਆ।ਲੈ–ਲੈ ਕੇ; ਲਿਆ ਕੇ।੪।੩।੧੬੧।

ਗਉੜੀ ਮਾਲਾ ਮਹਲਾ ੫ ॥ ਉਬਰਤ ਰਾਜਾ ਰਾਮ ਕੀ ਸਰਣੀ ॥ ਸਰਬ ਲੋਕ ਮਾਇਆ ਕੇ ਮੰਡਲ, ਗਿਰਿ ਗਿਰਿ ਪਰਤੇ ਧਰਣੀ ॥੧ ॥ਰਹਾਉ॥ (ਹੇ ਭਾਈ!) ਪ੍ਰਕਾਸ਼ ਸਰੂਪ ਕਰਤਾਰ ਦੀ ਸ਼ਰਣ ਵਿਚ ਪਿਆਂ (ਮਨੁੱਖ ਮਾਇਆ ਦੇ ਪ੍ਰਭਾਵ ਤੋਂ) ਬਚ ਜਾਂਦਾ ਹੈ।(ਇੰਦ੍ਰ ਲੋਕ ਤੇ ਸ਼ਿਵ ਲੋਕ ਆਦਿ) ਸਾਰੇ ਲੋਕ ਮਾਇਆ ਦੇ ਟਿਕਾਣੇ ਹਨ, (ਇਨ੍ਹਾਂ ਟਿਕਾਣਿਆਂ ਵਿਚ ਪਹੁੰਚੇ ਜੀਵ ਪੁੰਨ ਕਰਮ ਨਾਸ਼ ਹੋਣ

All Rights Reserved by Harjinder Singh Gyani | www.GuruGranthVakhyaan.org

ਤੇ) ਧਰਤੀ ਤੇ ਡਿਗ ਡਿਗ ਪੈਂਦੇ ਹਨ (ਧਰਤੀ ਤੇ ਮੁੜ ਮੁੜ ਜਨਮ ਲੈਂਦੇ ਹਨ)।੧।

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ, ਮਹਾ ਪੁਰਖਨ ਇਉ ਕਹਿਆ ॥ ਬਿਨੁ ਹਰਿ ਭਜਨ ਨਾਹੀ ਨਿਸਤਾਰਾ, ਸੂਖੁ ਨ ਕਿਨਹੂੰ ਲਹਿਆ ॥੧ ॥ (ਅਸੀਂ) ਬੇਦ, ਸ਼ਾਸਤ੍ਰ ਤੇ ਸਿਮ੍ਰਤੀਆਂ ਦੀ ਬਿਚਾਰ ਕੀਤੀ ਹੈ, (ਇਨ੍ਹਾਂ ਧਰਮ ਗ੍ਰੰਥਾਂ) ਅਤੇ ਮਹਾਂ ਪੁਰਖਾਂ ਨੇ ਵੀ ਇਸੇ ਤਰ੍ਹਾਂ ਦਸਿਆ ਹੈ। ਕਿ ਹਰੀ ਦੇ ਭਜਨ ਤੋਂ ਬਿਨਾ (ਭਵਜਲ ਤੋਂ) ਨਿਸਤਾਰਾ ਨਹੀਂ ਹੋਇਆ ਅਤੇ ਨਾ ਹੀ ਕਿਸੇ ਨੇ ਸੁਖ ਪਾਇਆ ਹੈ।੧।

ਤੀਨਿ ਭਵਨ ਕੀ ਲਖਮੀ ਜੋਰੀ, ਬੂਝਤ ਨਾਹੀ ਲਹਰੇ ॥ ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ, ਫਿਰਤੋ ਪਹਰੇ ਪਹਰੇ ॥੨॥ (ਭਾਵੇਂ ਜੀਵ ਨੇ) ਤਿੰਨਾਂ ਲੋਕਾਂ ਦੀ ਮਾਇਆ ਜੋੜ ਲਈ ਹੋਵੇ, (ਫਿਰ ਵੀ ਲੋਭ ਦੀ) ਲਹਿਰਾਂ ਬੁਝਦੀਆਂ ਨਹੀਂ। ਹਰੀ ਦੀ ਭਗਤੀ ਤੋਂ ਬਿਨਾ ਟਿਕਾਉ ਕਿਥੇ ਪਾ ਸਕਦਾ ਹੈ? (ਮਾਇਆ ਵਾਸਤੇ) ਦਿਨ ਰਾਤ ਭਟਕਦਾ ਫਿਰਦਾ ਰਹਿੰਦਾ ਹੈ।੨।

ਅਨਿਕ ਬਿਲਾਸ ਕਰਤ ਮਨ ਮੋਹਨ, ਪੂਰਨ ਹੋਤ ਨ ਕਾਮਾ ॥ ਜਲਤੋ ਜਲਤੋ ਕਬਹੂ ਨ ਬੂਝਤ, ਸਗਲ ਬ੍ਰਿਥੇ ਬਿਨੁ ਨਾਮਾ ॥੩॥ ਮਨ ਨੂੰ ਮੋਹ ਲੈਣ ਵਾਲੇ ਅਨੇਕਾਂ ਭੋਗ ਬਿਲਾਸ ਕਰਦਾ ਹੈ, (ਪਰ ਫਿਰ ਵੀ ਭੋਗਾਂ ਦੀ) ਕਾਮਨਾ ਪੂਰੀ ਨਹੀਂ ਹੁੰਦੀ। (ਜਿਸ ਕਰਕੇ ਜੀਵ) ਸੜਦਾ ਬਲਦਾ ਰਹਿੰਦਾ ਹੈ, (ਕਾਮ ਦੀ ਅੱਗ) ਕਦੇ ਵੀ ਬੁਝਦੀ ਨਹੀਂ, ਨਾਮ ਤੋਂ ਬਿਨਾ ਸਾਰੇ (ਭੋਗ) ਬ੍ਰਿਥੇ ਹਨ।

ਦੂਜਾ ਅਰਥ = ਮਨ ਮੋਹਣੀ ਮਾਇਆ ਹਾਸਲ ਕਰਕੇ (ਜੀਵ) ਅਨੇਕਾਂ ਤਮਾਸ਼ੇ ਕਰਦਾ ਹੈ, (ਪਰ ਫਿਰ ਵੀ ਮਨ ਦੀਆਂ) ਖਾਹਿਸ਼ਾਂ ਕਦੇ ਪੂਰੀਆਂ ਨਹੀਂ ਹੁੰਦੀਆਂ। (ਤ੍ਰਿਸ਼ਨਾ ਦੀ ਅੱਗ ਵਿਚ ਜੀਵ) ਸੜਦਾ ਬਲਦਾ ਰਹਿੰਦਾ ਹੈ, (ਇਹ ਅੱਗ) ਕਦੇ ਬੁਝਦੀ ਨਹੀਂ, (ਸੁਖ ਵਾਸਤੇ ਕਈ ਜਤਨ ਕਰਦਾ ਹੈ, ਪਰ) ਵਾਹਿਗੁਰੂ ਦੇ ਨਾਮ ਤੋਂ ਬਿਨਾ ਸਭ ਬਿਅਰਥ ਹਨ (ਫ.ਸ.; ਸੰ.ਸ.; ਟਕਸਾਲ)।੩।

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ, ਇਹੈ ਸਾਰ ਸੁਖੁ ਪੂਰਾ ॥ ਸਾਧ ਸੰਗਤਿ ਜਨਮ ਮਰਣੁ ਨਿਵਾਰੈ, ਨਾਨਕ ਜਨ ਕੀ ਧੂਰਾ ॥੪॥੪॥੧੬੨॥ ਹੇ ਮੇਰੇ ਮਿਤ੍ਰੋ! ਹਰੀ ਦਾ ਨਾਮ ਜਪਿਆ ਕਰੋ, ਇਹੋ ਸ੍ਰੇਸ਼ਟ ਤੇ ਪੂਰਨ ਸੁਖ ਹੈ। ਨਾਨਕ (ਉਨ੍ਹਾਂ ਗੁਰਮੁਖ) ਜਨਾਂ (ਦੇ ਚਰਨਾਂ) ਦੀ ਧੂੜ ਹੈ, (ਜਿਹੜੇ) ਸਾਧ ਸੰਗਤ ਵਿਚ (ਨਾਮ ਜਪ ਕੇ) ਜਨਮ ਮਰਣ ਦੂਰ ਕਰ ਲੈਂਦੇ ਹਨ।੪।੪।੧੬੨।

ਪਦਾਰਥ = ਉਬਰਤ–ਬਚ ਜਾਂਦਾ ਹੈ; ਮੁਕਤ ਹੁੰਦਾ ਹੈ। ਰਾਜਾ ਰਾਮ–ਪ੍ਰਕਾਸ਼ ਸਰੂਪ ਕਰਤਾਰ। ਸਰਬ ਲੋਕ–ਸਾਰੇ ਲੋਕ (ਇੰਦ੍ਰ ਲੋਕ, ਸ਼ਿਵ ਲੋਕ ਜਾਂ ਮਾਤ ਲੋਕ, ਪਤਾਲ ਤੇ ਅਕਾਸ਼ ਲੋਕ)। ਮੰਡਲ–ਟਿਕਾਣੇ; ਸਥਾਨ; ਦੇਸ਼। ਗਿਰਿ ਪਰਤੇ–ਡਿਗ ਪੈਂਦੇ ਹਨ। ਧਰਣੀ–ਧਰਤੀ ਤੇ।੧। ਰਹਾਉ। ਇਉ–ਇਸ ਤਰ੍ਹਾਂ। ਨਿਸਤਾਰਾ–ਪਾਰ ਉਤਾਰਾ; ਛੁਟਕਾਰਾ। ਕਿਨਹੂੰ–ਕਿਸੇ ਨੇ। ਲਹਿਆ–ਲਭਿਆ; ਪਾਇਆ ।੧। ਤੀਨਿ ਭਵਨ–ਤਿੰਨ ਲੋਕ (ਮਾਤ ਲੋਕ, ਪਤਾਲ ਤੇ ਅਕਾਸ਼ ਲੋਕ)। ਲਖਮੀ–ਮਾਇਆ। ਜੋਰੀ–ਜੋੜ ਲਈ। ਬੂਝਤ ਨਾਹੀ–ਮਿਟਦੀ ਨਹੀਂ; ਸ਼ਾਂਤ ਨਹੀਂ ਹੁੰਦੀ। ਲਹਰੇ–ਲਹਿਰਾਂ (ਲੋਭ ਦੀਆਂ)। ਕਹਾ–ਕਿੱਥੇ। ਥਿਤਿ–ਟਿਕਾਉ। ਫਿਰਤੋ–ਭਟਕਦਾ ਫਿਰਦਾ ਹੈ।੨। ਬਿਲਾਸ –ਭੋਗਾਂ ਦੇ ਅਨੰਦ; ਖੇਲ ਤਮਾਸ਼ੇ। ਮਨ ਮੋਹਨ–ਮਨ ਨੂੰ ਮੋਹ ਲੈਣ ਵਾਲੇ। ਹੋਤ ਨ–ਨਹੀਂ ਹੁੰਦੇ। ਕਾਮਾ–ਕਾਮਨਾ (ਖਾਹਿਸ਼ਾਂ)। ਜਲਤੋ–ਸੜਦਾ ਹੈ। ਕਬਹੂ–ਕਦੇ ਵੀ। ਨ ਬੂਝਤ–ਨਹੀਂ ਬੁਝਦੀ (ਮਿਟਦੀ)। ਬ੍ਰਿਥੇ–ਬਿਅਰਥ।੩। ਮੇਰੇ ਮੀਤਾ–ਹੇ ਮੇਰੇ ਮਿਤ੍ਰੋ!। ਸਾਰ–ਸ੍ਰੇਸ਼ਟ ;ਅਸਲ। ਨਿਵਾਰੈ–ਦੂਰ ਕਰ ਲੈਂਦਾ ਹੈ। ਧੂਰਾ–ਚਰਨ ਧੂੜ।੪।੪।੧੬੨।

ਪਹਰੇ ਪਹਰੇ = ਹਰ ਸਮੇਂ; ਦਿਨ ਰਾਤ (ਅੱਠੇ ਪਹਿਰ); ਜੀਵਨ ਦੀ ਹਰੇਕ (ਬਾਲ ਜੁਆਨੀ ਤੇ ਬਿਰਧ) ਅਵਸਥਾ ਵਿਚ {ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ...੭੪}; ਭੇਖ ਪਹਿਰ ਪਹਿਰ ਕੇ; ਧਨ ਦੀ ਰਾਖੀ ਲਈ ਪਹਿਰੇ ਤੇ ਪਹਿਰਾ ਦਿੰਦਾ ਰਹਿੰਦਾ ਹੈ।

ਗਉੜੀ ਮਾਲਾ ਮਹਲਾ ੫ ॥ ਮੋ ਕਉ ਇਹ ਬਿਧਿ ਕੋ ਸਮਝਾਵੈ ॥ ਕਰਤਾ ਹੋਇ ਜਨਾਵੈ ॥੧॥ਰਹਾਉ॥ (ਹੇ ਭਾਈ!) ਮੈਨੂੰ ਇਹ ਤਰੀਕਾ ਕੋਈ ਸਮਝਾ ਦੇਵੇ; ਮੈਨੂੰ ਇਹ ਵਿਧੀ ਕੌਣ ਸਮਝਾਵੇ? (ਪਰ ਜੇ ਕੋਈ ਜੀਵ) ਕਰਣਹਾਰ ਹੋਵੇ ਤਾਂ ਸਮਝਾ ਸਕੇ (ਜੀਵ ਤਾਂ ਕੁਛ ਕਰਨ ਵਾਲਾ ਹੈ ਹੀ ਨਹੀਂ, ਕਰਤਾ ਤਾਂ ਇਕ ਹਰੀ ਹੀ ਹੈ। ਜਿਵੇਂ ਉਹ ਜੀਵ ਤੋਂ ਕਰਾਉਂਦਾ ਹੈ, ਤਿਵੇਂ ਜੀਵ ਕਰਦਾ ਹੈ। ਅਗੇ ਦਸਿਆ ਹੈ ਕਿ ਜੀਵ ਜੋ ਕੁਝ ਕਰਦਾ ਹੈ, ਬਿਨਾ ਜਾਣੇ ਕਰਦਾ ਹੈ) ਸ਼ਬਦਾਰਥ।੧। ਰਹਾਉ।

ਅਨਜਾਨਤ ਕਿਛੁ ਇਨਹਿ ਕਮਾਨੋ, ਜਪ ਤਪ ਕਛੂ ਨ ਸਾਧਾ ॥ ਦਹ ਦਿਸਿ ਲੈ ਇਹੁ ਮਨੁ ਦਉਰਾਇਓ, ਕਵਨ ਕਰਮ ਕਰਿ ਬਾਧਾ ॥੧॥ ਇਸ (ਮਨੁੱਖ) ਨੇ ਬਿਨਾ ਜਾਣੇ (ਬੇ ਸਮਝੀ ਵਿਚ) ਕੁਛ ਕਰਮ ਕਮਾਏ (ਜੀਵ ਨੂੰ ਪਤਾ ਹੀ ਨਹੀਂ ਕਿ ਕਿਹੜੇ ਕਰਮ ਦਾ ਫਲ ਚੰਗਾ ਹੈ ਤੇ ਕਿਸ ਕਰਮ ਦਾ ਫਲ ਬੁਰਾ ਹੈ) ਤੇ ਜਪ ਤਪ ਆਦਿ ਕੁਛ ਨਹੀਂ ਕੀਤਾ। ਜੀਵ ਅਪਣੇ ਇਸ ਮਨ ਨੂੰ ਲੈ ਕੇ ਦਸਾਂ ਦਿਸ਼ਾਵਾਂ ਵੱਲ ਦੁੜਾਉਂਦਾ ਰਿਹਾ ਹੈ, (ਜੀਵ) ਕਿਹੜੇ ਕਰਮਾਂ ਕਰਕੇ ਬੱਧਾ ਪਿਆ ਹੈ?।੧। ਉਤਰ ਅਗਲੀ ਤੁਕ ਵਿਚ ਦਸਿਆ ਹੈ।

All Rights Reserved by Harjinder Singh Gyani | www.GuruGranthVakhyaan.org

ਅੰਗ ੨੧੬ = ਮਨ ਤਨ ਧਨ ਭੂਮਿ ਕਾ ਠਾਕੁਰੁ ,ਹਉ ਇਸ ਕਾ ਇਹੁ ਮੇਰਾ ॥ ਭਰਮ ਮੋਹ ਕਛੁ ਸੂਝਸਿ ਨਾਹੀ, ਇਹ ਪੈਖਰ ਪਏ ਪੈਰਾ ॥੨॥ (ਹਉਮੈ ਹੀ ਸਾਰੇ ਬੰਧਨਾਂ ਦੀ ਜੜ੍ਹ ਹੈ, ਮੇਰਾ) ਮਨ ਤਨ ਧਨ ਹੈ ਤੇ ਮੈਂ ਜਮੀਨ ਦਾ ਮਾਲਕ ਹਾਂ ਅਤੇ ਆਖਦਾ ਹੈ ਕਿ ਮੈਂ ਇਸ (ਮਾਲ ਧਨ) ਦਾ ਮਾਲਕ ਹਾਂ ਤੇ ਇਹ ਸਭ ਕੁਛ ਮੇਰਾ ਹੈ। ਭਰਮ ਤੇ ਮੋਹ ਕਰਕੇ (ਜੀਵ ਨੂੰ) ਕੁਛ ਸੁੱਝਦਾ ਨਹੀਂ (ਭਰਮ ਤੇ ਮੋਹ ਕਰਕੇ ਅਸਲੀਅਤ ਸਮਝ ਨਹੀਂ ਆਉਂਦੀ ਕਿ ਜਿਸ ਮਨ ਤਨ ਧਨ ਤੇ ਭੂਮੀ ਨੂੰ ਅਪਣੇ ਮੰਨੀ ਬੈਠਾ ਹੈ, ਇਹ ਸਭ ਮਰਣ ਸਮੇਂ ਇਥੇ ਹੀ ਛਡ ਜਾਣੇ ਹਨ), ਇਹੋ ਪੈਂਖੜ ਇਸ ਦੇ ਪੈਰਾਂ ਵਿਚ ਪਏ ਹੋਏ ਹਨ।੨।

ਤਬ ਇਹੁ ਕਹਾ ਕਮਾਵਨ ਪਰਿਆ, ਜਬ ਇਹੁ ਕਛੂ ਨ ਹੋਤਾ ॥ ਜਬ ਏਕ ਨਿਰੰਜਨ ਨਿਰੰਕਾਰ ਪ੍ਰਭ, ਸਭੁ ਕਿਛੁ ਆਪਹਿ ਕਰਤਾ ॥੩॥ ਜਦ ਇਹ ਜੀਵ ਕੁਛ ਵੀ ਨਹੀਂ ਸੀ ਹੁੰਦਾ (ਜਗਤ ਰਚਨਾ ਤੋਂ ਪਹਿਲਾਂ ਜੀਵ ਦੀ ਹੋਂਦ ਹੀ ਨਹੀਂ ਸੀ), ਉਦੋਂ ਇਹ ਕਿਹੜੇ (ਕਰਮ) ਕਮਾਉਣ ਵਿਚ ਪਿਆ ਸੀ? (ਹੁਣ ਤਨ ਮਨ ਧਨ ਤੇ ਭੂਮੀ ਦਾ ਮਾਣ ਕਰਦਾ ਹੈ)। ਜਦੋਂ ਮਾਇਆ ਤੋਂ ਨਿਰਲੇਪ ਤੇ ਅਕਾਰ ਰਹਿਤ ਇਕ ਪ੍ਰਭੂ ਸੀ, (ਉਦੋਂ ਪ੍ਰਭੂ) ਸਭ ਕੁਛ ਆਪ ਹੀ ਕਰਨ ਵਾਲਾ ਸੀ।੩।

ਅਪਨੇ ਕਰਤਬ ਆਪੇ ਜਾਨੈ, ਜਿਨਿ ਇਹੁ ਰਚਨੁ ਰਚਾਇਆ ॥ ਕਹੁ ਨਾਨਕ ਕਰਣਹਾਰੁ ਹੈ ਆਪੇ, ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥ ਜਿਸ (ਪ੍ਰਭੂ) ਨੇ ਇਹ ਰਚਨ ਰਚਾਇਆ ਹੈ, (ਉਹ) ਅਪਣੇ ਕੰਮਾਂ ਨੂੰ ਆਪ ਹੀ ਜਾਣਦਾ ਹੈ। ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਨੇ ਮੇਰਾ ਭਰਮ ਦੂਰ ਕਰ ਦਿਤਾ (ਤੇ ਸਮਝਾ ਦਿਤਾ ਹੈ ਕਿ ਤਨ ਮਨ ਧਨ ਤੇ ਭੂਮੀ ਅਪਣੇ ਨਹੀਂ ਹਨ) ਪ੍ਰਭੂ ਆਪ ਹੀ ਸਭ ਕੁਛ ਕਰਨ ਵਾਲਾ ਹੈ।੪।੫।੧੬੩।(ਸੁਖਮਨੀ ਸਾਹਿਬ ਦੀ ੨੧ ਵੀਂ ਅਸਟਪਦੀ ਵਿਚ ਵੀ ਇਸੇ ਤਰ੍ਹਾਂ ਦਾ ਵਖਿਆਨ ਹੈ)।

ਪਦਾਰਥ = ਮੋ ਕਉ-ਮੈਨੂੰ। ਬਿਧਿ-ਤਰੀਕਾ। ਕੋ-ਕੋਈ; ਕੌਣ। ਕਰਤਾ-(ਕਰਮ) ਕਰਨ ਵਾਲਾ। ਜਨਾਵੈ-ਸਮਝਾਵੇ; ਦੱਸੇ।੧।ਰਹਾਉ।ਅਨ ਜਾਨਤ-ਬਿਨਾ ਜਾਣੇ; ਅਣਜਾਣ ਪੁਣੇ ਵਿਚ। ਇਨਹਿ-ਇਸ ਜੀਵ ਨੇ। ਕਮਾਨੋ-ਕਮਾਏ (ਕੀਤੇ)। ਨ ਸਾਧਾ-ਨਹੀਂ ਕੀਤਾ। ਦਹ ਦਿਸਿ-ਦਸੀਂ ਪਾਸੀਂ (ਚਾਰ ਚੁਫੇਰੇ)। ਦਉਰਾਇਓ-ਦੁੜਾਇਆ। ਕਵਨ-ਕਿਹੜੇ। ਬਾਧਾ-ਬੱਝਾ ਪਿਆ ਹੈ।੧। ਭੂਮਿ-ਜਮੀਨ। ਠਾਕੁਰੁ-ਮਾਲਕ। ਹਉ-ਮੈਂ। ਪੈਖਰ ਪੈਰਾ-ਪੈਰਾਂ ਵਿਚ ਪਾਈ ਰੱਸੀ (ਜੋ ਦੌੜਨ ਨਹੀਂ ਦਿੰਦੀ)।੨। ਕਹਾ-ਕਿਹੜੇ। ਪਰਿਆ-ਪਿਆ ਸੀ। ਜਬ-ਜਦੋਂ। ਨ ਹੋਤਾ-ਨਹੀਂ ਸੀ ਹੁੰਦਾ। ਆਪਹਿ-ਆਪ ਹੀ।੩। ਰਚਨੁ-ਜਗਤ ਰਚਨਾ। ਚੁਕਾਇਆ-ਦੂਰ ਕੀਤਾ।੪।੫।੧੬੩।

ਗਉੜੀ ਮਾਲਾ ਮਹਲਾ ੫ ॥ ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ, ਇਹਿ ਓਰੈ ਮੂਸੇ ॥੧॥ਰਹਾਉ॥ ਹਰੀ ਦੇ ਨਾਮ ਸਿਮਰਨ ਤੋਂ ਬਿਨਾ ਹੋਰ (ਮਿਥੇ ਹੋਏ ਧਾਰਮਕ) ਕਰਮ ਕਰਨੇ ਵਿਅਰਥ ਹਨ। (ਜਿੰਨੇ ਵੀ) ਜਪ ਤਪ ਸੰਜਮ ਆਦਿ ਕਰਮ ਕਮਾਉਣੇ ਹਨ, ਇਹ ਉਰੇ (ਜਮ ਮਾਰਗ ਵਿਚ) ਹੀ ਲੁੱਟ ਲਏ ਜਾਂਦੇ ਹਨ (ਪ੍ਰਲੋਕ ਦੇ ਰਸਤੇ ਵਿਚ ਬੜੀਆਂ ਤਕਲੀਫਾਂ ਹਨ, ਉਨ੍ਹਾਂ ਤੋਂ ਬਚਣ ਲਈ ਜਮ ਇਸ ਦੇ ਜਪ ਤਪ ਕਰਮਾਂ ਦਾ ਫਲ ਲੈ ਕੇ ਬਚਾ ਕਰਦੇ ਹਨ)।੧।ਰਹਾਉ।

ਬਰਤ ਨੇਮ ਸੰਜਮ ਮਹਿ ਰਹਤਾ, ਤਿਨ ਕਾ ਆਢੁ ਨ ਪਾਇਆ ॥ ਆਗੈ ਚਲਣੁ ਅਉਰੁ ਹੈ ਭਾਈ, ਊਂਹਾ ਕਾਮਿ ਨ ਆਇਆ ॥੧॥ (ਜਿਹੜਾ ਮਨੁੱਖ) ਵਰਤ ਰਖਣ, ਨੇਮ ਤੇ ਸੰਜਮ ਕਰਨ ਵਿਚ ਲੱਗਾ ਰਹਿੰਦਾ ਹੈ, ਉਨ੍ਹਾਂ (ਕੀਤੇ ਕਰਮਾਂ) ਦਾ ਮੁੱਲ (ਰੱਬ ਦੇ ਦਰਬਾਰ ਵਿਚ) ਅਧੀ ਕੌਡੀ ਵੀ ਨਹੀਂ ਪੈਂਦਾ; ਕਰਮ ਕਰਨ ਵਾਲੇ ਨੂੰ ਉਨ੍ਹਾਂ ਕਰਮਾਂ ਦਾ ਮੁੱਲ ਅੱਧੀ ਕੌਡੀ ਵੀ ਨਹੀਂ ਪ੍ਰਾਪਤ ਹੁੰਦਾ। ਹੇ ਭਾਈ! ਅੱਗੇ (ਰੱਬ ਦੇ ਦਰਬਾਰ ਵਿਚ) ਰੀਤੀ ਰਿਵਾਜ ਹੋਰ ਹਨ, (ਜਪ ਤਪ ਆਦਿ ਕੋਈ ਵੀ) ਉਥੇ ਕੰਮ ਨਹੀਂ ਆਉਂਦੇ।੧।

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ, ਆਗੈ ਠਉਰ ਨ ਪਾਵੈ ॥ ਊਹਾ ਕਾਮਿ ਨ ਆਵੈ ਇਹ ਬਿਧਿ, ਓਹੁ ਲੋਗਨ ਹੀ ਪਤੀਆਵੈ ॥੨॥ (ਇਸੇ ਤਰ੍ਹਾਂ ਜੋ ਮਨੁੱਖ) ਤੀਰਥਾਂ ਤੇ ਨ੍ਹਾਉਂਦਾ ਹੈ ਅਤੇ (ਯਾਤਰਾ ਕਰਦਾ) ਧਰਤੀ ਤੇ ਤੁਰਿਆ ਫਿਰਦਾ ਹੈ, (ਉਹ) ਅੱਗੇ ਜਾ ਕੇ ਥਾਂ ਪ੍ਰਾਪਤ ਨਹੀਂ ਕਰ ਸਕਦਾ। ਉਹ ਲੋਕਾਂ ਨੂੰ ਹੀ ਖੁਸ਼ ਕਰਦਾ ਹੈ (ਕਰਮ ਕਾਂਡੀ ਲੋਕ ਤਾਂ ਖੁਸ਼ ਹੋ ਜਾਂਦੇ ਹਨ, ਪਰ) ਇਸ ਵਿਧੀ ਨਾਲ ਕੀਤੇ ਕਰਮ ਉਥੇ (ਰੱਬੀ ਦਰਬਾਰ ਵਿਚ) ਕੰਮ ਨਹੀਂ ਆਉਂਦੇ।੨।

ਚਤੁਰ ਬੇਦ ਮੁਖ ਬਚਨੀ ਉਚਰੈ, ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕੁ ਸੁਧਾਖਰੁ ,ਓਹੁ ਸਗਲੀ ਝਾਖ ਝਖਾਈਐ ॥੩॥ (ਜੇ ਕੋਈ ਮਨੁੱਖ ਕੰਠ ਕਰਕੇ) ਚਾਰੇ ਬੇਦ ਮੂੰਹ ਜਬਾਨੀ ਉਚਾਰਦਾ ਹੈ, (ਤਾਂ ਵੀ ਉਹ) ਅੱਗੇ ਰੱਬੀ ਮਹਿਲ ਨਹੀ ਪਾ ਸਕਦਾ। (ਜਿਹੜਾ ਮਨੁੱਖ) ਇਕ ਪਵਿਤ੍ਰ ਅੱਖਰ (ਵਾਹਿਗੁਰੂ ਦੇ ਨਾਮ) ਨੂੰ ਨਹੀਂ ਸਮਝਦਾ, ਉਹ ਸਾਰੀ ਕਰਨੀ ਕਰਕੇ ਬਿਅਰਥ ਖਪਦਾ ਹੈ।੩।

ਨਾਨਕੁ ਕਹਤੋ ਇਹੁ ਬੀਚਾਰਾ, ਜਿ ਕਮਾਵੈ ਸੁ ਪਾਰ ਗਰਾਮੀ ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ,ਤਿਆਗਹੁ ਮਨਹੁ ਗੁਮਾਨੀ ॥੪

All Rights Reserved by Harjinder Singh Gyani | www.GuruGranthVakhyaan.org

॥੬॥੧੬੪॥ ਨਾਨਕ (ਗੁਰੂ ਜੀ) ਇਹ ਬਿਚਾਰ ਆਖ ਰਹੇ ਹਨ ਕਿ ਜਿਹੜਾ (ਗੁਰੂ ਦਾ ਕਿਹਾ ਉਪਦੇਸ਼) ਕਮਾਉਂਦਾ ਹੈ, ਉਹ (ਮਨੁੱਖ ਸੰਸਾਰ ਸਾਗਰ ਤੋਂ ਤਰ ਕੇ) ਪਾਰ ਲੰਘ ਜਾਣ ਵਾਲਾ ਹੁੰਦਾ ਹੈ।(ਉਹ ਬਿਚਾਰ ਇਹ ਹੈ ਕਿ ਹੇ ਭਾਈ! ਤਨ ਕਰਕੇ) ਗੁਰੂ ਨੂੰ ਸੇਵੋ ਤੇ (ਮਨ ਕਰਕੇ ਵਾਹਿਗੁਰੂ ਦਾ) ਨਾਮ ਸਿਮਰੋ ਅਤੇ ਮਨ ਵਿਚੋਂ ਹੰਕਾਰ ਛਡ ਦੇਵੋ।੪।੬।੧੬੪।

ਪਦਾਰਥ = ਅਵਰ-ਹੋਰ।ਕ੍ਰਿਆ-ਕਰਮ।ਜਪ-ਦੇਵਤਿਆਂ ਨੂੰ ਖੁਸ਼ ਕਰਨ ਵਾਲੇ ਮੰਤ੍ਰਾਂ ਦਾ ਜਾਪ।ਤਪ-ਤਪ ਕਰਨਾ।ਸੰਜਮ-ਮਨ ਨੂੰ ਵਿਸ਼ਿਆਂ ਵੱਲੋਂ ਰੋਕਣ ਦੇ ਸਾਧਨ।ਓਰੈ-ਉਰੇ (ਪਹਿਲਾਂ) ਹੀ।ਮੁਸੇ-ਲੁੱਟੇ ਜਾਂਦੇ ਹਨ।੧।ਰਹਾਉ।ਬਰਤ-ਇਕਾਦਸ਼ੀ ਆਦਿ ਦੇ ਵਰਤ।ਤਿਨ ਕਾ-ਉਨ੍ਹਾਂ (ਕਰਮਾਂ) ਦਾ।ਆਢੁ-ਅੱਧੀ ਕੌਡੀ।ਆਗੈ-ਅੱਗੇ ਰੱਬ ਦੇ ਦਰਬਾਰ ਵਿਚ।ਚਲਣੁ-ਰਿਵਾਜ; ਨਾਲ ਚਲਣ ਵਾਲਾ; ਵਰਤ ਵਿਹਾਰ।ਊਂਹਾ-ਉਥੇ ਰੱਬ ਦੇ ਦਰਬਾਰ ਵਿਚ।੧।ਤੀਰਥਿ-ਤੀਰਥਾਂ ਉਤੇ।ਨਾਇ-ਸ਼ਨਾਨ ਕਰਦਾ ਹੈ।ਅਰੁ-ਅਤੇ। ਧਰਨੀ-ਧਰਤੀ।ਠਉਰੁ-ਥਾਂ।ਬਿਧਿ-ਤਰੀਕਾ।ਲੋਗਨ ਹੀ-ਲੋਕਾਂ ਨੂੰ ਹੀ।ਪਤੀਆਵੈ-ਖੁਸ਼ ਕਰਦਾ ਹੈ; ਪਰਚਾਉਂਦਾ ਹੈ; ਝੂਠੀ ਤਸੱਲੀ ਦੇਂਦਾ ਹੈ (ਕਿ ਮੈਂ ਭਗਤ ਹਾਂ)।੨।ਚਤਰ ਬੇਦ-ਚਾਰ ਬੇਦ।ਮੁਖ ਬਚਨੀ-ਮੂੰਹ ਦੇ ਬਚਨਾ ਨਾਲ (ਮੂੰਹ ਜਬਾਨੀ)।ਬੂਝੈ ਨਾਹੀ-ਸਮਝਦਾ ਨਹੀ; ਜਾਣਦਾ ਨਹੀਂ।ਸੁਧਾਖਰੁ-ਸ਼ੁੱਧ ਅਖਰ (ਵਾਹਿਗੁਰੂ ਦਾ ਨਾਮ)।ਸਗਲੀ-ਸਾਰੀ (ਕਰਨੀ ਕਰਕੇ); ਸਾਰੀ (ਉਮਰ)। ਝਾਖਿ ਝਖਾਈਐ-ਬਕਵਾਦ ਕਰਕੇ ਸਿਰ ਖਪਾਈ ਕਰਦਾ ਹੈ; ਝੱਖਾਂ ਮਾਰਦਾ ਹੈ।੩।ਕਹਤੌ-ਆਖਦਾ ਹੈ।ਜਿ-ਜਿਹੜਾ (ਮਨੁੱਖ)।ਸੁ-ਉਹ।ਪਾਰ ਗਰਾਮੀ-ਪਾਰ ਲੰਘਣ ਵਾਲਾ; ਮੁਕਤ।ਗੁਮਾਨੀ-ਹੰਕਾਰ; ਹੰਕਾਰ ਪੁਣਾ।੪।੬।੧੬੪।

ਓਹੁ ਲੋਕ ਨਹੀ ਪਤੀਆਵੈ = (ਇਸ ਮਨੁੱਖ ਉਤੇ ਪ੍ਰਲੋਕ ਦੇ) ਉਹ ਲੋਕ ਨਹੀਂ ਪਤੀਜਣਗੇ (ਨਹੀਂ ਮੰਨਣਗੇ ਇਸ ਦੀ ਕਰਣੀ ਨੂੰ)। ਟਕਸਾਲ ਨੇ ਦੋਵੇਂ 'ਲੋਗ ਨਹੀ' ਤੇ 'ਲੋਗਨ ਹੀ' ਪਾਠ ਕੀਤੇ ਹਨ।

ਗਉੜੀ ਮਾਲਾ ੫ ॥ ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥ ਹਮ ਤੇ ਕਛੂ ਨ ਹੋਵੈ ਸੁਆਮੀ, ਜਿਉ ਰਾਖਹੁ ਤਿਉ ਰਹੀਐ ॥੧॥ ਰਹਾਉ॥ ਹੇ ਵਾਹਿਗੁਰੂ! (ਸਾਡੇ ਤੇ ਕ੍ਰਿਪਾ ਕਰੋ, ਤਾਂ ਕਿ ਅਸੀਂ ਅਪਣੇ) ਮੂੰਹੋਂ ਹਰਿ ਹਰਿ ਨਾਮ ਜਪਦੇ ਰਹੀਏ।ਹੇ ਸੁਆਮੀ! ਸਾਡੇ ਪਾਸੋਂ (ਅਪਣੇ ਆਪ) ਕੁਛ ਨਹੀਂ ਹੋ ਸਕਦਾ, ਜਿਵੇਂ (ਤੁਸੀਂ ਮੇਹਰ ਕਰਕੇ) ਰੱਖਦੇ ਹੋ, ਤਿਵੇਂ ਅਸੀਂ ਰਹਿੰਦੇ ਹਾਂ।੧।ਰਹਾਉ।

ਕਿਆ ਕਿਛੁ ਕਰੈ ਕਿ ਕਰਣੈਹਾਰਾ, ਕਿਆ ਇਸੁ ਹਾਥਿ ਬਿਚਾਰੇ ॥ ਜਿਤੁ ਤੁਮ ਲਾਵਹੁ ਤਿਤ ਹੀ ਲਾਗਾ, ਪੂਰਨ ਖਸਮ ਹਮਾਰੇ ॥੧॥ (ਇਹ ਜੀਵ) ਕੀ ਕੁਝ ਕਰ ਸਕਦਾ ਹੈ ਅਤੇ ਕੀ ਕਰਨ ਜੋਗਾ ਹੈ? ਇਸ ਵਿਚਾਰੇ (ਜੀਵ) ਦੇ ਹੱਥ ਵਿਚ ਕੀ (ਤਾਕਤ) ਹੈ? ਹੇ ਸਾਡੇ ਪਰੀ ਪੂਰਨ ਮਾਲਕ ਵਾਹਿਗੁਰੂ! ਜਿਸ ਪਾਸੇ ਤੁਸੀਂ ਲਾਉਂਦੇ ਹੋ, ਉਸ ਪਾਸੇ ਹੀ (ਜੀਵ) ਲੱਗਦਾ ਹੈ।੧।

ਕਰਹੁ ਕ੍ਰਿਪਾ ਸਰਬ ਕੇ ਦਾਤੇ, ਏਕ ਰੂਪ ਲਿਵ ਲਾਵਹੁ ॥ ਨਾਨਕ ਕੀ ਬੇਨੰਤੀ ਹਰਿ ਪਹਿ, ਅਪੁਨਾ ਨਾਮੁ ਜਪਾਵਹੁ ॥੨॥੭॥੧੬੫ ॥ ਹੇ ਸਾਰੇ (ਜੀਵਾਂ ਨੂੰ) ਦਾਤਾਂ ਦੇਣ ਵਾਲੇ ਵਾਹਿਗੁਰੂ! (ਮੇਰੇ ਤੇ) ਕ੍ਰਿਪਾ ਕਰੋ, (ਅਪਣੇ) ਇਕ ਸਰੂਪ ਦੀ ਲਿਵ ਲਗਾ ਦੇਵੋ।ਨਾਨਕ ਦੀ ਹਰੀ ਪਾਸ ਬੇਨਤੀ ਹੈ, (ਹੇ ਹਰੀ! ਮੈਥੋਂ) ਅਪਣਾ ਨਾਮ ਜਪਾਵੋ।੨।੭।੧੬੫।

ਪਦਾਰਥ = ਮਾਧਉ-ਹੇ ਮਾਇਆ ਪਤੀ (ਵਾਹਿਗੁਰੂ)।ਮੁਖਿ-ਮੂੰਹ ਨਾਲ।ਹਮ ਤੇ-ਸਾਡੇ ਤੋਂ।ਸੁਆਮੀ-ਹੇ ਮਾਲਕ! (ਵਾਹਿਗੁਰੂ)। ੧।ਰਹਾਉ।ਕਿ-ਕੀ।ਹਾਥਿ-ਹੱਥ ਵਿਚ।ਜਿਤੁ-ਜਿਸ ਪਾਸੇ; ਜਿਧਰ।ਤਿਤ-ਉਸ ਪਾਸੇ।ਪੂਰਨ-ਸਰਬ ਵਿਆਪਕ।ਖਸਮ-ਮਾਲਕ ।੧।ਏਕ ਰੂਪ-ਅਪਣੇ ਇਕ ਸਰੂਪ ਦੀ।ਲਿਵ-ਵਾਹਿਗੁਰੂ ਵਿਚ ਮਨ ਜੋੜਨਾ।ਪਹਿ-ਪਾਸ; ਕੋਲ।੨।੭।੧੬੫।

ਰਾਗੁ ਗਉੜੀ ਮਾਝ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਦੀਨ ਦਇਆਲ ਦਮੋਦਰ ਰਾਇਆ ਜੀਉ ॥ ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥ ਭਗਤ ਵਛਲੁ ,ਤੇਰਾ ਬਿਰਦੁ ਰਖਾਇਆ ਜੀਉ ॥ ਪੂਰਨ ਸਭਨੀ ਜਾਈ ਜੀਉ ॥੧॥ ਹੇ ਗਰੀਬਾਂ ਤੇ ਦਇਆ ਕਰਨ ਵਾਲੇ! ਹੇ ਪ੍ਰਕਾਸ਼ ਸਰੂਪ ਅਕਾਲ ਪੁਰਖ! (ਆਪ ਜੀ ਨੇ) ਕ੍ਰੋੜਾਂ ਭਗਤ ਜਨ ਪੈਦਾ ਕਰਕੇ (ਅਪਣੀ) ਸੇਵਾ ਵਿਚ ਲਾਏ ਹੋਏ ਹਨ ਜੀ।ਭਗਤਾਂ ਦਾ ਪਿਆਰਾ ਹੋਣਾ ਇਹ ਤੇਰਾ ਨਿਤ ਦਾ ਕਰਮ ਹੈ, (ਅਪਣਾ ਨਾਂ ਭਗਤ ਵੱਛਲ) ਰਖਾਇਆ ਹੋਇਆ ਹੈ ਜੀ ਅਤੇ ਸਭ ਥਾਂਵਾਂ ਤੇ ਪਰੀ ਪੂਰਨ (ਸਰਬ ਵਿਆਪਕ) ਹੋ।੧।

ਕਿਉ ਪੇਖਾ ਪ੍ਰੀਤਮੁ ,ਕਵਣ ਸੁਕਰਣੀ ਜੀਉ ॥ ਸੰਤਾ ਦਾਸੀ ਸੇਵਾ ਚਰਣੀ ਜੀਉ ॥ ਇਹੁ ਜੀਉ ਵਤਾਈ, ਬਲਿ ਬਲਿ ਜਾਈ ਜੀਉ ॥ ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥੨॥ (ਮੈਂ ਅਪਣੇ) ਪਿਆਰੇ ਪ੍ਰਭੂ ਨੂੰ ਕਿਵੇਂ ਦੇਖਾਂ? (ਉਹ) ਕਿਹੜੀ ਸ੍ਰੇਸਟ ਕਰਣੀ ਹੈ? (ਜਿਸ ਨਾਲ ਪ੍ਰਭੂ ਦੇ ਦਰਸ਼ਨ ਹੋ ਜਾਣ।ਉਤਰ – ਗੁਰੂ ਤੋਂ ਪਤਾ ਲੱਗਾ ਹੈ ਕਿ ਪ੍ਰਭੂ ਦੇ ਦਰਸ਼ਨ ਕਰਾਉਣ ਵਾਲੇ) ਸੰਤਾਂ ਦੀ ਦਾਸੀ

All Rights Reserved by Harjinder Singh Gyani | www.GuruGranthVakhyaan.org

ਬਣ ਕੇ (ਉਨ੍ਹਾਂ ਦੇ) ਚਰਣਾਂ ਦੀ ਸੇਵਾਂ ਕਰਾਂ ਜੀ।(ਮੈਂ ਉਨ੍ਹਾਂ ਤੋਂ ਅਪਣੀ) ਇਹ ਜਿੰਦ ਵਾਰ ਦਿਆਂ, (ਮਨ ਕਰਕੇ ਤੇ ਤਨ ਕਰਕੇ) ਬਲਹਾਰ ਜਾਵਾਂ ਅਤੇ (ਜਿਹੜਾ ਸੰਤ ਗੁਰੂ ਮੈਨੂੰ ਪ੍ਰਭੂ ਮਿਲਾ ਦੇਵੇ, ਮੈਂ) ਝੁਕ ਝੁਕ ਕੇ ਉਸ ਦੇ ਚਰਨੀ ਲਗ ਜਾਵਾਂ ਜੀ।੨।

ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥ ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥ ਹਰਿ ਨਿਰਭਉ ਨਾਮੁ ਧਿਆਈ ਜੀਉ ॥੩॥ ਪੰਡਤ ਬੇਦ ਆਦਿ ਧਰਮ ਪੁਸਤਕਾਂ ਨੂੰ ਖੋਜਦੇ (ਵਿਚਾਰਦੇ) ਹਨ ਜੀ।(ਕੋਈ) ਬੈਰਾਗੀ ਬਣ ਕੇ ਤੀਰਥਾਂ ਤੇ ਨ੍ਹਾਉਂਦਾ ਫਿਰਦਾ ਹੈ।ਕੋਈ ਗੀਤ ਗਾਉਂਦਾ ਹੈ, ਕੋਈ ਵਾਜੇ ਵਜਾਉਂਦਾ ਤੇ ਕੋਈ ਦੇਵਤਿਆਂ ਜਾਂ ਅਵਤਾਰਾਂ ਦਾ ਜਸ ਗਾਉਂਦਾ ਹੈ (ਰਾਸਧਾਰੀਏ ਤੇ ਹੋਰ ਗਾਉਣ ਵਜਾਉਣ ਵਾਲਿਆਂ ਦਾ ਜਿਕਰ ਹੈ।ਪਰ ਮੈਂ) ਨਿਰਭਉ ਹਰੀ ਦਾ ਨਾਮ ਧਿਆਉਂਦਾ ਹਾਂ ਜੀ।੩।

ਅੰਗ ੨੧੭ = ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥ ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥ ਗੁਰ ਮਨ ਕੀ ਆਸ ਪੂਰਾਈ ਜੀਉ ॥੪॥ (ਜਿਨ੍ਹਾਂ ਪੁਰਖਾਂ ਉਤੇ ਮੇਰੇ ਉਤੇ) ਮੇਰੇ ਮਾਲਕ ਪ੍ਰਭੂ ਦਇਆਵਾਨ ਹੋਏ ਹਨ ਜੀ। (ਉਹ) ਪਤਿਤ ਪੁਰਖ ਵੀ ਗੁਰੂ ਦੇ ਚਰਨਾਂ ਨਾਲ ਲਗ ਕੇ ਪਵਿਤ੍ਰ ਹੋ ਗਏ ਜੀ।ਗੁਰੂ ਨੇ ਭਰਮ ਤੇ ਡਰ ਕੱਟ ਕੇ (ਉਹ) ਨਿਰਵੈਰ ਬਣਾ ਦਿਤੇ ਹਨ ਜੀ ਅਤੇ (ਪ੍ਰਭੂ ਪ੍ਰਾਪਤੀ ਦੀ ਉਨ੍ਹਾਂ ਦੇ) ਮਨ ਦੀ ਆਸ ਪੂਰੀ ਕਰ ਦਿਤੀ ਹੈ ਜੀ।੪।(ਇਸ ਪਦ ਦੇ ਅਰਥ ਸੰ.ਸ. ਤੇ ਨਿਰਣੈ ਨੇ ਉਤਮ ਪੁਰਖ ਵਿਚ ਕੀਤੇ ਹਨ)।

ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥ ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥ ਜਨ ਨਾਨਕ ਸਹਜਿ ਸਮਾਈ ਜੀਉ ॥੫॥੧॥੧੬੬॥ ਜਿਸ ਪੁਰਖ ਨੇ ਨਾਉ ਪ੍ਰਾਪਤ ਕੀਤਾ ਹੈ, ਉਹ ਧਨਾਢ ਹੈ ਜੀ।ਜਿਸ ਪੁਰਖ ਨੇ ਪ੍ਰਭੂ ਨੂੰ ਧਿਆਇਆ ਹੈ, ਉਹ ਸੋਭਾ ਵਾਲਾ ਹੈ ਜੀ।ਜਿਸ ਪੁਰਖ ਨੂੰ ਸਾਧੂਆਂ ਦੀ ਸੰਗਤ ਪ੍ਰਾਪਤ ਹੋਈ ਹੈ, ਉਸ ਦੀ ਸਾਰੀ ਕਰਣੀ ਸ੍ਰੇਸਟ ਹੈ ਜੀ।ਦਾਸ ਨਾਨਕ ਆਖਦਾ ਹੈ ਕਿ ਉਸ ਪੁਰਖ ਦੀ ਸਹਿਜ ਪਦ ਵਿਚ ਲੀਨਤਾ ਹੋ ਗਈ ਹੈ ਜੀ।੫।੧।੧੬੬।

ਪਦਾਰਥ = ਦੀਨ ਦਇਆਲ–ਗਰੀਬਾਂ ਤੇ ਦਇਆ ਕਰਨ ਵਾਲਾ।ਦਮੋਦਰ–ਕਰਤਾਰ ਜਿਸ ਦੇ ਪੇਟ ਵਿਚ ਸਾਰਾ ਬ੍ਰਹਮੰਡ ਹੈ; ਕ੍ਰਿਸ਼ਨ (ਇਲਤਾਂ ਤੋਂ ਰੋਕਣ ਲਈ ਮਾਂ ਜਸ਼ੋਧਾਂ ਨੇ ਕ੍ਰਿਸ਼ਨ ਦੇ ਪੇਟ ਦੁਆਲੇ ਰੱਸੀ ਬੰਨ੍ਹ ਦਿਤੀ ਸੀ, ਜਿਸ ਤੋਂ ਦਮੋਦਰ ਨਾਮ ਪੈ ਗਿਆ); ਮਾਇਆ ਰੂਪ ਰੱਸੀ ਨੂੰ ਧਾਰਨ ਕਰਨ ਵਾਲਾ ਵਾਹਿਗੁਰੂ।ਰਾਇਆ–ਰਾਜਾ; ਪ੍ਰਕਾਸ਼ ਸਰੂਪ ਹਰੀ।ਕੋਟਿ–ਕ੍ਰੋੜਾਂ ਹੀ।ਜਨਾ–ਭਗਤ ਜਨ ।ਕਰਿ–(ਪੈਦਾ) ਕਰਕੇ।ਭਗਤ ਵਛਲੁ–ਭਗਤਾਂ ਦਾ ਪਿਆਰਾ।ਬਿਰਦ–ਨਿਤ ਦਾ ਕਰਮ; ਮੁੱਢ ਤੋਂ ਬਣਿਆ ਸੁਭਾਵ; ਧਰਮ।ਪੂਰਨ–ਵਿਆਪਕ ਹਰੀ।ਜਾਈ–ਥਾਂਵਾਂ ਵਿਚ।੧।ਕਿਉ–ਕਿਵੇਂ।ਪੇਖਾ–ਦੇਖਾਂ।ਸੁਕਰਣੀ–ਸ੍ਰੇਸਟ ਕਰਣੀ।ਚਰਣੀ–ਚਰਣਾਂ ਦੀ।ਜੀਉ–ਜਿੰਦ; ਜੀਵਨ।ਵਤਾਈ–ਵਾਰ ਦਿਆਂ।ਨਿਵਿ ਨਿਵਿ–ਝੁਕ ਝੁਕ ਕੇ।ਲਾਗਉ ਪਾਈ–ਪੈਰੀਂ (ਚਰਣੀ) ਲਗ ਜਾਵਾਂ।੨।ਪੋਥੀ–ਧਰਮ ਗ੍ਰੰਥ। ਬੈਰਾਗੀ–ਜਿਸਦਾ ਜਗਤ ਦੇ ਪਦਾਰਥਾਂ ਨਾਲ ਪ੍ਰੇਮ ਨਹੀਂ; ਵਿਰੱਕਤ।ਨਾਦ–ਵਾਜੇ।੩।ਪਤਿਤ–ਧਰਮ ਕਰਮ ਤੋਂ ਡਿਗਿਆ ਮਨੁੱਖ। ਪਵਿਤ–ਪਵਿਤ੍ਰ।ਪੈਰੇ–ਪੈਰਾਂ (ਚਰਨਾਂ) ਨਾਲ।ਕੀਏ–ਬਣਾ ਦਿਤੇ।ਪੂਰਾਈ ਜੀਉ–ਪੂਰੀ ਕਰ ਦਿਤੀ ਹੈ ਜੀ।੪।ਜਿਨਿ–ਜਿਸ ਨੇ।ਸੋ–ਉਹ।ਧਨਵੰਤਾ–ਧੰਨਤਾ ਯੋਗ ;ਧਨਾਢ।ਸਹਜਿ–ਸਹਿਜ ਅਵਸਥਾ।ਸਮਾਈ–ਲੀਨਤਾ।੫।੧।੧੬੬।

ਗਉੜੀ ਮਹਲਾ ੫ ਮਾਝ ॥ ਆਉ ਹਮਾਰੈ, ਰਾਮ ਪਿਆਰੇ ਜੀਉ ॥ ਰੈਣਿ ਦਿਨਸੁ ,ਸਾਸਿ ਸਾਸਿ ਚਿਤਾਰੇ ਜੀਉ ॥ ਸੰਤ ਦੇਉ ਸੰਦੇਸਾ, ਪੈ ਚਰਣਾਰੇ ਜੀਉ ॥ ਤੁਧੁ ਬਿਨੁ ,ਕਿਤੁ ਬਿਧਿ ਤਰੀਐ ਜੀਉ ॥੧॥ ਹੇ ਵਾਹਿਗੁਰੂ ਦੇ ਪਿਆਰੇ (ਸੰਤ) ਜੀਉ ! ਸਾਡੇ ਪਾਸ ਆਓ।(ਤਾਂ ਕਿ ਆਪਾਂ ਮਿਲ ਕੇ) ਦਿਨ ਰਾਤ ਸੁਆਸ ਸੁਆਸ (ਵਾਹਿਗੁਰੂ ਨੂੰ) ਯਾਦ ਕਰੀਏ ਜੀ।ਹੇ ਸੰਤ ਜਨੋਂ ! (ਮੈਂ ਤੁਹਾਡੇ) ਚਰਨੀਂ ਪੈਂਦਾ ਹਾਂ ਜੀ, (ਤੁਸੀਂ ਮੈਨੂੰ ਵਾਹਿਗੁਰੂ ਪ੍ਰਾਪਤੀ ਦਾ) ਸੁਨੇਹਾ ਦੇਵੋ।(ਮੇਹਰ ਕਰੋ) ਤੁਹਾਡੇ ਬਿਨਾ ਭਵਜਲ ਤੋਂ ਕਿਸ ਪ੍ਰਕਾਰ ਤਰ ਸਕਦਾ ਹਾਂ ਜੀ?; ਹੇ ਪਿਆਰੇ ਵਾਹਿਗੁਰੂ ! (ਤੁਸੀਂ) ਮੇਰੇ ਹਿਰਦੇ ਘਰ ਵਿਚ ਆਵੋ ਜੀ।(ਮੈਂ ਆਪ ਜੀ ਨੂੰ) ਦਿਨ ਰਾਤ ਸੁਆਸ ਸੁਆਸ ਚਿਤਾਰਦਾ ਹਾਂ ਹੀ।(ਵਿਚੋਲੇ) ਸੰਤਾਂ ਦੇ ਚਰਨੀਂ ਪੈ ਕੇ (ਮੈਂ ਆਪ ਜੀ ਵੱਲ) ਸੁਨੇਹਾ ਦੇਂਦਾ ਹਾਂ ਜੀ। (ਹੇ ਵਾਹਿਗੁਰੂ ! ਮੈਂ ਸੰਸਾਰ ਸਮੁੰਦਰ ਤੋਂ) ਤੇਰੇ ਬਿਨਾ ਕਿਵੇਂ ਤਰ ਸਕਦਾ ਹਾਂ ਜੀ? ਭਾਵ ਨਹੀਂ ਤਰਿਆ ਜਾ ਸਕਦਾ।੧।

ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥ ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥ ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥ ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥੨॥ ਤੁਹਾਡੀ ਸੰਗਤ ਮੈਂ ਅਨੰਦ ਪ੍ਰਾਪਤ ਕੀਤਾ ਹੈ ਜੀ।ਦਰੱਖਤਾਂ ਵਿਚ, ਕੱਖਾਂ ਵਿਚ ਤੇ ਤਿੰਨਾਂ ਭਵਨਾਂ ਵਿਚ ਪ੍ਰਮਾਨੰਦ ਪ੍ਰਭੂ ਦਾ ਸੁਖ ਪ੍ਰਵੇਸ਼ ਕਰ ਰਿਹਾ ਹੈ ਜੀ।ਮੇਰੇ ਹਿਰਦੇ ਦੀ ਸੇਜ ਸੋਹਣੀ ਬਣ ਗਈ ਹੈ ਜੀ ਅਤੇ ਮੇਰਾ

ਇਹ ਮਨ ਖਿੜ ਪਿਆ ਹੈ ਜੀ। (ਤੇਰਾ) ਦਰਸ਼ਨ ਦੇਖ ਕੇ ਇਹ (ਅਸਲੀ) ਸੁਖ ਪ੍ਰਾਪਤ ਹੁੰਦਾ ਹੈ ਜੀ।੨।

ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥ ਪੂਜਾ ਅਰਚਾ ਬੰਦਨ ਦੇਵਾ ਜੀਉ ॥ ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥ ਬਿਨਉ ਠਾਕੁਰ ਪਹਿ ਕਹੀਐ ਜੀਉ ॥੩॥ (ਕ੍ਰਿਪਾ ਕਰੋ, ਮੈਂ ਸੰਤਾਂ ਦੇ) ਚਰਣ ਧੋ ਕੇ ਨਿਤ ਸੇਵਾ ਕਰਦਾ ਰਹਾਂ ਜੀ। (ਇਹੋ ਹੀ ਮੇਰੀ) ਫੁੱਲ ਭੇਟ ਕਰਕੇ ਮੂਰਤੀ ਪੂਜਾ ਅਤੇ ਦੇਵ ਬੰਦਨਾਂ ਹੋਵੇ ਜੀ; ਦੇਵਾ (ਪ੍ਰਭੂ) ਨੂੰ ਨਮਸ਼ਕਾਰ ਕਰਨੀ ਹੀ (ਮੇਰੇ ਲਈ) ਪੂਜਾ ਅਰਚਾ ਹੈ ਜੀ। ਦਾਸਾਂ ਦਾ ਦਾਸ ਬਣ ਕੇ (ਮੈਂ) ਨਾਮ ਜਪਦਾ ਰਹਾਂ ਜੀ। (ਮੇਰੇ ਵੱਲੋਂ ਇਸ ਤਰ੍ਹਾਂ ਦੀ) ਬੇਨਤੀ ਮਾਲਕ ਪ੍ਰਭੂ ਪਾਸ ਕਹਿ ਦੇਣੀ ਜੀ।੩।

ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥ ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥ ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥ ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥ ਮੇਰੀ ਇੱਛਾ ਪੂਰੀ ਹੋ ਗਈ ਹੈ, ਮਨ ਤੇ ਤਨ ਹਰਾ ਭਰਾ ਹੋ ਗਿਆ ਹੈ ਜੀ। (ਵਾਹਿਗੁਰੂ ਦਾ) ਦਰਸ਼ਨ ਦੇਖਦਿਆਂ ਹੀ ਸਾਰੇ ਦੁਖ ਦੂਰ ਹੋ ਗਏ ਹਨ ਜੀ। ਹਰਿ ਹਰਿ ਨਾਮ ਜਪ ਜਪ ਕੇ (ਸੰਸਾਰ ਸਮੁੰਦਰ ਤੋਂ) ਤਰ ਗਿਆ ਹਾਂ ਜੀ। ਗੁਰੂ ਜੀ ਆਖਦੇ ਹਨ ਕਿ (ਆਪ ਕ੍ਰਿਪਾ ਕਰੋ) ਇਹ ਨਾ ਜਰੇ ਜਾਣ ਵਾਲਾ ਸੁਖ ਸਹਿ ਸਕੀਏ ਜੀ (ਨਾਮ ਜਪਣ ਨਾਲ ਜੋ ਆਤਮਕ ਸੁਖ ਮਿਲਦਾ ਹੈ, ਉਹ ਪ੍ਰਭੂ ਦੀ ਕ੍ਰਿਪਾ ਨਾਲ ਜਰਿਆ ਜਾ ਸਕਦਾ ਹੈ)।੪।੨।੧੬੭।

ਪਦਾਰਥ = ਹਮਾਰੈ–ਮੇਰੇ ਪਾਸ; ਮੇਰੇ ਹਿਰਦੇ ਘਰ ਵਿਚ। ਰੈਣਿ–ਰਾਤ। ਚਿਤਾਰੇ–ਯਾਦ ਕਰਦਾ ਹਾਂ। ਦੇਉ–ਦੇਵੋਂ; ਦੇਂਦਾ ਹਾਂ। ਸੰਦੇਸਾ–ਸੁਨੇਹਾ। ਪੈ–ਪੈਂਦਾ ਹਾਂ। ਚਰਣਾਰੇ–ਚਰਨੀਂ। ਕਿਤੁ ਬਿਧਿ–ਕਿਸ ਤਰ੍ਹਾਂ।੧। ਵਣਿ–ਬ੍ਰਿਛਾਂ ਵਿਚ। ਤਿਣਿ–ਕੱਖਾਂ ਵਿਚ (ਵਣਿ ਤਿਣਿ–ਸਾਰੀ ਬਨਸਪਤੀ ਵਿਚ)। ਤ੍ਰਿਭਵਣਿ–ਤਿੰਨਾਂ ਭਵਨਾਂ (ਸਾਰੇ ਜਗਤ) ਵਿਚ। ਸੇਜ–ਹਿਰਦਾ ਸੇਜ। ਸੁਹਾਵੀ–ਸੋਹਣੀ; ਸੋਭਨੀਕ। ਬਿਗਸੰਦਾ–ਖਿੜ ਪਿਆ ਹੈ। ਲਹੀਐ–ਲੱਭਦਾ ਹੈ।੨। ਪਖਾਰਿ–ਧੋ ਕੇ। ਕਰੀ–ਕਰਦਾ ਰਹਾਂ। ਅਰਚਾ–ਮੂਰਤੀ ਅੱਗੇ ਫੁੱਲਾਂ ਦੀ ਭੇਟ। ਬੰਦਨ–ਮੱਥਾ ਟੇਕਣਾ। ਦੇਵਾ–ਦੇਵਤਾ। ਲੇਵਾ–ਲੈਂਦਾ (ਜਪਦਾ) ਰਹਾਂ। ਬਿਨਉ–ਬੇਨਤੀ। ਪਹਿ–ਪਾਸ। ਕਹੀਐ–ਕਹਿ ਦੇਣੀ।੩। ਪੁੰਨੀ–ਪੂਰੀ ਹੋਈ। ਹਰਿਆ–ਹਰਾ ਭਰਾ (ਪ੍ਰਫੁਲਿਤ)। ਪੇਖਤ–ਦੇਖਦਿਆਂ। ਪਰਹਰਿਆ–ਦੂਰ ਹੋ ਗਿਆ। ਜਪੇ ਜਪਿ–ਜਪ ਜਪ ਕੇ। ਅਜਰੁ ਸੁਖੁ–ਨਿਤ ਨਵਾਂ ਅਨੰਦ; ਅਬਿਨਾਸੀ ਸੁਖ; ਪੁਰਾਣਾ ਨਾ ਹੋਣ ਵਾਲਾ ਸੁਖ (ਮ.ਕੋ.); ਨਾ ਸਹਾਰਿਆ ਜਾਣ ਵਾਲਾ ਸੁਖ।੪।੨।੧੬੭।

ਗਉੜੀ ਮਾਝ ਮਹਲਾ ੫ ॥ ਸੁਣਿ ਸੁਣਿ ਸਾਜਨ, ਮਨ ਮਿਤ ਪਿਆਰੇ ਜੀਉ ॥ ਮਨੁ ਤਨੁ ਤੇਰਾ, ਇਹੁ ਜੀਉ ਭਿ ਵਾਰੇ ਜੀਉ ॥ ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ ॥ ਸਦਾ ਤੇਰੀ ਸਰਣਾਈ ਜੀਉ ॥੧॥ ਹੇ ਮੇਰੇ ਮਨ ਦੇ ਪਿਆਰੇ ਮਿਤ੍ਰ ਜੀ! ਸੁਣ, ਹੇ (ਪ੍ਰਲੋਕ ਦੇ) ਸੱਜਣ! (ਮੇਰੀ ਬੇਨਤੀ) ਸੁਣ। (ਮੇਰਾ) ਮਨ ਤੇ ਤਨ ਤੇਰਾ ਹੈ ਅਤੇ ਇਹ ਜਿੰਦ ਵੀ (ਤੇਰੇ ਤੋਂ) ਕੁਰਬਾਨ ਹੈ ਜੀ। ਹੇ ਪ੍ਰਾਣਾਂ ਦੇ ਆਸਰੇ ਪ੍ਰਭੂ ਜੀਉ! (ਤੁਸੀਂ ਮੈਨੂੰ) ਨਾ ਭੁੱਲੋ। (ਮੈਂ) ਸਦਾ ਤੇਰੀ ਸ਼ਰਣ ਵਿਚ ਹਾਂ ਜੀ।੧।

ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥ ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥ਸਭ ਕਿਛੁ ਪ੍ਰਭ ਕਾ, ਪ੍ਰਭ ਕੀਆ ਜਾਈ ਜੀਉ ॥ ਪ੍ਰਭ ਕਉ ਸਦ ਬਲਿ ਜਾਈ ਜੀਉ ॥੨॥ ਹੇ ਭਾਈ! ਜਿਸ ਪ੍ਰਭੂ ਨੂੰ ਮਿਲਣ ਨਾਲ (ਮੇਰਾ) ਮਨ ਜਿਉਂਦਾ ਹੈ ਜੀ (ਨਵਾਂ ਜੀਵਨ ਮਿਲਦਾ ਹੈ)। ਉਹ ਹਰੀ ਪ੍ਰਭੂ ਗੁਰੂ ਦੀ ਕ੍ਰਿਪਾ ਨਾਲ ਪਾਈਦਾ ਹੈ ਜੀ। (ਮੇਰਾ ਮਨ ਤਨ) ਸਭ ਕੁਝ ਪ੍ਰਭੂ ਦਾ (ਬਖਸ਼ਿਆ ਹੋਇਆ) ਹੈ ਅਤੇ (ਲੋਕ ਪ੍ਰਲੋਕ ਦੀਆਂ) ਸਾਰੀਆਂ ਥਾਂਵਾਂ ਪ੍ਰਭੂ ਦੀਆਂ ਹਨ ਜੀ। (ਮੈਂ) ਪ੍ਰਭੂ ਤੋਂ ਸਦਾ ਬਲਹਾਰ ਜਾਂਦਾ ਹਾਂ ਜੀ।੨।

ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥ ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥ ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥ ਆਠ ਪਹਰ ਗੁਣ ਗਾਇਆ ਜੀਉ ॥੩॥ ਇਹ (ਨਾਮ ਅਮੋਲਕ) ਖਜਾਨਾ ਹੈ, ਵੱਡੇ ਭਾਗਾਂ ਵਾਲਾ (ਕੋਈ ਮਨੁੱਖ ਇਸ ਨਾਮ ਨੂੰ) ਜਪਦਾ ਹੈ ਜੀ। (ਉਸ ਵਡਭਾਗੇ ਦੀ) ਲਿਵ ਮਾਇਆ ਤੋਂ ਨਿਰਲੇਪ ਪ੍ਰਭੂ ਦੇ ਨਾਮ ਵਿਚ ਲੱਗ ਜਾਂਦੀ ਹੈ ਜੀ। (ਜਿਸ ਪੁਰਖ ਨੇ) ਪੂਰਨ ਗੁਰੂ ਪਾਇਆ ਹੈ, (ਉਸ ਨੇ) ਸਾਰਾ ਦੁਖ ਮਿਟਾ ਲਿਆ ਹੈ ਜੀ। (ਫਿਰ ਉਹ) ਅੱਠੇ ਪਹਿਰ (ਪ੍ਰਭੂ ਦੇ) ਗੁਣ ਗਾਉਂਦਾ ਹੈ ਜੀ।੩।

ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥ ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ ਜਨ ਨਾਨਕ ਸਦ ਬਲਿਹਾਰਾ ਜੀਉ ॥੪॥੩॥੧੬੮॥ ਹੇ ਹਰੀ! ਤੇਰਾ ਨਾਮ ਅਮੋਲਕ ਰਤਨ ਪਦਾਰਥ ਹੈ ਜੀ। (ਇਸ ਰਤਨ ਪਦਾਰਥ ਦੇ ਵੇਚਣ ਵਾਲਾ) ਤੂੰ ਸੱਚਾ ਸ਼ਾਹ ਹੈਂ ਅਤੇ ਵਣਜਾਰਾ ਭਗਤ ਹੈ ਜੀ (ਤੈਥੋਂ ਖ੍ਰੀਦ ਕੇ ਅੱਗੇ ਵਪਾਰ ਇਸਦਾ ਵਪਾਰ ਕਰਨ ਵਾਲਾ ਹੈ)। (ਜਿਸ ਪੁਰਖ ਕੋਲ) ਹਰੀ ਦਾ ਨਾਮ ਧਨ ਰੂਪ ਪੂੰਜੀ ਹੈ, (ਅਤੇ ਇਸ ਨਾਲ) ਸੱਚਾ ਵਪਾਰ ਕਰਦਾ ਹੈ ਜੀ (ਆਪ ਜਪਦਾ ਤੇ ਹੋਰਨਾਂ ਤੋਂ ਜਪਾਉਂਦਾ ਹੈ। ਉਸ ਤੋਂ) ਦਾਸ ਨਾਨਕ ਸਦਾ ਬਲਹਾਰ ਜਾਂਦਾ ਹੈ ਜੀ।੪।੩।੧੬੮।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਮਿਤ-ਮਿੱਤ੍ਰ। ਜੀਉ-ਜਿੰਦ; ਜੀਵਨ। ਭਿ-ਅਤੇ; ਭੀ। ਵਾਰੇ-ਕੁਰਬਾਨ। ਪ੍ਰਾਣ ਅਧਾਰੇ-ਹੇ ਪ੍ਰਾਣਾਂ ਦੇ ਆਸਰੇ!।੧। ਭਾਈ -ਹੇ ਭਾਈ!। ਪਰਸਾਦੀ-ਕ੍ਰਿਪਾ ਨਾਲ। ਸੋ-ਉਹ। ਪ੍ਰਭ ਕੀਆ-ਪ੍ਰਭੂ ਦੀਆਂ। ਜਾਈ-ਥਾਂਵਾਂ। ਕਉ-ਤੋਂ; ਨੂੰ। ਬਲਿ ਜਾਈ-ਬਲਹਾਰ ਜਾਂਦਾ ਹਾਂ।੨। ਨਿਧਾਨੁ-ਖਜਾਨਾ। ਨਿਰੰਜਨ-ਮਾਇਆ ਤੋਂ ਨਿਰਲੇਪ ਪ੍ਰਭੂ; ਸ਼ੁੱਧ ਬ੍ਰਹਮ।੩। ਸਾਹੁ-ਸ਼ਾਹੂਕਾਰ। ਵਣਜਾਰਾ-ਵਪਾਰੀ। ਰਾਸਿ-ਪੂੰਜੀ। ਸਚੁ ਵਾਪਾਰਾ-ਸਦਾ ਟਿਕੇ ਰਹਿਣ ਵਾਲਾ ਵਪਾਰ; ਸਦਾ ਲਾਭ ਦੇਣ ਵਾਲਾ ਵਣਜ।੪।੩।੧੬੮।

ਰਾਗੁ ਗਉੜੀ ਮਾਝ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ॥ ਤੂੰ ਮੇਰਾ ਬਹੁ ਮਾਣੁ ਕਰਤੇ, ਤੂੰ ਮੇਰਾ ਬਹੁ ਮਾਣੁ ॥ ਜੋਰਿ ਤੁਮਾਰੈ ਸੁਖਿ ਵਸਾ, ਸਚੁ ਸਬਦੁ ਨੀਸਾਣੁ ॥੧॥ਰਹਾਉ॥ ਹੇ ਕਰਤਾਰ! ਤੂੰ ਮੇਰਾ (ਇਸ ਲੋਕ ਵਿਚ) ਵੱਡਾ ਮਾਣ ਹੈਂ ਤੇ (ਪ੍ਰਲੋਕ ਵਿਚ ਵੀ) ਤੂੰ ਮੇਰਾ ਵੱਡਾ ਮਾਣ ਹੈਂ। ਤੇਰੇ ਬਲ ਕਰਕੇ ਮੈਂ ਸੁਖ ਨਾਲ ਵਸਦਾ ਹਾਂ, (ਕਿਉਂਕਿ ਤੇਰਾ) ਸੱਚਾ ਸ਼ਬਦ (ਜਿਸਦਾ ਮੈਂ ਅਭਿਆਸ ਕੀਤਾ ਹੈ, ਉਸ ਦਾ ਮੇਰੇ ਮੱਥੇ ਤੇ) ਨਿਸ਼ਾਨ ਪਿਆ ਹੈ ੧। ਰਹਾਉ।

ਸਭੇ ਗਲਾ ਜਾਤੀਆ, ਸੁਣਿ ਕੈ ਚੁਪ ਕੀਆ ॥ ਕਦ ਹੀ ਸੁਰਤਿ ਨ ਲਧੀਆ, ਮਾਇਆ ਮੋਹੜਿਆ ॥੧॥ (ਹੇ ਕਰਤਾਰ! ਇਸ ਜੀਵ ਨੇ ਭਲੇ ਬੁਰੇ ਤੇ ਪ੍ਰਮਾਰਥ ਦੀਆਂ) ਸਾਰੀਆਂ ਗੱਲਾਂ ਜਾਣ ਲਈਆਂ ਹਨ, (ਇਹ ਸਭ ਕੁਝ ਧਰਮ ਗ੍ਰੰਥਾਂ ਤੋਂ) ਸੁਣ ਕੇ ਚੁੱਪ ਕੀਤਾ ਹੋਇਆ ਹੈ (ਜਾਣ ਬੁਝ ਕੇ ਲਾਪ੍ਰਵਾਹੀ ਕਰਦਾ ਹੈ; ਸੁਣ ਕੇ ਅਣਸੁਣੀ ਕਰ ਦੇਂਦਾ ਹੈ); ਇਸ ਜੀਵ ਨੇ ਬੁਰੀਆਂ ਗੱਲਾਂ ਤਾਂ ਜਾਣ ਲਈਆਂ ਹਨ, ਪਰ ਰੱਬ ਦਾ ਨਾਮ ਸੁਣ ਕੇ ਚੁਪ ਕਰ ਜਾਂਦਾ ਹੈ (ਟਕਸਾਲ)। ਕਦੇ ਵੀ (ਇਸ ਨੇ) ਸੋਝੀ ਨਹੀ ਪ੍ਰਾਪਤ ਕੀਤੀ, (ਕਿਉਂਕਿ ਇਹ ਜੀਵ) ਮਾਇਆ ਦਾ ਮੋਹਿਆ ਹੋਇਆ ਹੈ।੨।

ਅੰਗ ੨੧੮ = ਦੇਇ ਬੁਝਾਰਤ ਸਾਰਤਾ, ਸੇ ਅਖੀ ਡਿਠੜਿਆ ॥ ਕੋਈ ਜਿ ਮੂਰਖੁ ਲੋਭੀਆ, ਮੂਲਿ ਨ ਸੁਣੀ ਕਹਿਆ ॥੨॥ (ਜੇ ਕੋਈ ਗੁਰਮੁਖ) ਬੁਝਾਰਤਾਂ ਪਾ ਕੇ ਤੇ ਇਸ਼ਾਰਾ ਦੇ ਕੇ ਵੀ ਸਮਝਾਉਂਦਾ ਹੈ ਤੇ ਉਹ (ਸਭ ਕੁਝ ਇਸ ਜੀਵ ਨੇ ਅਜ਼ਮਾ ਕੇ ਵੀ) ਅੱਖਾਂ ਨਾਲ ਦੇਖ ਲਿਆ ਹੁੰਦਾ ਹੈ (ਕਿ ਮਰਨੋਂ ਬਾਦ ਮਾਇਆ ਸਾਥ ਨਹੀਂ ਜਾਂਦੀ)। ਜਿਹੜਾ ਕੋਈ ਮੂਰਖ ਤੇ ਲੋਭੀ ਮਨੁੱਖ ਹੈ, (ਉਹ ਗੁਰਮੁਖਾਂ ਦਾ) ਆਖਿਆ ਹੋਇਆ (ਬਚਨ) ਉੱਕਾ ਹੀ ਨਹੀਂ ਸੁਣਦਾ (ਧਿਆਨ ਨਹੀਂ ਦੇਂਦਾ)।੨।

ਇਕਸੁ ਦੁਹੁ ਚਹੁ ਕਿਆ ਗਣੀ, ਸਭ ਇਕਤੁ ਸਾਦਿ ਮੁਠੀ ॥ ਇਕੁ ਅਧੁ ਨਾਇ ਰਸੀਅੜਾ, ਕਾ ਵਿਰਲੀ ਜਾਇ ਵੁਠੀ ॥੩॥ ਇਕ ਦੋ ਚਾਰ ਨੂੰ ਮੈਂ ਕੀ ਗਿਣਾਂ, ਸਾਰੀ ਸ੍ਰਿਸਟੀ ਇਕ ਮਾਇਆ ਦੇ ਸੁਆਦ ਵਿਚ ਠੱਗੀ ਜਾ ਰਹੀ ਹੈ। ਜਿਥੇ ਇਕ ਅੱਧਾ ਨਾਮ ਦਾ ਰਸੀਆ ਹੈ, ਉਹ ਕੋਈ ਵਿਰਲੀ ਥਾਂ ਹੀ ਵਸਦੀ ਹੈ (ਨਾਮ ਰਸੀਏ ਵਾਲੀ ਥਾਂ ਵਸਦੀ ਹੈ, ਨਾਮ ਰਸੀਆਂ ਤੋਂ ਖਾਲੀ ਥਾਂ ਉਜਾੜ ਹੈ)।੩।

ਭਗਤ ਸਚੇ ਦਰਿ ਸੋਹਦੇ, ਅਨਦ ਕਰਹਿ ਦਿਨ ਰਾਤਿ ॥ ਰੰਗਿ ਰਤੇ ਪਰਮੇਸਰੈ, ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥ ਸਚੇ ਪ੍ਰਭੂ ਦੇ ਦਰ ਤੇ ਭਗਤ ਸੋਭਦੇ ਹਨ ਅਤੇ ਦਿਨ ਰਾਤ ਅਨੰਦ ਮਾਣਨਾ ਕਰਦੇ ਹਨ। (ਉਹ ਭਗਤ) ਪ੍ਰਮੇਸਰ ਦੇ ਪ੍ਰੇਮ ਵਿਚ ਰੰਗੇ ਹੋਏ ਹਨ, ਦਾਸ ਨਾਨਕ ਉਨ੍ਹਾਂ (ਭਗਤਾਂ) ਤੋਂ ਬਲਹਾਰ ਜਾਂਦਾ ਹੈ।੪।੧।੧੬੯।

ਪਦਾਰਥ = ਮਾਣੁ-ਆਦਰ; ਵਡਿਆਈ; ਉੱਤਮਤਾ। ਕਰਤੇ-ਹੇ ਕਰਤਾਰ। ਜੋਰਿ-ਬਲ ਕਰਕੇ। ਸਬਦੁ-ਨਾਮ। ਨੀਸਾਣੁ-ਚਿੰਨ੍ਹ।੧। ਰਹਾਉ। ਸਭੇ ਗਲਾ-ਸਾਰੀਆਂ ਗੱਲਾਂ (ਜੋ ਧਰਮ ਗ੍ਰੰਥ ਦਸਦੇ ਹਨ)। ਜਾਤੀਆ-ਜਾਣੀਆ; ਸਮਝੀਆਂ। ਸੁਰਤਿ-ਸੂਝ; ਹੋਸ਼। ਲਧੀਆ-ਲੱਭੀ; ਪ੍ਰਾਪਤ ਕੀਤੀ। ਮੋਹੜਿਆ-ਮੋਹਿਆ ਹੋਇਆ।੧। ਦੇਇ-ਦੇ ਕੇ। ਬੁਝਾਰਤਾ-ਬੁਝਾਰਤਾਂ; ਸਮਝ ਵਿਚ ਆਉਣ ਵਾਲੀ ਸਿੱਧੀ ਗੱਲ। ਸੇ-ਉਹ। ਅਖੀ-ਅੱਖਾਂ ਨਾਲ। ਮੂਲਿ-ਬਿਲਕੁਲ। ਕਹਿਆ-ਆਖਿਆ ਹੋਇਆ।੨। ਇਕਸੁ-ਇਕ। ਗਣੀ-ਮੈਂ ਗਿਣਾਂ। ਇਕਤੁ-ਇਕ (ਮਾਇਆ)। ਸਾਦਿ-(ਮਾਇਆ ਜਾਂ ਵਿਸ਼ਿਆਂ ਦੇ) ਸੁਆਦ ਵਿਚ। ਮੁਠੀ-ਠੱਗੀ ਜਾ ਰਹੀ ਹੈ। ਇਕੁ ਅਧੁ-ਇਕ ਅੱਧਾ (ਇਕ ਗਿਆਨਵਾਨ। ਅਧੁ-ਜਗਿਆਸੂ ਜੋ ਨਵਾਂ ਨਵਾਂ ਧਰਮ ਦੇ ਰਸਤੇ ਤੁਰਿਆ ਹੈ)। ਨਾਇ-ਨਾਮ ਦਾ। ਰਸੀਅੜਾ-ਰਸੀਆ; ਪ੍ਰੇਮੀ। ਕਾ-ਕੋਈ। ਜਾਇ-ਜਗ੍ਹਾ। ਵੁਠੀ-ਵਸੀ ਹੈ।੩। ਸਚੇ ਦਰਿ-ਸੱਚੇ ਪ੍ਰਭੂ ਦੇ ਦਰ ਉਤੇ। ਸੋਹਦੇ-ਸੋਭਾ ਪਾਉਂਦੇ ਹਨ। ਰੰਗਿ-ਪ੍ਰੇਮ ਵਿਚ। ਰਤੇ-ਰੰਗੇ ਹੋਏ ਹਨ। ਜਨ-ਦਾਸ। ਤਿਨ-ਉਨ੍ਹਾਂ (ਭਗਤਾਂ) ਤੋਂ। ਬਲਿ ਜਾਤ-ਬਲਹਾਰ ਜਾਂਦਾ ਹੈ।੪।੧।੧੬੯।

ਸਚੁ ਸਬਦੁ ਨੀਸਾਣੁ = ੧. ਮੇਰੇ ਤੇ ਆਪ ਜੀ ਦਾ ਸੇਵਕ ਹੋਣ ਦਾ ਜੋ ਚਿੰਨ੍ਹ ਪੈ ਗਿਆ ਹੈ, ਉਹ ਹੈ ਸ਼ਬਦ। ਪਿਛਲੇ ਸਮੇਂ ਵਿਚ ਦਾਸਾਂ ਉਤੇ ਪਛਾਣ ਦਾ ਕੋਈ ਨਿਸ਼ਾਨ ਲਾਉਂਦੇ ਸਨ। ਜਿਵੇਂ ਅਜ ਕਲ੍ਹ ਪੁਲਿਸ, ਫੌਜ ਜਾਂ ਨੋਕਰੀ ਕਰਨ ਵਾਲਿਆਂ ਦੀਆਂ ਵਰਦੀਆਂ ਤੇ ਪਛਾਣ ਦੇ ਨਿਸ਼ਾਨ ਉਕਰੇ ਹੁੰਦੇ ਹਨ। ਇਸ ਨਿਸ਼ਾਨ ਕਰਕੇ ਆਪ ਜੀ ਤੇ ਮੇਰਾ ਸਬੰਧ ਜੁੜ ਗਿਆ ਹੈ ਤੇ ਆਪ ਜੀ ਦਾ ਜੋਰ ਮੇਰੇ

All Rights Reserved by Harjinder Singh Gyani | www.GuruGranthVakhyaan.org

ਵਿਚ ਆ ਕੇ ਮੈਨੂੰ ਸੁਖੀ ਕਰ ਰਿਹਾ ਹੈ।੨. ਗੁਰੂ ਦਾ ਸ਼ਬਦ ਆਪ ਜੀ ਨੂੰ ਮਿਲਣ ਦਾ ਮੈਨੂੰ ਪਤਾ (ਵੀਜ਼ਾ) ਮਿਲ ਗਿਆ ਹੈ।

ਉਥਾਨਕਾ = ਪੱਟੀ ਦੇ ਚੌਧਰੀ ਦੁਨੀ ਚੰਦ ਨੇ ਜ਼ਿੱਦ ਕਰਕੇ ਅਪਣੀ ਪੁਤ੍ਰੀ ਰਜਨੀ ਇਕ ਕੋਹੜੀ ਨੂੰ ਵਿਆਹ ਦਿਤੀ, ਕਿਉਂਕਿ ਇਹ ਕਹਿੰਦੀ ਸੀ ਕਿ ਸਭ ਦਾ ਰਿਜਕ ਦਾਤਾ ਵਾਹਿਗੁਰੂ ਹੈ। ਜਦ ਰਜਨੀ ਰੋਟੀ ਮੰਗਣ ਗਈ ਤਾਂ ਇਕ ਤਲਾਬ ਵਿਚ ਇਕ ਕਾਂ ਚਿੱਟਾ ਹੁੰਦਾ ਦੇਖ ਕੇ ਰਜਨੀ ਦਾ ਪਤੀ ਕੋਹੜੀ ਉਸ ਤਲਾਬ ਵਿਚ ਕੁੱਦ ਪਿਆ। ਜਿਸ ਕਰਕੇ ਇਸਦਾ ਕੋਹੜ ਦੂਰ ਹੋ ਗਿਆ, ਬੀਬੀ ਰਜਨੀ ਇਸ ਨੂੰ ਗੁਰੂ ਅਰਜਨ ਦੇਵ ਜੀ ਕੋਲ ਲੈ ਕੇ ਆਈ ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ। **(ਸੰ.ਸ. ਤੇ ਟਕਸਾਲ)**

ਗਉੜੀ ਮਹਲਾ ੫ ਮਾਂਝ ॥ ਦੁਖ ਭੰਜਨੁ ਤੇਰਾ ਨਾਮੁ ਜੀ, ਦੁਖ ਭੰਜਨੁ ਤੇਰਾ ਨਾਮੁ ॥ ਆਠ ਪਹਰ ਆਰਾਧੀਐ, ਪੂਰਨ ਸਤਿਗੁਰ ਗਿਆਨੁ ॥੧॥ਰਹਾਉ॥ ਹੇ ਪ੍ਰਭੂ ਜੀਓ! ਤੇਰਾ ਨਾਮ (ਵਰਤਮਾਨ ਕਾਲ ਦੇ) ਦੁਖ ਨਾਸ਼ ਕਰਨ ਵਾਲਾ ਹੈ ਅਤੇ ਤੇਰਾ ਨਾਮ (ਭਵਿੱਖ ਦੇ ਵੀ) ਦੁਖ ਨਾਸ਼ ਕਰਨ ਵਾਲਾ ਹੈ। ਪੂਰਨ ਸਤਿਗੁਰੂ ਦਾ ਗਿਆਨ ਇਹੀ ਹੈ ਕਿ ਅੱਠੇ ਪਹਿਰ (ਵਾਹਿਗੁਰੂ ਦੇ ਨਾਮ ਦਾ) ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।੧।ਰਹਾਉ।

ਜਿਤੁ ਘਟਿ ਵਸੈ ਪਾਰਬ੍ਰਹਮੁ, ਸੋਈ ਸੁਹਾਵਾ ਥਾਉ ॥ ਜਮ ਕੰਕਰੁ ਨੇੜਿ ਨ ਆਵਈ, ਰਸਨਾ ਹਰਿ ਗੁਣ ਗਾਉ ॥੧॥ ਜਿਸ (ਮਨੁੱਖ ਦੇ) ਹਿਰਦੇ ਵਿਚ ਪਾਰਬ੍ਰਹਮ ਵਸਦਾ ਹੈ, ਉਹ ਹੀ (ਹਿਰਦਾ ਰੂਪ) ਅਸਥਾਨ ਸੁੰਦਰ ਹੈ। ਜਮਾਂ ਦੇ ਦੂਤ (ਉਸ ਮਨੁੱਖ ਦੇ) ਨੇੜੇ ਨਹੀਂ ਆਉਂਦੇ, (ਜਿਹੜਾ) ਰਸਨਾ ਨਾਲ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ।੧।

ਸੇਵਾ ਸੁਰਤਿ ਨ ਜਾਣੀਆ, ਨਾ ਜਾਪੈ ਆਰਾਧਿ ॥ ਓਟ ਤੇਰੀ ਜਗਜੀਵਨਾ, ਮੇਰੇ ਠਾਕੁਰ ਅਗਮ ਅਗਾਧਿ ॥੨॥ (ਹੇ ਪ੍ਰਭੂ! ਮੈਂ) ਨਾ ਸੇਵਾ ਭਗਤੀ ਦੀ ਸਮਝ ਜਾਣੀ ਹੈ ਤੇ ਨਾ ਹੀ ਸਿਮਰਨ ਕਰਨ ਜਾਣਦਾ ਹਾਂ। ਹੇ ਜਗਤ ਦੇ ਜੀਵਨ! ਹੇ ਪਹੁੰਚ ਤੋਂ ਪਰੇ ਅਤੇ ਅਥਾਹ ਮੇਰੇ ਵਾਹਿਗੁਰੂ! (ਮੈਨੂੰ ਤਾਂ ਕੇਵਲ) ਤੇਰੀ ਓਟ ਹੈ।੨।

ਭਏ ਕ੍ਰਿਪਾਲ ਗੁਸਾਈਆ, ਨਠੇ ਸੋਗ ਸੰਤਾਪ ॥ ਤਤੀ ਵਾਉ ਨ ਲਗਈ, ਸਤਿਗੁਰਿ ਰਖੇ ਆਪਿ ॥੩॥ (ਹੇ ਭਾਈ! ਜਿਸ ਮਨੁੱਖ ਉਤੇ) ਪ੍ਰਿਥਵੀ ਦੇ ਮਾਲਕ ਕਰਤਾਰ ਮੇਹਰਵਾਨ ਹੋਏ ਹਨ, (ਉਸਦੇ) ਗਮ ਤੇ ਕਲੇਸ਼ ਆਦਿ ਨੱਠ ਗਏ ਹਨ। (ਉਸਨੂੰ ਮੁੜ) ਤੱਤੀ ਵਾ ਤੱਕ ਨਹੀਂ ਲਗਦੀ, (ਕਿਉਂਕਿ) ਸਤਿਗੁਰੂ ਨੇ ਆਪ ਰੱਖਿਆ ਕੀਤੀ ਹੈ।੩।

ਗੁਰੁ ਨਾਰਾਇਣੁ ਦਯੁ ਗੁਰੁ ,ਗੁਰੁ ਸਚਾ ਸਿਰਜਣਹਾਰੁ ॥ ਗੁਰਿ ਤੁਠੈ ਸਭ ਕਿਛੁ ਪਾਇਆ, ਜਨ ਨਾਨਕ ਸਦ ਬਲਿਹਾਰ ॥੪॥੨॥੧੭੦ ॥ (ਹੇ ਭਾਈ!) ਗੁਰੂ ਪ੍ਰਮਾਤਮਾ ਰੂਪ ਹੈ, ਪੂਜਨੀਕ ਪ੍ਰਮਾਤਮਾ ਗੁਰੂ ਰੂਪ ਹੈ ਅਤੇ ਗੁਰੂ ਹੀ ਸੱਚਾ ਸਿਰਜਨਹਾਰ ਹੈ। ਗੁਰੂ ਦੇ ਪ੍ਰਸੰਨ ਹੋਣ ਨਾਲ (ਮੈਂ) ਸਭ ਕੁਝ ਪਾ ਲਿਆ ਹੈ, (ਇਸ ਲਈ ਗੁਰੂ ਤੋਂ) ਦਾਸ ਨਾਨਕ ਸਦਾ ਬਲਹਾਰ ਜਾਂਦਾ ਹੈ।੪।੨।੧੭੦।

ਪਦਾਰਥ = ਭੰਜਨ-ਭੰਨਣ (ਨਾਸ਼ ਕਰਨ) ਵਾਲਾ। ਜੀ-ਹੇ ਪ੍ਰਭੂ ਜੀ!। ਗਿਆਨੁ-ਉਪਦੇਸ਼।੧।ਰਹਾਉ। ਜਿਤੁ-ਜਿਸ। ਘਟਿ-ਹਿਰਦੇ ਵਿਚ। ਸੋਈ-ਉਹ ਹੀ। ਸੁਹਾਵਾ-ਸੁੰਦਰ; ਸੋਭਨੀਕ। ਜਮ ਕੰਕਰੁ-ਜਮਾਂ ਦੇ ਦਾਸ (ਦੂਤ)। ਰਸਨਾ-ਜੀਭ ਨਾਲ।੧। ਸੁਰਤਿ-ਸਮਝ; ਸੂਝ। ਨ ਜਾਪੈ-ਨਹੀਂ ਜਾਣਦਾ। ਅਗਮ-ਮਨ ਬੁੱਧੀ ਦੀ ਪਹੁੰਚ ਤੋਂ ਪਰੇ। ਅਗਾਧਿ-ਅਥਾਹ; ਬੇਅੰਤ।੨। ਭਏ-ਹੋਏ। ਗੁਸਾਈਆ-ਧਰਤੀ ਦਾ ਮਾਲਕ ਕਰਤਾਰ। ਨਠੇ-ਨੱਠ ਗਏ। ਸੋਗ-ਗਮ; ਦੁੱਖ। ਸੰਤਾਪ-ਦਿਲ ਸਾੜਨ ਵਾਲਾ ਦੁੱਖ। ਤਤੀ ਵਾਉ-ਗਰਮ ਹਵਾ (ਲੂ); ਬਿਪਤਾ।੩। ਦਯੁ-ਪ੍ਰੇਰਕ ਵਾਹਿਗੁਰੂ; ਦਿਆਲੂ ਕਰਤਾਰ। ਗੁਰਿ ਤੁਠੈ-ਗੁਰੂ ਦੇ ਪ੍ਰਸੰਨ ਹੋਣ ਨਾਲ।੪।੨।੧੭੦।

ਗਉੜੀ ਮਾਝ ਮਹਲਾ ੫ ॥ ਹਰਿ ਰਾਮ ਰਾਮ ਰਾਮ ਰਾਮਾ ॥ ਜਪਿ ਪੂਰਨ ਹੋਏ ਕਾਮਾ ॥੧॥ਰਹਾਉ॥ (ਹੇ ਭਾਈ!) ਹਰੀ ਜੋ ਸਾਰੇ ਰਮਿਆ ਹੋਇਆ ਹੈ, (ਉਸ) ਰਾਮ ਦਾ ਰਾਮ ਰਾਮ ਨਾਮ ਜਪਣ ਨਾਲ ਸਾਰੇ ਕੰਮ ਪੂਰੇ ਹੋ ਜਾਂਦੇ ਹਨ।੧।ਰਹਾਉ।

ਰਾਮ ਗੋਬਿੰਦ ਜਪੇਦਿਆ, ਹੋਆ ਮੁਖੁ ਪਵਿਤ੍ਰੁ ॥ ਹਰਿ ਜਸੁ ਸੁਣੀਐ ਜਿਸ ਤੇ, ਸੋਈ ਭਾਈ ਮਿਤ੍ਰੁ ॥੧॥ ਰਾਮ ਜਾਂ ਗੋਬਿੰਦ ਆਦਿਕ ਨਾਮ ਜਪਦਿਆਂ ਮੁਖ ਪਵਿਤ੍ਰ ਹੋ ਜਾਂਦਾ ਹੈ। ਜਿਸ ਮਨੁੱਖ ਤੋਂ ਹਰੀ ਦਾ ਜਸ ਸੁਣਿਆ ਜਾਏ, ਉਹ ਹੀ ਅਸਲੀ ਭਰਾ ਤੇ ਮਿਤ੍ਰ ਹੈ।੧।

ਸਭਿ ਪਦਾਰਥ ਸਭਿ ਫਲਾ, ਸਰਬ ਗੁਣਾ ਜਿਸੁ ਮਾਹਿ ॥ ਕਿਉ ਗੋਬਿੰਦੁ ਮਨਹੁ ਵਿਸਾਰੀਐ, ਜਿਸੁ ਸਿਮਰਤ ਦੁਖ ਜਾਹਿ ॥੨॥ ਸਾਰੇ (ਧਰਮ ਅਰਥ ਕਾਮ ਮੋਖਸ਼) ਪਦਾਰਥ, ਸਾਰੇ ਫਲ ਅਤੇ ਸਾਰੇ ਗੁਣ ਜਿਸ ਪ੍ਰਮਾਤਮਾ (ਦੇ ਵਸ) ਵਿਚ ਹਨ। (ਅਜੇਹੇ) ਗੋਬਿੰਦ ਨੂੰ ਮਨ ਤੋਂ ਕਿਵੇਂ ਭੁਲਾ ਦੇਈਏ? ਜਿਸ ਦਾ ਸਿਮਰਨ ਕਰਨ ਨਾਲ (ਸਾਰੇ) ਦੁਖ ਮਿਟ ਜਾਂਦੇ ਹਨ।੨।

ਜਿਸੁ ਲੜਿ ਲਗਿਐ ਜੀਵੀਐ, ਭਵਜਲੁ ਪਈਐ ਪਾਰਿ ॥ ਮਿਲਿ ਸਾਧੂ ਸੰਗਿ ਉਧਾਰੁ ਹੋਇ, ਮੁਖ ਊਜਲ ਦਰਬਾਰਿ ॥੩॥

All Rights Reserved by Harjinder Singh Gyani | www.GuruGranthVakhyaan.org

ਜਿਸ (ਕਰਤਾਰ) ਦੇ ਲੜ ਲਗਣ ਨਾਲ (ਆਤਮਕ ਜੀਵਨ) ਜੀਵੀਦਾ ਹੈ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ। ਸਾਧੂਆਂ ਦੀ ਸੰਗਤ ਵਿਚ ਮਿਲ ਕੇ ਉਧਾਰ ਹੋ ਜਾਂਦਾ ਹੈ ਅਤੇ ਰੱਬ ਦੇ ਦਰਬਾਰ ਵਿਚ ਮੁਖ ਉਜਲ ਹੁੰਦਾ ਹੈ।੩।

ਜੀਵਨ ਰੂਪ ਗੋਪਾਲ ਜਸੁ ,ਸੰਤ ਜਨਾ ਕੀ ਰਾਸਿ ॥ ਨਾਨਕ ਉਬਰੇ ਨਾਮੁ ਜਪਿ, ਦਰਿ ਸਚੈ ਸਾਬਾਸਿ ॥੪॥੩॥੧੭੧॥ (ਸੰਸਾਰ ਦਾ) ਜੀਵਨ ਰੂਪ ਵਾਹਿਗੁਰੂ ਹੈ, (ਵਾਹਿਗੁਰੂ ਦਾ) ਜਸ ਸੰਤ ਜਨਾਂ ਦੀ ਪੂੰਜੀ ਹੈ। ਗੁਰੂ ਜੀ ਆਖਦੇ ਹਨ ਕਿ (ਸੰਤ ਜਨ) ਨਾਮ ਜਪ ਕੇ (ਭਵਜਲ ਤੋਂ) ਤਰ ਜਾਂਦੇ ਹਨ ਅਤੇ ਸੱਚੇ ਵਾਹਿਗੁਰੂ ਦੇ ਦਰ ਤੇ (ਉਨ੍ਹਾਂ ਨੂੰ) ਸ਼ਾਬਾਸ ਮਿਲਦੀ ਹੈ।੪।੩।੧੭੧।

ਪਦਾਰਥ = ਰਾਮ–ਸਰਬ ਵਿਆਪਕ ਕਰਤਾਰ। ਕਾਮਾ–ਕੰਮ।੧। ਰਹਾਉ। ਜਿਸ ਤੇ–ਜਿਸ ਪਾਸੋਂ। ਭਾਈ–ਭਰਾ।੧। ਸਭਿ–ਸਾਰੇ। ਜਿਸੁ ਮਾਹਿ–ਜਿਸ ਪ੍ਰਮਾਤਮਾ (ਦੇ ਵਸ) ਵਿਚ। ਮਨਹੁ–ਮਨ ਤੋਂ।੨। ਲੜਿ ਲਗਿਐ–ਪੱਲੇ ਲੱਗਣ ਨਾਲ। ਜੀਵੀਐ–ਜੀਵਨ ਜੀਵੀਦਾ ਹੈ। ਭਵਜਲੁ–ਸੰਸਾਰ ਸਮੁੰਦਰ। ਪਈਐ ਪਾਰਿ–ਪਾਰ ਲੰਘ ਜਾਈਦਾ ਹੈ। ਉਧਾਰੁ–ਮੁਕਤੀ; ਛੁਟਕਾਰਾ।੩। ਰਾਸਿ–ਪੂੰਜੀ। ਉਬਰੇ–ਤਰ ਗਏ ;(ਦੁੱਖਾਂ ਤੋਂ) ਬਚ ਗਏ ਹਨ (ਫ.ਸ.)। ਦਰਿ ਸਚੈ–ਸੱਚੇ ਵਾਹਿਗੁਰੂ ਦੇ ਦਰ ਤੇ।੪।੩।੧੭੧।

ਗਉੜੀ ਮਾਝ ਮਹਲਾ ੫ ॥ ਮੀਠੇ ਹਰਿ ਗੁਣ ਗਾਉ ਜਿੰਦੂ ,ਤੂੰ ਮੀਠੇ ਹਰਿ ਗੁਣ ਗਾਉ ॥ ਸਚੇ ਸੇਤੀ ਰਤਿਆ, ਮਿਲਿਆ ਨਿਥਾਵੇ ਥਾਉ ॥੧॥ਰਹਾਉ॥ ਹੇ (ਮੇਰੀ) ਜਿੰਦੇ! ਹਰੀ ਦੇ ਮਿੱਠੇ ਗੁਣ ਗਾ, ਤੂੰ (ਮਨ ਬਾਣੀ ਕਰਕੇ ਵੀ) ਹਰੀ ਦੇ ਮਿੱਠੇ ਗੁਣ ਗਾ {ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ੩੨੧}। ਸੱਚੇ ਪ੍ਰਭੂ ਨਾਲ ਪ੍ਰੀਤਵਾਨ ਹੋਇਆਂ ਨਿਥਾਵੇਂ (ਮਨੁੱਖ) ਨੂੰ ਥਾਂ ਮਿਲ ਜਾਂਦੀ ਹੈ।੧। ਰਹਾਉ।

ਹੋਰਿ ਸਾਦ ਸਭਿ ਫਿਕਿਆ, ਤਨੁ ਮਨੁ ਫਿਕਾ ਹੋਇ ॥ ਵਿਣੁ ਪਰਮੇਸਰ ਜੋ ਕਰੇ, ਫਿਟੁ ਸੁ ਜੀਵਣੁ ਸੋਇ ॥੧॥ (ਹਰੀ ਦੇ ਗੁਣ ਗਾਉਣ ਤੋਂ ਬਿਨਾ) ਹੋਰ ਸਾਰੇ ਸੁਆਦ ਫਿੱਕੇ ਹਨ, (ਜਿਨ੍ਹਾਂ ਦੇ ਚੱਖਣ ਨਾਲ) ਤਨ ਤੇ ਮਨ ਵੀ ਫਿੱਕਾ ਹੋ ਜਾਂਦਾ ਹੈ {ਫੀਕੇ ਹਰਿ ਕੇ ਨਾਮ ਬਿਨੁ ਸਾਦ ੧੨੧੯}। ਪ੍ਰਭੂ ਦੇ (ਗੁਣ ਗਾਉਣ ਤੋਂ) ਬਿਨਾ ਜੋ ਕੁਝ ਵੀ (ਮਨੁੱਖ ਮਿੱਠਾ ਜਾਣ ਕੇ) ਕਰਦਾ ਹੈ, ਉਸਦਾ ਉਹ ਜੀਵਨ ਫਿਟਕਾਰ ਯੋਗ ਹੈ; ਉਹ ਜੀਵਨ ਲਾਹਣਤ ਵਾਲਾ ਹੈ; (ਉਸਦੀ) ਸੋਭਾ ਨੂੰ ਵੀ ਲਾਹਣਤ ਹੈ (ਟਕਸਾਲ)।੧।

ਅੰਚਲੁ ਗਹਿ ਕੈ ਸਾਧ ਕਾ, ਤਰਣਾ ਇਹੁ ਸੰਸਾਰੁ ॥ ਪਾਰਬ੍ਰਹਮੁ ਆਰਾਧੀਐ, ਉਧਰੈ ਸਭ ਪਰਵਾਰੁ ॥੨॥ ਸਾਧੂ ਦਾ ਪੱਲਾ ਫੜ ਕੇ ਇਸ ਸੰਸਾਰ (ਸਮੁੰਦਰ) ਤੋਂ ਤਰਨਾ ਹੁੰਦਾ ਹੈ। (ਸਾਧੂ ਦਸਦਾ ਹੈ ਕਿ) ਪ੍ਰਭੂ ਨੂੰ ਅਰਾਧਣ ਨਾਲ ਸਾਰਾ ਪ੍ਰਵਾਰ ਤਰ ਜਾਂਦਾ ਹੈ।੨।

ਸਾਜਨੁ ਬੰਧੁ ਸੁਮਿਤ੍ਰੁ ਸੋ, ਹਰਿ ਨਾਮੁ ਹਿਰਦੈ ਦੇਇ ॥ ਅਉਗਣ ਸਭਿ ਮਿਟਾਇ ਕੈ, ਪਰਉਪਕਾਰੁ ਕਰੇਇ ॥੩॥ (ਸਾਡਾ ਸੱਚਾ) ਸਜਨ, ਸਬੰਧੀ ਤੇ ਸ੍ਰੇਸਟ ਮਿਤ੍ਰ ਉਹ ਹੈ, (ਜਿਹੜਾ ਸਾਡੇ) ਹਿਰਦੇ ਵਿਚ ਹਰੀ ਦਾ ਨਾਮ (ਵਸਾ) ਦੇਂਦਾ ਹੈ। (ਅਤੇ ਸਾਡੇ ਅੰਦਰੋਂ) ਸਾਰੇ ਔਗਣ ਮਿਟਾ ਕੇ (ਸਾਨੂੰ ਗੁਣਵਾਨ ਬਣਾਉਣ ਦੀ) ਭਲਾਈ ਕਰਦਾ ਹੈ।੩।

ਮਾਲੁ ਖਜਾਨਾ ਥੇਹੁ ਘਰੁ ,ਹਰਿ ਕੇ ਚਰਣ ਨਿਧਾਨ ॥ ਨਾਨਕੁ ਜਾਚਕੁ ਦਰਿ ਤੇਰੈ, ਪ੍ਰਭ ਤੁਧਨੋ ਮੰਗੈ ਦਾਨੁ ॥੪॥੪॥੧੭੨॥ (ਟਕਸਾਲ ਨੇ 'ਪ੍ਰਭ' ਤੇ ਵਿਸ੍ਰਾਮ ਲਾਇਆ ਹੈ) ਹਰੀ ਦੇ ਚਰਣ (ਹੀ ਮੇਰੇ ਲਈ) ਮਾਲ ਧਨ, ਖਜਾਨਾ, ਘਰ, ਪਿੰਡ ਤੇ ਨਿਧੀਆਂ ਹਨ (ਹਰੀ ਦੇ ਚਰਣਾਂ ਦਾ ਧਿਆਨ ਕਰਨ ਨਾਲ ਮਾਲ ਧਨ ਸਥਾਨ ਘਰ ਨਿਧੀਆਂ ਆਦਿ ਸਭ ਪ੍ਰਾਪਤ ਹੋ ਜਾਂਦੇ ਹਨ)। ਹੇ ਪ੍ਰਭੂ! ਨਾਨਕ ਮੰਗਤਾ ਤੇਰੇ ਦਰ ਉਤੇ ਖੜਾ ਹੈ, (ਤੈਥੋਂ) ਤੈਨੂੰ ਦਾਨ ਵੱਜੋਂ ਮੰਗਦਾ ਹੈ (ਤੁਸੀਂ ਹੀ ਸਾਨੂੰ ਪ੍ਰਾਪਤ ਹੋ ਜਾਵੋ)।੪।੪।੧੭੨।

ਪਦਾਰਥ = ਜਿੰਦੂ–ਹੇ ਜਿੰਦੇ!। ਸੇਤੀ–ਨਾਲ। ਰਤਿਆ–ਪ੍ਰੀਤਵਾਨ ਹੋਇਆਂ।੧। ਰਹਾਉ। ਸਾਦ–ਸੁਆਦ। ਫਿਟੁ–ਫਿਟਕਾਰ ਯੋਗ। ਸੁ–ਉਹ। ਸੋਇ–ਉਸ ਦਾ; ਸੋਭਾ।੧। ਅੰਚਲੁ–ਪੱਲਾ। ਗਹਿ ਕੇ–ਫੜ ਕੇ। ਉਧਰੈ–(ਭਵਜਲ ਤੋਂ) ਤਰ ਜਾਂਦਾ ਹੈ।੨। ਬੰਧੁ–ਰਿਸ਼ਤੇਦਾਰ; ਸਬੰਧੀ। ਸੁਮਿਤ੍ਰੁ–ਸ੍ਰੇਸਟ ਮਿਤ੍ਰ। ਸੋ–ਉਹ। ਪਰਉਪਕਾਰ–ਦੂਜਿਆਂ ਦਾ ਭਲਾ।੩। ਮਾਲੁ–ਧਨ ਸੰਪਦਾ। ਥੇਹੁ–ਪਿੰਡ; ਟਿਕਾਣਾ। ਨਿਧਾਨ –ਨਿਧੀਆਂ; ਖਜਾਨਾ। ਜਾਚਕੁ–ਮੰਗਤਾ। ਦਰਿ–ਦਰ ਉਤੇ। ਤੁਧਨੋ–ਤੈਨੂੰ।੪।੪।੧੭੨।

ਅੰਗ ੨੧੯ = ਉਥਾਨਕਾ = ਬਾਬਾ ਬਕਾਲਾ ਵਿਖੇ ਜਦ ਗੁਰੂ ਤੇਗ ਬਹਾਦਰ ਸਾਹਿਬ ਪ੍ਰਗਟ ਹੋਏ, ਉਸ ਵਕਤ ਕਾਫੀ ਸੰਗਤ ਤੇ ਹੋਰ ਸਾਧੂ ਜਨ ਗੁਰੂ ਜੀ ਦੇ ਦਰਸ਼ਨ ਕਰਨ ਆਏ। ਗਉੜੀ ਰਾਗ ਦੇ ਇਨ੍ਹਾਂ ੯ ਸ਼ਬਦਾਂ ਰਾਹੀਂ ਗੁਰੂ ਜੀ ਨੇ ਇਕੱਤ੍ਰ ਹੋਏ ਸਾਧੂਆਂ ਤੇ ਸੰਗਤਾਂ ਨੂੰ ਉਪਦੇਸ਼ ਦਿਤਾ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਇਹ ਪਹਿਲੇ ਸ਼ਬਦ ਹਨ।

ੴ ਸਤਿਗੁਰ ਪਸਾਦਿ ॥ ਰਾਗੁ ਗਉੜੀ ਮਹਲਾ ੯ ॥ ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ, ਤਾ ਤੇ

All Rights Reserved by Harjinder Singh Gyani | www.GuruGranthVakhyaan.org

ਅਹਿਨਿਸਿ ਭਾਗਉ ॥੧॥ਰਹਾਉ॥ ਹੇ ਸਾਧੂ ਜਨੋਂ! (ਤੁਸੀਂ ਅਪਣੇ) ਮਨ ਦਾ ਹੰਕਾਰ ਛਡ ਦੇਵੋ। ਕਾਮ ਕ੍ਰੋਧ ਆਦਿ ਜੋ ਵਿਕਾਰ ਹਨ ਅਤੇ ਬੁਰੇ ਬੰਦਿਆਂ ਦੀ ਸੰਗਤ ਹੈ, ਉਸ ਤੋਂ ਦਿਨ ਰਾਤ ਦੂਰ ਭੱਜ ਜਾਓ (ਦੂਰ ਰਹੋ)।੧।ਰਹਾਉ।

ਸੁਖ ਦੁਖੁ ਦੋਨੋ ਸਮ ਕਰਿ ਜਾਨੈ, ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ, ਤਿਨਿ ਜਗਿ ਤਤੁ ਪਛਾਨਾ ॥੧॥ (ਜਿਹੜਾ ਮਨੁੱਖ) ਸੁਖ ਦੁਖ ਦੋਹਾਂ ਨੂੰ ਬਰਾਬਰ ਕਰਕੇ ਜਾਣਦਾ ਹੈ ਅਤੇ ਆਦਰ ਨਿਰਾਦਰ ਨੂੰ ਵੀ ਇਕੋ ਜਿਹਾ ਜਾਣਦਾ ਹੈ (ਚਾਹੇ ਕੋਈ ਆਦਰ ਕਰੇ ਜਾਂ ਨਿਰਾਦਰ ਕਰੇ ਤਾਂ ਵੀ ਪ੍ਰਵਾਹ ਨਹੀਂ)। ਅਤੇ ਖੁਸ਼ੀ ਗਮੀ ਤੋਂ ਪਰੇ ਰਹਿੰਦਾ ਹੈ (ਖੁਸ਼ੀ ਵਿਚ ਆਪੇ ਤੋਂ ਬਾਹਰ ਨਹੀਂ ਹੁੰਦਾ ਤੇ ਗਮੀ ਵਿਚ ਘਬਰਾਉਂਦਾ ਨਹੀਂ), ਉਸ ਨੇ ਜਗਤ ਵਿਚ ਤੱਤ ਸਰੂਪ ਪ੍ਰਮਾਤਮਾ ਨੂੰ ਪਛਾਣ ਲਿਆ ਹੈ।੧।

ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂੰ ਗੁਰਮੁਖਿ ਜਾਨਾ ॥੨॥੧॥ (ਜੋ ਪੁਰਖ ਕਿਸੇ) ਉਸਤਤੀ (ਜਾਂ ਅਪਣੀ ਵਡਿਆਈ ਕਰਾਉਣੀ ਤੇ ਦੂਜਿਆਂ ਦੀ) ਨਿੰਦਾ ਕਰਨੀ ਦੋਵੇਂ ਤਿਆਗ ਦੇਂਦਾ ਹੈ ਅਤੇ ਤੁਰੀਆ ਪਦ ਨੂੰ ਖੋਜਦਾ ਹੈ। (ਪਰ) ਹੇ ਦਾਸ ਨਾਨਕ! (ਨਿਰਬਾਣ ਪਦ ਦੀ ਪ੍ਰਾਪਤੀ ਦੀ) ਇਹ ਖੇਡ ਬੜੀ ਕਠਨ ਹੈ, ਕਿਸੇ ਵਿਰਲੇ ਗੁਰਮੁਖ ਨੇ ਹੀ (ਇਹ ਖੇਲ) ਜਾਣੀ ਹੈ; ਕਿਸੇ (ਪੁਰਖ) ਨੇ ਹੀ ਗੁਰੂ ਦੁਆਰਾ (ਇਹ ਖੇਡ) ਸਮਝੀ ਹੈ।੨।੧।

ਪਦਾਰਥ = ਮਾਨੁ–ਹੰਕਾਰ। ਤਿਆਗਉ–ਛਡ ਦਿਓ। ਦੁਰਜਨ–ਬੁਰੇ ਬੰਦੇ। ਤਾ ਤੇ–ਉਸ ਤੋਂ। ਅਹਿ–ਦਿਨ। ਨਿਸਿ–ਰਾਤ।੧।ਰਹਾਉ। ਦੋਨੋ–ਦੋਹਾਂ ਨੂੰ। ਸਮ ਕਰਿ–ਇਕੋ ਜਿਹਾ ਕਰਕੇ। ਅਉਰੁ–ਅਤੇ। ਮਾਨੁ–ਆਦਰ। ਅਪਮਾਨਾ–ਨਿਰਾਦਰੀ। ਹਰਖ–ਖੁਸ਼ੀ। ਸੋਗ–ਗਮੀ। ਅਤੀਤਾ–ਤਿਆਗੀ; ਪਰੇ। ਤਿਨਿ–ਉਸ ਨੇ। ਤਤੁ–ਪ੍ਰਭੂ; ਅਸਲੀਅਤ।੧। ਉਸਤਤਿ–ਖੁਸ਼ਾਮਦ। ਪਦੁ ਨਿਰਬਾਨਾ–ਤੁਰੀਆ ਪਦ (ਸੁਖ ਦੁਖ ਤੇ ਮਾਨ ਅਪਮਾਨ ਤੋਂ ਉਪਰ ਅਡੋਲ ਅਵਸਥਾ ਵਾਲੀ ਪਦਵੀ); ਜੀਵਨ ਮੁਕਤੀ। ਕਿਨਹੂੰ–ਕਿਸੇ ਵਿਰਲੇ ਨੇ।੨।੧।

ਗਉੜੀ ਮਹਲਾ ੯ ॥ ਸਾਧੋ ਰਚਨਾ ਰਾਮ ਬਨਾਈ ॥ ਇਕਿ ਬਿਨਸੈ ਇਕ ਅਸਥਿਰੁ ਮਾਨੈ, ਅਜਰਜੁ ਲਖਿਓ ਨ ਜਾਈ ॥੧॥ਰਹਾਉ॥ (ਕੁਛ ਵਿਦਵਾਨ ਸਾਧੂਆਂ ਨੇ ਪੁਛਿਆ ਕਿ ਮਹਾਰਾਜ! ਸੰਸਾਰ ਰਚਨਾ ਕਿਵੇਂ ਬਣੀ ਹੈ? ਕੋਈ ਪ੍ਰਮਾਣੂਆਂ ਤੋਂ ਬਣੀ ਦਸਦਾ ਹੈ, ਕੋਈ ਕਿਸੇ, ਕੋਈ ਕਿਸੇ ਤੋਂ, ਗੁਰੂ ਜੀ ਉੱਤਰ ਦੇਂਦੇ ਹਨ) ਹੇ ਸਾਧੂ ਜਨੋਂ! (ਇਹ ਸੰਸਾਰ) ਰਚਨਾ ਕਰਤਾਰ ਦੀ ਬਣਾਈ ਹੋਈ ਹੈ। (ਇਸ ਵਿਚ) ਇਕ ਮਰਦਾ ਹੈ, ਇਕ (ਹੋਰਨਾਂ ਨੂੰ ਮਰਦਾ ਦੇਖ ਕੇ ਅਪਣੇ ਆਪ ਨੂੰ) ਸਦਾ ਥਿਰ ਰਹਿਣ ਵਾਲਾ ਮੰਨਦਾ ਹੈ (ਮੌਤ ਨੂੰ ਭੁਲਾ ਦੇਂਦਾ ਹੈ, ਕਰਤਾਰ ਦਾ ਇਹ) ਅਸਚਰਜ ਭੇਦ ਜਾਣਿਆ ਨਹੀਂ ਜਾਂਦਾ।੧।ਰਹਾਉ।

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ, ਹਰਿ ਮੂਰਤਿ ਬਿਸਰਾਈ ॥ ਝੂਠਾ ਤਨੁ ਸਾਚਾ ਕਰਿ ਮਾਨਿਓ, ਜਿਉ ਸੁਪਨਾ ਰੈਨਾਈ ॥੧॥ (ਅਸਲ ਵਿਚ) ਕਾਮ ਕ੍ਰੋਧ ਤੇ ਮੋਹ ਦੇ ਵਸ ਵਿਚ ਪੈ ਕੇ ਪ੍ਰਾਨੀ ਨੇ ਹਰੀ ਦੇ ਸਰੂਪ ਨੂੰ ਭੁਲਾ ਦਿਤਾ ਹੈ। (ਅਪਣੇ) ਝੂਠੇ ਤਨ ਨੂੰ ਸੱਚਾ ਕਰਕੇ ਮੰਨ ਲਿਆ ਹੋਇਆ ਹੈ, ਜਿਵੇਂ ਰਾਤ ਦਾ ਸੁਪਨਾ ਹੈ (ਸੁਪਨਾ ਝੂਠਾ ਹੁੰਦਾ ਹੈ, ਪਰ ਮਨੁੱਖ ਸੁਪਨੇ ਨੂੰ ਸੱਚਾ ਮੰਨ ਲੈਂਦਾ ਹੈ)।੧।

ਜੋ ਦੀਸੈ ਸੋ ਸਗਲ ਬਿਨਾਸੈ, ਜਿਉ ਬਾਦਰ ਕੀ ਛਾਈ ॥ ਜਨ ਨਾਨਕ ਜਗੁ ਜਾਨਿਓ ਮਿਥਿਆ, ਰਹਿਓ ਰਾਮ ਸਰਨਾਈ ॥੨॥੨॥ ਜੋ ਕੁਝ ਦਿਸਦਾ ਹੈ, ਉਹ ਸਭ ਨਾਸ਼ ਹੋ ਜਾਣ ਵਾਲਾ ਹੈ, ਜਿਵੇਂ ਬੱਦਲ ਦੀ ਛਾਂ ਹੁੰਦੀ ਹੈ (ਜੋ ਟਿਕੀ ਨਹੀਂ ਰਹਿੰਦੀ)। ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੇ) ਜਗਤ ਨੂੰ ਮਿਥਿਆ ਜਾਣਿਆ ਹੈ, (ਉਹ) ਪ੍ਰਭੂ ਦੀ ਸ਼ਰਣ ਵਿਚ ਰਹਿੰਦਾ ਹੈ।੨।੨।

ਪਦਾਰਥ = ਇਕਿ–ਕੋਈ ਇਕ; ਕਈ। ਬਿਨਸੈ–ਮਰਦਾ ਹੈ। ਅਸਥਿਰੁ–ਸਦਾ ਕਾਇਮ ਰਹਿਣ ਵਾਲਾ। ਮਾਨੈ–ਮੰਨਦਾ ਹੈ। ਲਖਿਓ ਨ –ਜਾਣਿਆ ਨਹੀਂ ਜਾਂਦਾ।੧। ਬਸਿ–ਕਾਬੂ ਵਿਚ। ਪ੍ਰਾਨੀ–ਮਨੁੱਖ। ਹਰਿ ਮੂਰਤਿ–ਹਰੀ ਦਾ ਸਰੂਪ। ਬਿਸਰਾਈ–ਭੁਲਾ ਦਿਤਾ ਹੈ। ਮਾਨਿਓ –ਮੰਨਿਆ ਹੈ। ਰੈਨਾਈ–ਰਾਤ ਦਾ।੧। ਬਿਨਾਸੈ–ਨਾਸ਼ ਹੁੰਦਾ ਹੈ। ਬਾਦਰ–ਬੱਦਲ। ਛਾਈ–ਛਾਂ। ਮਿਥਿਆ–ਨਾਸ਼ਵੰਤ; ਜੋ ਹੋਵੇ ਤਾਂ ਝੂਠਾ ਪਰ ਸੱਚਾ ਪ੍ਰਤੀਤ ਹੁੰਦਾ ਹੋਵੇ। ਰਹਿਓ–ਰਿਹਾ ਹੈ। ਸਰਣਾਈ–ਸ਼ਰਣ ਵਿਚ।੨।੨।

ਗਉੜੀ ਮਹਲਾ ੯ ॥ ਪ੍ਰਾਨੀ ਕਉ ,ਹਰਿ ਜਸੁ ਮਨਿ ਨਹੀ ਆਵੈ ॥ ਅਹਿਨਿਸਿ ਮਗਨੁ ਰਹੈ ਮਾਇਆ ਮੈ, ਕਹੁ ਕੈਸੈ ਗੁਨ ਗਾਵੈ ॥ ੧॥ਰਹਾਉ॥ ਮਨੁੱਖ ਨੂੰ ਮਨ ਵਿਚ ਹਰੀ ਦਾ ਜਸ (ਕਰਨ ਦਾ ਚੇਤਾ ਹੀ) ਨਹੀਂ ਆਉਂਦਾ (ਹੋਰ ਕੰਮ ਤਾਂ ਬਥੇਰੇ ਕਰਦਾ ਹੈ)। ਦਿਨ ਰਾਤ ਮਇਆ ਵਿਚ ਮਗਨ ਰਹਿੰਦਾ ਹੈ, ਦੱਸੋ ਕਿਵੇਂ (ਉਹ ਹਰੀ ਦੇ) ਗੁਣ ਗਾ ਸਕਦਾ ਹੈ? (ਨਹੀਂ ਗਾ ਸਕਦਾ)।੧।ਰਹਾਉ।

ਪੂਤ ਮੀਤ ਮਾਇਆ ਮਮਤਾ ਸਿਉ ,ਇਹ ਬਿਧਿ ਆਪੁ ਬੰਧਾਵੈ ॥ ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ, ਦੇਖਿ ਤਾਸਿ ਉਠਿ ਧਾਵੈ ॥ ੧॥ ਪੁਤ੍ਰ, ਮਿਤ੍ਰ ਤੇ ਮਾਇਆ ਦੀ ਮਮਤਾ ਨਾਲ ਇਸ ਤਰੀਕੇ ਨਾਲ ਅਪਣੇ ਆਪ ਨੂੰ (ਮੋਹ ਦੇ ਬੰਧਨਾਂ ਵਿਚ) ਬੰਨ੍ਹਾ ਲੈਂਦਾ ਹੈ। ਇਹ

All Rights Reserved by Harjinder Singh Gyani | www.GuruGranthVakhyaan.org

ਜਗਤ ਝੂਠਾ ਹੈ, ਜਿਵੇਂ ਮ੍ਰਿਗ ਦੀ ਤ੍ਰਿਸ਼ਨਾ (ਦਾ ਜਲ ਝੂਠਾ) ਹੈ, (ਮ੍ਰਿਗ) ਉਸ ਵੱਲ ਦੇਖ ਕੇ ਉਠ ਦੌੜਦਾ ਹੈ।੧।

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ, ਮੂੜ ਤਾਹਿ ਬਿਸਰਾਵੈ ॥ ਜਨ ਨਾਨਕ ਕੋਟਨ ਮੈ ਕੋਊ ,ਭਜਨੁ ਰਾਮ ਕੋ ਪਾਵੈ ॥੨॥੩॥ ਭੋਗ ਤੇ ਮੋਖ ਪ੍ਰਾਪਤੀ ਦਾ ਕਾਰਨ ਜੋ ਪ੍ਰਭੂ ਮਾਲਕ ਹੈ, ਮੂਰਖ ਮਨੁੱਖ ਉਸ ਨੂੰ ਭੁਲਾ ਦੇਂਦਾ ਹੈ।ਦਾਸ ਨਾਨਕ ਆਖਦਾ ਹੈ ਕਿ ਕ੍ਰੋੜਾਂ ਵਿਚੋਂ ਕੋਈ (ਇਕ ਮਨੁੱਖ) ਹੈ, ਜੋ ਵਾਹਿਗੁਰੂ ਦਾ ਭਜਨ ਪ੍ਰਾਪਤ ਕਰਦਾ ਹੈ।੨।੩।

ਪਦਾਰਥ = ਕਉ-ਨੂੰ।ਮਨਿ-ਮਨ ਵਿਚ।ਅਹਿ-ਦਿਨ।ਨਿਸਿ-ਰਾਤ।ਮਗਨੁ-ਮਸਤ।ਮੈ-ਵਿਚ।ਕਹੁ-ਦੱਸੋ।੧।ਰਹਾਉ।ਪੂਤ-ਪੁਤ੍ਰ।ਮੀਤ-ਮਿੱਤ੍ਰ।ਮਮਤਾ-ਮੋਹ; ਮੇਰਾ ਪਣ (ਅਪਣੱਤ)।ਸਿਉ-ਨਾਲ।ਇਹ ਬਿਧਿ-ਇਸ ਤਰ੍ਹਾਂ; ਇਸ ਤਰੀਕੇ ਨਾਲ।ਆਪੁ-ਅਪਣੇ ਆਪ ਨੂੰ।ਬੰਧਾਵੈ-ਬੰਨ੍ਹਾਂ ਲੈਂਦਾ ਹੈ।ਤਾਸਿ-ਉਸ ਵੱਲ।੧।ਭੁਗਤਿ-ਭੋਗ; (ਸੰਸਾਰ ਦੇ) ਸੁਖ; ਭੋਜਨ।ਮੂੜ-ਮੂਰਖ ਮਨੁੱਖ।ਤਾਹਿ-ਉਸ ਨੂੰ।ਬਿਸਰਾਵੈ-ਭੁਲਾ ਦੇਂਦਾ ਹੈ।ਕੋਟਨ ਮੈ-ਕ੍ਰੋੜਾਂ ਵਿਚ।ਕੋਊ-ਕੋਈ ਇਕ (ਵਿਰਲਾ)।ਰਾਮ ਕੋ-ਵਾਹਿਗੁਰੂ ਦਾ।੨।੩।

ਮ੍ਰਿਗ ਤ੍ਰਿਸਨਾ = ਧੁੱਪ ਨਾਲ ਚਮਕਦੀ ਮਾਰੂਥਲ ਦੀ ਰੇਤ ਮ੍ਰਿਗ ਨੂੰ ਪਾਣੀ ਭਾਸਦਾ ਹੈ ਤੇ ਪੀਣ ਲਈ ਉਸ ਵੱਲ ਦੌੜਦਾ ਹੈ।ਪਾਣੀ ਦਾ ਅਕਸ ਮ੍ਰਿਗ ਨੂੰ ਅਗਾਂਹ ਭਜਾਈ ਜਾਂਦਾ ਹੈ, ਇਸ ਤਰ੍ਹਾਂ ਪਿਆਸਾ ਮ੍ਰਿਗ ਦੌੜਦਾ ਹੋਇਆ ਥਕ ਕੇ ਮਰ ਜਾਂਦਾ ਹੈ।ਸੂਰਜ ਢਲਣ ਤੇ ਮ੍ਰਿਗ ਤ੍ਰਿਸ਼ਨਾ ਦੀ ਅਸਲੀਅਤ ਦਾ ਪਤਾ ਲਗਦਾ ਹੈ।ਮਨੁੱਖ ਜਗਤ ਦੀ ਝੂਠੀ ਚਮਕ ਦਮਕ ਦੇਖ ਕੇ ਉਸ ਵੱਲ ਦੌੜਦਾ ਹੈ ਤੇ ਭਟਕਦਾ ਹੋਇਆ ਮਰ ਜਾਂਦਾ ਹੈ।ਗਿਆਨ ਹੋਣ ਤੇ ਸਮਝ ਪੈਂਦੀ ਹੈ ਕਿ ਪਦਾਰਥਾਂ ਦੀ ਲਾਲਸਾ ਝੂਠੀ ਹੈ।ਰੇਤ ਜਗਤ ਹੈ, ਸੂਰਜ ਬ੍ਰਹਮ ਹੈ, ਬ੍ਰਹਮ ਦੀ ਸੱਤਾ ਕਰਕੇ ਜਗਤ ਸੱਚਾ ਪ੍ਰਤੀਤ ਹੁੰਦਾ ਹੈ।

ਗਉੜੀ ਮਹਲਾ ੯ ॥ ਸਾਧੋ ਇਹੁ ਮਨੁ ਗਹਿਓ ਨ ਜਾਈ ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ, ਯਾ ਤੇ ਥਿਰੁ ਨ ਰਹਾਈ ॥੧॥ਰਹਾਉ ॥ ਹੇ ਸਾਧ ਜਨੋਂ! (ਮਨੁੱਖ ਦਾ) ਇਹ ਮਨ ਪਕੜਿਆ ਨਹੀਂ ਜਾਂਦਾ ਭਾਵ ਕਾਬੂ ਵਿਚ ਨਹੀਂ ਆਉਂਦਾ।(ਵਸ ਵਿਚ ਕਿਉਂ ਨਹੀਂ ਆਉਂਦਾ? ਮਨ ਦੇ) ਨਾਲ ਚੰਚਲ ਤ੍ਰਿਸ਼ਨਾ ਵਸਦੀ ਹੈ, ਇਸ ਕਰਕੇ ਸਥਿਰ ਨਹੀਂ ਰਹਿੰਦਾ (ਸਦਾ ਭਟਕਦਾ ਰਹਿੰਦਾ ਹੈ)।੧।ਰਹਾਉ।

ਕਠਨ ਕਰੋਧ ਘਟ ਹੀ ਕੇ ਭੀਤਰਿ, ਜਿਹ ਸੁਧਿ ਸਭ ਬਿਸਰਾਈ ॥ ਰਤਨੁ ਗਿਆਨੁ ਸਭ ਕੋ ਹਿਰਿ ਲੀਨਾ, ਤਾ ਸਿਉ ਕਛੁ ਨ ਬਸਾਈ ॥੧॥ (ਜਿਹੜਾ) ਕ੍ਰੋਧ ਕਾਬੂ ਕਰਨਾ ਔਖਾ ਹੈ, (ਉਹ ਮਨੁੱਖ ਦੇ) ਹਿਰਦੇ ਦੇ ਅੰਦਰ ਹੀ ਹੈ, ਜਿਸ (ਕ੍ਰੋਧ) ਨੇ ਸਾਰੀ ਹੋਸ਼ ਭੁਲਾ ਦਿਤੀ ਹੈ (ਮੱਤ ਮਾਰ ਦਿਤੀ ਹੈ, ਭਲੇ ਪਾਸੇ ਸੋਚਣ ਨਹੀਂ ਦਿੰਦਾ।ਇਸ ਕ੍ਰੋਧ ਨੇ) ਸਭ ਦਾ ਗਿਆਨ ਰੂਪ ਰਤਨ ਚੁਰਾ ਲਿਆ ਹੈ, ਉਸ ਨਾਲ (ਕਿਸੇ ਦਾ) ਕੁਛ ਵਸ ਨਹੀਂ ਚਲਦਾ।੧।

ਜੋਗੀ ਜਤਨ ਕਰਤ ਸਭਿ ਹਾਰੇ, ਗੁਨੀ ਰਹੇ ਗੁਨ ਗਾਈ ॥ ਜਨ ਨਾਨਕ ਹਰਿ ਭਏ ਦਇਆਲਾ, ਤਉ ਸਭ ਬਿਧਿ ਬਨਿ ਆਈ ॥੨॥੪॥ ਜੋਗੀ (ਲੋਕ ਮਨ ਨੂੰ ਵਸ ਕਰਨ ਲਈ) ਜੋਗ ਦੇ ਸਾਰੇ ਜਤਨ ਕਰਦੇ ਹਾਰ ਗਏ, ਗੁਣਵਾਨ ਲੋਕ (ਅਪਣੇ) ਗੁਣਾਂ ਦਾ ਜਸ ਗਾਉਂਦੇ ਰਹਿ ਗਏ।ਦਾਸ ਨਾਨਕ ਆਖਦਾ ਹੈ ਕਿ ਜਦ ਹਰੀ ਜੀ ਦਿਆਲ ਹੋਏ; ਤਾਂ ਗੁਣੀ ਪੁਰਖ ਵਾਹਿਗੁਰੂ ਦੇ ਗੁਣ ਗਾਉਂਦੇ ਰਹੇ (ਟਕਸਾਲ), ਤਾਂ (ਮਨ ਵਸ ਕਰਨ ਦੀਆਂ) ਸਭ ਬਿਧਾਂ ਬਣ ਆਈਆਂ।੨।੪।

ਪਦਾਰਥ = ਗਹਿਓ ਨ ਜਾਈ-ਫੜਿਆ ਨਹੀਂ ਜਾਂਦਾ; ਕਾਬੂ ਵਿਚ ਨਹੀਂ ਆਉਂਦਾ।ਚੰਚਲ-ਜੋ ਟਿਕਿਆ ਨਾ ਰਹੇ।ਬਸਤੁ ਹੈ-ਵਸਦੀ ਹੈ।ਯਾ ਤੇ-ਇਸ ਕਰਕੇ।ਥਿਰੁ-ਕਾਇਮ; ਅਚੱਲ।ਨ ਰਹਾਈ-ਨਹੀਂ ਰਹਿੰਦਾ।੧।ਰਹਾਉ।ਕਠਨ-(ਜਿਸ ਨੂੰ ਵਸ ਕਰਨਾ) ਔਖਾ ਹੈ।ਘਟ-ਹਿਰਦਾ।ਭੀਤਰਿ-ਅੰਦਰ।ਜਿਹ-ਜਿਸ (ਕ੍ਰੋਧ) ਨੇ।ਸੁਧਿ-ਹੋਸ਼; ਮੱਤ।ਸਭ ਕੋ-ਸਾਰਿਆਂ (ਜੀਵਾਂ) ਦਾ।ਹਿਰਿ ਲੀਨਾ-ਚੁਰਾ ਲਿਆ ਹੈ।ਤਾ ਸਿਉ-ਉਸ ਨਾਲ।ਨ ਬਸਾਈ-ਵਸ ਨਹੀਂ ਚਲਦਾ (ਪੇਸ਼ ਨਹੀਂ ਚਲਦੀ); ਜੋਰ ਨਾਲ ਰੁਕਦਾ ਨਹੀਂ।੧।ਜਤਨ ਕਰਤ-(ਸਮਾਧੀਆਂ, ਪ੍ਰਾਣਾਂਯਾਮ ਆਦਿ ਦੇ) ਜਤਨ ਕਰਦੇ ਹੋਏ।ਗੁਨੀ-ਗੁਣਵਾਨ; ਵਿਦਵਾਨ ਪੁਰਖ; ਵਿਚਾਰਵਾਨ; ਉਚੇ ਇਖਲਾਕ ਵਾਲੇ।ਗੁਨ ਗਾਈ-ਅਪਣੇ ਨਿਜ ਦੇ ਗੁਣ ਵਰਨਣ ਕਰਕੇ; ਆਪਣੇ ਤਰੀਕੇ ਵਰਤ ਕੇ (ਗੁਣ ਗਾਈ ਦਾ ਅਰਥ ਪ੍ਰਭੂ ਜਸ ਨਹੀਂ)।ਰਹੇ-ਥੱਕ (ਹਾਰ) ਗਏ।ਬਨਿ ਆਈ-ਬਿਧਾਂ ਬਣ ਆਈਆਂ; ਢੋ ਢੁਕ ਗਏ; ਕਾਮਯਾਬੀ ਦੇ ਕਾਰਣ ਆਣ ਇਕੱਠੇ ਹੋਏ।੨।੪।

ਗਉੜੀ ਮਹਲਾ ੯ ॥ ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕੁ ਪਾਇਓ, ਬਿਰਥਾ ਕਾਹੇ ਗਵਾਵਉ ॥੧॥ਰਹਾਉ॥ ਹੇ ਸਾਧ ਜਨੋਂ! (ਤੁਸੀਂ) ਗੋਬਿੰਦ ਦੇ ਗੁਣ ਗਾਓ (ਤਾਂ ਕਿ ਜੀਵਨ ਸਫਲ ਹੋ ਜਾਵੇ।ਤੁਸੀਂ ਜੋ) ਅਮੋਲਕ ਮਨੁੱਖਾ ਜਨਮ ਪ੍ਰਾਪਤ ਕੀਤਾ ਹੈ, (ਇਸ ਨੂੰ) ਬੇਅਰਥ ਕਿਉਂ ਗਵਾ ਰਹੇ ਹੋ।੧।ਰਹਾਉ।

All Rights Reserved by Harjinder Singh Gyani | www.GuruGranthVakhyaan.org

ਪਤਿਤ ਪੁਨੀਤ ਦੀਨ ਬੰਧ ਹਰਿ, ਸਰਨਿ ਤਾਹਿ ਤੁਮ ਆਵਉ ॥ ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ, ਤੁਮ ਕਾਹੇ ਬਿਸਰਾਵਉ ॥੧॥ ਹਰੀ, ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ ਤੇ ਗਰੀਬਾਂ ਦਾ ਸਹਾਇਕ ਹੈ, ਤੁਸੀਂ ਉਸ (ਹਰੀ) ਦੀ ਸ਼ਰਨ ਵਿਚ ਆ ਜਾਓ। ਜਿਸ (ਹਰੀ) ਦਾ ਸਿਮਰਨ ਕਰਦਿਆਂ ਹਾਥੀ ਦਾ ਡਰ ਮਿਟ ਗਿਆ ਸੀ, ਤੁਸੀਂ (ਉਸ ਨੂੰ) ਕਿਉਂ ਭੁਲਾ ਰਹੇ ਹੋ?।੧।

ਤਜਿ ਅਭਿਮਾਨੁ ਮੋਹ ਮਾਇਆ ਫੁਨਿ, ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ ਮੁਕਤਿ ਪੰਥ ਇਹੁ ,ਗੁਰਮੁਖਿ ਹੋਇ ਤੁਮ ਪਾਵਉ ॥੨॥੫॥ (ਸਾਧੂ ਪੁਣੇ ਦਾ) ਹੰਕਾਰ ਤੇ ਮਾਇਆ ਦਾ ਮੋਹ ਤਿਆਗ ਦਿਓ, ਫਿਰ ਰਾਮ ਦੇ ਭਜਨ ਵਿਚ ਚਿਤ ਨੂੰ ਲਗਾ ਦਿਓ। ਨਾਨਕ (ਗੁਰੂ ਜੀ) ਆਖਦੇ ਹਨ ਕਿ ਇਹ (ਨਾਮ ਸਿਮਰਨ) ਮੁਕਤੀ ਦਾ ਰਸਤਾ ਹੈ, ਤੁਸੀਂ ਗੁਰਮੁਖ ਹੋ ਕੇ ਪ੍ਰਾਪਤ ਕਰ ਲਵੋ।੨।੫।

ਪਦਾਰਥ = ਮਾਨਸ ਜਨਮੁ–ਮਨੁੱਖਾ ਜਨਮ। ਬਿਰਥਾ–ਬਿਅਰਥ। ਕਾਹੇ–ਕਿਉਂ। ਗਵਾਵਉ–ਗਵਾਉਂਦੇ ਹੋ।੧। ਰਹਾਉ। ਪਤਿਤ–ਪਾਪੀ ;ਧਰਮ ਤੋਂ ਗਿਰੇ ਮਨੁੱਖ। ਪੁਨੀਤ–ਪਵਿਤ੍ਰ। ਦੀਨ ਬੰਧ–ਗਰੀਬਾਂ ਦਾ ਸਹਾਇਕ; ਗਰੀਬਾਂ ਦਾ ਸਬੰਧੀ। ਤਾਹਿ–ਉਸ ਦੀ। ਗਜੁ–ਹਾਥੀ (ਭਾਗਵਤ ਵਿਚ ਕਥਾ ਹੈ ਕਿ ਦੇਵਲ ਰਿਖੀ ਦੇ ਸ੍ਰਾਪ ਦੇ ਕਾਰਣ ਇਕ ਗੰਧਰਵ ਹਾਥੀ ਬਣ ਗਿਆ। ਤੰਦੂਏ ਦੀ ਪਕੜ ਵਿਚ ਹਰੀ ਦੇ ਸਿਮਰਨ ਨਾਲ ਇਸ ਦਾ ਛੁਟਕਾਰਾ ਹੋ ਗਿਆ)। ਕੋ–ਦਾ। ਤ੍ਰਾਸੁ–ਡਰ। ਬਿਸਰਾਵਉ–ਭੁਲਾ ਰਹੇ ਹੋ।੧। ਤਜਿ–ਛਡ ਕੇ। ਫੁਨਿ–ਫਿਰ। ਲਾਵਉ–ਲਾਓ; ਜੋੜੋ। ਪੰਥ–ਰਸਤਾ; ਧਰਮ। ਹੋਇ–ਹੋ ਕੇ; ਬਣ ਕੇ।੨।੫।

ਅੰਗ ੨੨੦ = ਗਉੜੀ ਮਹਲਾ ੫ ॥ ਕੋਊ ਮਾਈ ਭੂਲਿਓ ਮਨੁ ਸਮਝਾਵੈ ॥ ਬੇਦ ਪੁਰਾਨ ਸਾਧ ਮਗ ਸੁਨਿ ਕਰਿ, ਨਿਮਖ ਨ ਹਰਿ ਗੁਨ ਗਾਵੈ ॥੧॥ਰਹਾਉ॥ ਹੇ ਮਾਈ! ਕੋਈ (ਗੁਰਮੁਖ ਮਿਲ ਜਾਵੇ, ਜੋ ਮੇਰੇ) ਭੁੱਲੇ ਮਨ ਨੂੰ ਸਮਝਾ ਦੇਵੇ (ਸ੍ਰੇਸ਼ਟ ਮੱਤ ਦੇਵੇ); ਹੇ ਭਾਈ! ਕੋਈ ਵਿਰਲਾ (ਮਨੁੱਖ ਅਪਣੇ) ਕੁਰਾਹੇ ਪਏ ਮਨ ਨੂੰ ਸਮਝਾਉਂਦਾ ਹੈ।(ਕਿਉਂਕਿ ਇਹ ਮਨ) ਬੇਦਾਂ, ਪੁਰਾਣਾਂ ਤੇ ਸਾਧੂਆਂ ਦਾ ਦੱਸਿਆ ਰੱਬ ਪ੍ਰਾਪਤੀ ਦਾ ਰਸਤਾ ਸੁਣ ਕੇ ਵੀ ਇਕ ਨਿਮਖ ਭਰ ਹਰੀ ਦੇ ਗੁਣ ਨਹੀਂ ਗਾਉਂਦਾ।੧। ਰਹਾਉ।

ਦੁਰਲਭ ਦੇਹ ਪਾਇ ਮਾਨਸ ਕੀ, ਬਿਰਥਾ ਜਨਮੁ ਸਿਰਾਵੈ ॥ ਮਾਇਆ ਮੋਹ ਮਹਾ ਸੰਕਟ ਬਨ, ਤਾ ਸਿਉ ਰੁਚ ਉਪਜਾਵੈ ॥੧॥ (ਮਨ ਅਜੇਹਾ ਕੁਰਾਹੇ ਪਿਆ ਹੋਇਆ ਹੈ ਕਿ) ਔਖੀ ਲੱਭਣ ਵਾਲੀ ਮਨੁੱਖਾ ਦੇਹ ਪਾ ਕੇ (ਇਹ ਮਨੁੱਖ ਅਪਣਾ) ਜਨਮ ਬਿਰਥਾ ਬਿਤਾ ਰਿਹਾ ਹੈ। ਮਾਇਆ ਦਾ ਮੋਹ ਬਹੁਤ ਦੁਖ ਦੇਣ ਵਾਲਾ ਜੋ ਜੰਗਲ ਹੈ, ਉਸ ਨਾਲ (ਇਹ ਮਨੁੱਖ) ਪ੍ਰੇਮ ਪੈਦਾ ਕਰ ਰਿਹਾ ਹੈ।੧।

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ, ਤਾ ਸਿਉ ਨੇਹੁ ਨ ਲਾਵੈ ॥ ਨਾਨਕ ਮੁਕਤਿ ਤਾਹਿ ਤੁਮ ਮਾਨਹੁ ,ਜਿਹ ਘਟਿ ਰਾਮੁ ਸਮਾਵੈ ॥੨॥੬॥ (ਜਿਹੜਾ) ਪ੍ਰਭੂ ਅੰਦਰ ਬਾਹਰ ਜੀਵ ਦੇ ਸਦਾ ਨਾਲ ਰਹਿੰਦਾ ਹੈ, ਉਸ ਨਾਲ (ਇਹ ਮਨੁੱਖ) ਪ੍ਰੇਮ ਨਹੀਂ ਲਾਉਂਦਾ। ਹੇ ਨਾਨਕ! ਉਸ (ਮਨੁੱਖ) ਨੂੰ ਤੁਸੀਂ ਮੁਕਤ ਹੋਇਆ ਮੰਨੋ, ਜਿਸ ਦੇ ਹਿਰਦੇ ਵਿਚ ਰਾਮ ਸਮਾ ਜਾਂਦਾ ਹੈ।੨।੬।

ਪਦਾਰਥ = ਕੋਊ–ਕੋਈ (ਗੁਰਮੁਖ)। ਮਾਈ–ਹੇ ਮਾਈ; ਹੇ ਭਾਈ!। ਸਾਧ ਮਗ–ਸਾਧੂਆਂ ਦਾ ਦੱਸਿਆਂ (ਰੱਬ ਪ੍ਰਾਪਤੀ ਦਾ) ਰਸਤਾ। ਨਿਮਖ–ਅੱਖ ਝਮਕਣ ਜਿੰਨਾ ਸਮਾਂ।੧। ਰਹਾਉ। ਦੁਰਲਭ–ਬੜਾ ਔਖਾ ਮਿਲਣ ਵਾਲਾ। ਦੇਹ–ਸਰੀਰ। ਮਾਨਸ–ਮਨੁੱਖ। ਸਿਰਾਵੈ–ਬਿਤਾ ਰਿਹਾ ਹੈ। ਮਹਾ ਸੰਕਟ–ਬਹੁਤ ਦੁਖਦਾਈ। ਬਨ–ਜੰਗਲ। ਤਾ ਸਿਉ–ਉਸ ਨਾਲ। ਰੁਚ–ਪ੍ਰੇਮ। ਉਪਜਾਵੈ–ਪੈਦਾ ਕਰਦਾ ਹੈ।੧। ਨੇਹੁ–ਪ੍ਰੇਮ। ਤਾਹਿ–ਉਸ ਨੂੰ। ਮਾਨਹੁ–ਮੰਨੋ; ਸਮਝੋ। ਜਿਹ–ਜਿਸ ਦੇ। ਘਟਿ–ਹਿਰਦੇ ਵਿਚ।੨।੬।

ਗਉੜੀ ਮਹਲਾ ੯ ॥ ਸਾਧੋ ਰਾਮ ਸਰਨਿ ਬਿਸਰਾਮਾ ॥ ਬੇਦ ਪੁਰਾਨ ਪੜੇ ਕੋ ਇਹ ਗੁਨ, ਸਿਮਰੇ ਹਰਿ ਕੋ ਨਾਮਾ ॥੧॥ਰਹਾਉ॥ ਹੇ ਸਾਧ ਜਨੋਂ! ਵਾਹਿਗੁਰੂ ਦੀ ਸ਼ਰਣ ਵਿਚ ਆਇਆਂ ਸੁਖ ਅਰਾਮ ਪ੍ਰਾਪਤ ਹੁੰਦਾ ਹੈ। ਬੇਦ ਪੁਰਾਣ (ਆਦਿ ਧਰਮ ਗ੍ਰੰਥ) ਪੜ੍ਹਨ ਦਾ ਲਾਭ ਇਹ ਹੈ, (ਕਿ ਮਨੁੱਖ) ਹਰੀ ਦੇ ਨਾਮ ਦਾ ਸਿਮਰਨ ਕਰੇ।੧। ਰਹਾਉ।

ਲੋਭ ਮੋਹ ਮਾਇਆ ਮਮਤਾ ਫੁਨਿ, ਅਉ ਬਿਖਿਅਨ ਕੀ ਸੇਵਾ ॥ ਹਰਖ ਸੋਗ ਪਰਸੈ ਜਿਹ ਨਾਹਨਿ, ਸੋ ਮੂਰਤਿ ਹੈ ਦੇਵਾ ॥੧॥ ਲੋਭ (ਪਦਾਰਥਾਂ ਦਾ), ਮਾਇਆ ਦਾ ਮੋਹ ਤੇ ਫਿਰ ਅਪਣੱਤ ਅਤੇ ਵਿਸ਼ਿਆਂ ਦਾ ਸੇਵਨ। ਜਿਸ ਮਨੁੱਖ ਨੂੰ ਖੁਸ਼ੀ ਗਮੀ ਆਦਿ ਨਹੀਂ ਛੋਂਹਦੇ (ਜਿਸ ਮਨੁੱਖ ਉਤੇ ਲੋਭ ਮੋਹ ਖੁਸ਼ੀ ਗਮੀ ਦਾ ਅਸਰ ਨਹੀਂ), ਉਹ ਪ੍ਰਭੂ ਦੇਵ ਦਾ ਸਰੂਪ ਹੈ।੧।

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ, ਤਿਉ ਕੰਚਨ ਅਰੁ ਪੈਸਾ ॥ ਉਸਤਤਿ ਨਿੰਦਾ ਏ ਸਮ ਜਾ ਕੈ, ਲੋਭੁ ਮੋਹੁ ਫੁਨਿ ਤੈਸਾ ॥੨॥ ਸਵੱਰਗ, ਨਰਕ, ਅੰਮ੍ਰਿਤ ਤੇ ਜਹਿਰ ਆਦਿ ਏਹ ਸਭ (ਜਿਸ ਗੁਰਮੁਖ ਲਈ) ਇਕੋ ਜਿਹੇ ਹਨ, ਤਿਵੇਂ ਸੋਨੇ ਦੀ ਮੋਹਰ ਅਤੇ ਤਾਂਬੇ ਦਾ ਸਿੱਕਾ ਇਕ ਸਮਾਨ ਪ੍ਰਤੀਤ ਹੁੰਦੇ ਹਨ। ਜਿਸ (ਗੁਰਮੁਖ) ਦੇ ਵਾਸਤੇ ਉਸਤਤੀ ਤੇ ਨਿੰਦਿਆ (ਚਾਹੇ ਕੋਈ ਵਡਿਆਈ ਕਰੀ ਜਾਵੇ,

ਚਾਹੇ ਨਿੰਦਾ ਕਰੀ ਜਾਵੇ) ਇਹ ਇਕੋ ਜਿਹੇ ਹਨ, ਤਿਵੇਂ ਲੋਭ (ਤੇ ਸੰਤੋਖ), ਫਿਰ ਮੋਹ (ਤੇ ਵੈਰਾਗ ਵੀ) ਇਕ ਸਮਾਨ ਹਨ।੨।

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ, ਤਿਹ ਤੁਮ ਜਾਨਉ ਗਿਆਨੀ ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ,ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥ ਜਿਸ ਮਨੁੱਖ ਨੂੰ ਇਹ ਸੁਖ ਤੇ ਦੁਖ ਨਹੀਂ ਬੰਨ੍ਹ ਸਕਦੇ, ਉਸ ਨੂੰ ਤੁਸੀਂ ਗਿਆਨੀ ਸਮਝੋ।ਹੇ ਨਾਨਕ! ਇਸ ਪ੍ਰਕਾਰ ਦਾ (ਉਪਰ ਦੱਸੀ ਵਿਧੀ ਅਨੁਸਾਰ ਜੀਵਨ ਜਿਉਣ ਵਾਲਾ) ਜਿਹੜਾ ਪੁਰਖ ਹੈ, ਉਸ ਨੂੰ ਤੁਸੀਂ ਮੁਕਤ ਹੋਇਆ ਮੰਨੋ।੩।੭।

ਪਦਾਰਥ = ਬਿਸਰਾਮਾ–ਆਰਾਮ; ਸ਼ਾਂਤੀ; (ਮਨ ਦਾ) ਟਿਕਾਉ।ਪੜੇ ਕੋ–ਪੜ੍ਹਨ ਦਾ।ਗੁਨ–ਲਾਭ; ਫਲ।੧।ਰਹਾਉ।ਫੁਨਿ–ਫਿਰ; ਅਤੇ।ਅਉ–ਅਤੇ।ਬਿਖਿਅਨ ਕੀ ਸੇਵਾ–ਵਿਸ਼ਿਆਂ ਦਾ ਸੇਵਨ; ਵਿਸ਼ੇ ਭੋਗ।ਹਰਖ–ਖੁਸ਼ੀ।ਪਰਸੈ ਨਾਹਨਿ–ਛੋਂਹਦੇ ਨਹੀਂ; ਅਸਰ ਨਹੀਂ ਕਰਦੇ।ਜਿਹ–ਜਿਸ ਨੂੰ।ਸੋ–ਉਹ।ਮੂਰਤਿ–ਸਰੂਪ।ਦੇਵਾ–ਪ੍ਰਮਾਤਮਾ।੧।ਬਿਖੁ–ਜਹਿਰ।ਏ–ਇਹ।ਸਮ–ਇਕੋ ਜਿਹਾ।ਤਿਉ–ਤਿਵੇਂ।ਕੰਚਨ–ਸੋਨਾ।ਅਰੁ–ਅਤੇ।ਪੈਸਾ–ਤਾਂਬੇ ਦਾ ਸਿੱਕਾ।ਉਸਤਤਿ–ਖੁਸ਼ਾਮਦ; ਵਡਿਆਈ।ਜਾ ਕੈ–ਜਿਸ ਦੇ।ਤੈਸਾ–ਉਸੇ ਤਰ੍ਹਾਂ।੨।ਬਾਧੇ–(ਬੰਧਨ ਵਿਚ) ਬੰਨ੍ਹਦੇ।ਤਿਹ–ਉਸ ਨੂੰ।ਤਾਹਿ–ਉਸ ਨੂੰ।ਬਿਧਿ–ਪ੍ਰਕਾਰ ਦਾ; ਕਿਸਮ ਦਾ।ਜੋ–ਜਿਹੜਾ।੩।੭।

ਗਉੜੀ ਮਹਲਾ ੯ ॥ ਮਨ ਰੇ ਕਹਾ ਭਇਓ ਤੈ ਬਉਰਾ ॥ ਅਹਿਨਿਸਿ ਅਉਧ ਘਟੈ ਨਹੀ ਜਾਨੈ, ਭਇਓ ਲੋਭ ਸੰਗਿ ਹਉਰਾ ॥੧॥ ਰਹਾਉ॥ ਹੇ (ਮੇਰੇ) ਮਨ! ਤੂੰ ਕਿਸ ਵਾਸਤੇ ਪਾਗਲ ਹੋ ਗਿਆ ਹੈਂ? (ਤੂੰ) ਸਮਝਦਾ ਨਹੀਂ ਕਿ ਦਿਨ ਰਾਤ (ਤੇਰੀ) ਉਮਰ ਘਟਦੀ ਜਾ ਰਹੀ ਹੈ ਅਤੇ ਲੋਭ ਦੇ ਨਾਲ (ਲੱਗ ਕੇ) ਹੌਲਾ (ਆਤਮਕ ਤੌਰ ਤੇ ਕਮਜੋਰ) ਹੋ ਗਿਆ ਹੈਂ।੧।ਰਹਾਉ।

ਜੋ ਤਨੁ ਤੈ ਅਪਨੋ ਕਰਿ ਮਾਨਿਓ, ਅਰੁ ਸੁੰਦਰ ਗ੍ਰਿਹ ਨਾਰੀ ॥ ਇਨ ਮੈ ਕਛੁ ਤੇਰੋ ਰੇ ਨਾਹਨਿ, ਦੇਖੋ ਸੋਚ ਬਿਚਾਰੀ ॥੧॥ ਜਿਹੜਾ ਮਨੁੱਖਾ ਸਰੀਰ ਅਤੇ ਘਰ ਦੀ ਸੁੰਦਰ ਇਸਤ੍ਰੀ (ਜਾਂ ਸੁੰਦਰ ਘਰ ਤੇ ਇਸਤ੍ਰੀ) ਨੂੰ ਤੈਂ ਅਪਣਾ ਕਰਕੇ ਮੰਨ ਰਖਿਆ ਹੈ।ਹੇ (ਮੇਰੇ ਮਨ)! ਇਨ੍ਹਾਂ ਵਿਚੋਂ (ਤੇਰੇ ਨਾਲ ਨਿਭਣ ਵਾਲਾ) ਕੁਛ ਵੀ ਨਹੀਂ ਹੈ, (ਚਾਹੇ ਦਿਲ ਵਿਚ) ਸੋਚ ਬਿਚਾਰ ਕੇ ਦੇਖ ਲੈ।੧।

ਰਤਨ ਜਨਮੁ ਅਪਨੋ ਤੈ ਹਾਰਿਓ, ਗੋਬਿੰਦ ਗਤਿ ਨਹੀ ਜਾਨੀ ॥ ਨਿਮਖ ਨ ਲੀਨ ਭਇਓ ਚਰਨਨ ਸਿੰਉ ,ਬਿਰਥਾ ਅਉਧ ਸਿਰਾਨੀ ॥੨॥ ਰਤਨਾਂ ਵਰਗਾ ਅਪਣਾ ਅਮੋਲਕ ਜਨਮ ਤੈਂ ਹਾਰ ਦਿਤਾ ਹੈ, (ਕਿਉਂਕਿ ਤੈਂ) ਗੋਬਿੰਦ ਦੇ ਮਿਲਣ ਦਾ ਤਰੀਕਾ ਨਹੀਂ ਜਾਣਿਆ।ਇਕ ਖਿਨ ਭਰ ਲਈ ਵੀ ਤੂੰ ਗੋਬਿੰਦ ਦੇ ਚਰਨਾਂ ਨਾਲ ਲੀਨ ਨਹੀਂ ਹੋਇਆ, (ਇਸੇ ਤਰ੍ਹਾਂ) ਉਮਰ ਬਿਅਰਥ ਲੰਘਾ ਦਿਤੀ ਹੈ।੨।

ਕਹੁ ਨਾਨਕ ਸੋਈ ਨਰੁ ਸੁਖੀਆ, ਰਾਮ ਨਾਮ ਗੁਨ ਗਾਵੈ ॥ ਅਉਰ ਸਗਲ ਜਗੁ ਮਾਇਆ ਮੋਹਿਆ, ਨਿਰਭੈ ਪਦੁ ਨਹੀ ਪਾਵੈ ॥੩॥੮॥ ਨਾਨਕ (ਗੁਰੂ ਜੀ) ਆਖਦੇ ਹਨ ਕਿ ਉਹ ਮਨੁੱਖ ਹੀ ਸੁਖੀ ਹੈ, ਜਿਹੜਾ ਵਾਹਿਗੁਰੂ ਦਾ ਨਾਮ ਜਪਦਾ ਹੈ ਤੇ (ਵਾਹਿਗੁਰੂ ਦੇ) ਗੁਣ ਗਾਉਂਦਾ ਹੈ।ਹੋਰ ਸਾਰਾ ਜਗਤ ਮਾਇਆ ਦਾ ਮੋਹਿਆ ਹੋਇਆ ਹੈ, (ਉਹ) ਨਿਰਭੈ ਪਦਵੀ ਨਹੀਂ ਪਾ ਸਕਦਾ।੩।੮।

ਪਦਾਰਥ = ਮਨ ਰੇ–ਹੇ ਮਨ!।ਕਹਾ–ਕਿਸ ਵਾਸਤੇ।ਭਇਓ–ਹੋ ਗਿਆ।ਤੈ–ਤੂੰ।ਬਉਰਾ–ਪਾਗਲ; ਬੇ ਪ੍ਰਵਾਹ।ਅਹਿ–ਦਿਨ।ਨਿਸਿ–ਰਾਤ।ਅਉਧ–ਉਮਰ।ਹਉਰਾ–ਹਲਕਾ; ਕਮਜੋਰ ਆਤਮਕ ਜੀਵਨ ਵਾਲਾ।੧।ਰਹਾਉ।ਅਪਨੋ ਕਰਿ–ਅਪਣਾ ਕਰਕੇ।ਅਰੁ–ਅਤੇ।ਗ੍ਰਿਹ ਨਾਰੀ–ਘਰ ਦੀ ਇਸਤ੍ਰੀ।ਇਨ ਮੈ–ਇਨ੍ਹਾਂ ਵਿਚੋਂ।ਬਿਚਾਰੀ–(ਬਿਚਾਰਿ) ਬਿਚਾਰ ਕੇ।੧।ਹਾਰਿਓ–(ਵਿਸ਼ਿਆਂ ਵਿਚ ਲਗ ਕੇ ਜੂਏ ਵਿਚ) ਹਾਰ ਦਿਤਾ ਹੈ।ਗਤਿ–ਵਿਧੀ; (ਮਿਲਣ ਦਾ) ਤਰੀਕਾ (ਮ.ਕੋ.)।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਲੀਨ ਨ ਭਇਓ–ਮਗਨ ਨਹੀਂ ਹੋਇਆ।ਸਿਉ–ਨਾਲ।ਬਿਰਥਾ–ਬਿਅਰਥ।ਸਿਰਾਨੀ–ਲੰਘਾ ਦਿਤੀ।੨।ਸੋਈ–ਉਹ ਹੀ।ਨਰੁ–ਮਨੁੱਖ।ਸਗਲ–ਸਾਰਾ।ਨਿਰਭੈ ਪਦੁ–ਮੌਤ ਦੇ ਭੈ ਤੋਂ ਰਹਿਤ ਪਦਵੀ; ਅਬਨਾਸੀ ਪਦ।੩।੮।

ਗਉੜੀ ਮਹਲਾ ੯ ॥ ਨਰ ਅਚੇਤ, ਪਾਪ ਤੇ ਡਰੁ ਰੇ ॥ ਦੀਨ ਦਇਆਲ ਸਗਲ ਭੈ ਭੰਜਨ, ਸਰਨਿ ਤਾਹਿ ਤੁਮ ਪਰੁ ਰੇ ॥੧॥ਰਹਾਉ॥ ਹੇ ਮੂਰਖ ਮਨੁੱਖ! ਪਾਪ ਕਰਮਾਂ ਤੋਂ ਡਰ; ਹੇ ਮਨੁੱਖ! ਅਚਨਚੇਤ ਹੋਣ ਵਾਲੇ ਪਾਪਾਂ ਤੋਂ ਡਰ।ਗਰੀਬਾਂ ਉਤੇ ਦਇਆ ਕਰਨ ਵਾਲਾ ਤੇ ਸਾਰੇ ਡਰ ਨਾਸ਼ ਕਰਨ ਵਾਲਾ ਜੋ ਵਾਹਿਗੁਰੂ ਹੈ, (ਪਾਪਾਂ ਤੋਂ ਬਚਣ ਲਈ) ਤੂੰ ਉਸ ਦੀ ਸ਼ਰਨ ਵਿਚ ਪੈ ਜਾ।੧।ਰਹਾਉ।

ਬੇਦ ਪੁਰਾਨ ਜਾਸ ਗੁਨ ਗਾਵਤ, ਤਾ ਕੋ ਨਾਮੁ ਹੀਐ ਮੋ ਧਰੁ ਰੇ ॥ ਪਾਵਨ ਨਾਮੁ ਜਗਤਿ ਮੈ ਹਰਿ ਕੋ, ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥ ਚਾਰੇ ਬੇਦ ਤੇ ਅਠਾਰਾਂ ਪੁਰਾਣ ਜਿਸ ਪ੍ਰਭੂ ਦੇ ਗੁਣ ਗਾਉਂਦੇ ਹਨ, ਉਸ ਪ੍ਰਭੂ ਦਾ ਨਾਮ ਹਿਰਦੇ ਵਿਚ ਟਿਕਾ ਲੈ।ਹਰੀ ਦਾ ਨਾਮ ਜਗਤ ਵਿਚ (ਪਾਪਾਂ ਤੋਂ) ਪਵਿਤ੍ਰ ਕਰਨ ਵਾਲਾ ਹੈ, (ਉਸਦਾ ਨਾਮ) ਸਿਮਰ ਸਿਮਰ ਕੇ ਸਾਰੇ ਪਾਪ ਨਾਸ਼ ਕਰ ਲੈ।੧।

ਮਾਨਸ ਦੇਹ ਬਹੁਰਿ ਨਹ ਪਾਵੈ, ਕਛੂ ਉਪਾਉ ਮੁਕਤਿ ਕਾ ਕਰੁ ਰੇ ॥ ਨਾਨਕ ਕਹਤ ਗਾਇ ਕਰੁਨਾ ਮੈ, ਭਵ ਸਾਗਰ ਕੈ ਪਾਰਿ ਉਤਰੁ

All Rights Reserved by Harjinder Singh Gyani | www.GuruGranthVakhyaan.org

ਰੇ ॥੨॥੯॥੧੫੧॥ ਮਨੁੱਖਾ ਦੇਹ ਮੁੜ ਨਹੀਂ ਪਾ ਸਕੇਂਗਾ, (ਇਸ ਕਰਕੇ ਹੁਣੇ ਹੀ) ਕੁਛ ਮੁਕਤ ਹੋਣ ਦਾ ਜਤਨ ਕਰ ਲੈ। ਨਾਨਕ (ਗੁਰੂ ਜੀ) ਆਖਦੇ ਹਨ ਕਿ ਦਇਆ ਸਰੂਪ ਪ੍ਰਭੂ ਨੂੰ ਗਾ ਕੇ (ਤੂੰ) ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾ।੨।੯।੧੫੧।

ਪਦਾਰਥ = ਨਰ ਰੇ–ਹੇ ਮਨੁੱਖ!।ਤੇ–ਤੋਂ।ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ ਪ੍ਰਭੂ।ਸਗਲ–ਸਾਰੇ।ਭੈ ਭੰਜਨ–ਡਰ ਭੰਨਣ (ਨਾਸ਼ ਕਰਨ) ਵਾਲਾ।ਤਾਹਿ–ਉਸ ਦੀ।ਪਰੁ ਰੇ–ਪੈ ਜਾ।ਜਾਸ–ਜਿਸ ਪ੍ਰਭੂ ਦੇ।ਤਾ ਕੋ–ਉਸ ਦੇ।ਹੀਐ ਮੋ–ਹਿਰਦੇ ਵਿਚ।ਧਰੁ–ਟਿਕਾ ਲੈ।ਪਾਵਨ–ਪਵਿਤ੍ਰ।ਕਸਮਲ–ਪਾਪ।ਹਰੁ–ਨਾਸ਼ ਕਰ ਲੈ।੧।ਮਾਨਸ ਦੇਹ–ਮਨੁੱਖਾ ਦੇਹ।ਬਹੁਰਿ–ਮੁੜ; ਫਿਰ ਕਦੇ। ਉਪਾਉ–ਜਤਨ।ਕਰੁਨਾਮੈ–ਦਇਆ ਸਰੂਪ।ਭਵ ਸਾਗਰ–ਸੰਸਾਰ ਸਮੁੰਦਰ।ਕੈ–ਤੋਂ।ਪਾਰਿ ਉਤਰੁ–ਪਾਰ ਲੰਘ ਜਾ।੨।੯।੧੫੧।

ਅਚੇਤ = ਚੇਤਨਤਾ ਤੋਂ ਬਿਨਾ; ਮੂਰਖ; ਬੇਪ੍ਰਵਾਹ; ਅਜੇਹੇ ਪਾਪ ਜੋ ਅਚਨਚੇਤ ਹੋ ਜਾਣ; ਬਿਨਾ ਖਿਆਲ ਕੀਤੇ ਜਾਂ ਬਿਨਾ ਇਛਾ ਕੀਤੇ ਪਾਪ; ਭੋਲੇਪਣ ਵਿਚ ਕੀਤੇ ਪਾਪ (ਸੰ.ਪੋ.)।

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥ (ਹੇ ਭਾਈ!) ਪਵਿਤ੍ਰ ਨਾਮ ਰੂਪ ਵਿਚਾਰ (ਮੇਰੇ ਲਈ) ਰਿਧੀਆਂ ਸਿਧੀਆਂ ਹਨ।(ਨਾਮ ਸਿਮਰਨ ਦੀ ਬਰਕਤ ਨਾਲ) ਵਿਸ਼ਿਆਂ ਦੀ ਜਹਿਰ ਨੂੰ ਮਾਰ ਦਿਤਾ, ਤਾਂ ਪੂਰਨ ਹਰੀ ਸਭ ਜਗ੍ਹਾ ਸਮਾ ਰਿਹਾ ਦਿਸ ਪਿਆ ਹੈ।ਪਵਿਤ੍ਰ ਹਰੀ ਵਿਚ (ਮਨ ਦੇ) ਜੁੜਨ ਨਾਲ ਤ੍ਰੈ ਗੁਣੀ ਮਾਇਆ ਦੀ ਗੁੰਝਲ ਛੁਟ ਗਈ; (ਵਿਸ਼ਿਆਂ ਦੀ ਜਹਿਰ ਨੂੰ ਮਾਰਨ ਨਾਲ) ਹਿਰਦਾ ਪਵਿਤ੍ਰ ਹੋ ਗਿਆ ਤਾਂ ਤ੍ਰਿਕੁਟੀ ਆਪੇ ਸੁਲਝ ਗਈ।ਗੁਰੂ ਦੀ ਸਿੱਖਿਆ ਆਤਮਾ ਵਿਚ ਕੰਮ ਆ ਗਈ (ਲਾਹੇਵੰਦ ਰਹੀ) ਹੈ।੧।

ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਇਸ ਵਿਧੀ ਨਾਲ ਰਾਮ ਦਾ ਨਾਮ ਜਪਦਿਆਂ ਮੇਰਾ ਮਨ ਮੰਨ (ਪਤੀਜ) ਗਿਆ ਹੈ।

ਅੰਗ ੨੨੧ = ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ਰਹਾਉ॥ ਗੁਰੂ ਦੇ ਸ਼ਬਦ ਦੁਆਰਾ ਗਿਆਨ ਦਾ ਸੁਰਮਾ (ਬੁੱਧੀ ਰੂਪ ਅੱਖਾਂ ਵਿਚ) ਪਾਇਆ (ਤਾਂ ਸਰਬ ਵਿਆਪਕ ਪ੍ਰਭੂ ਨੂੰ) ਪਛਾਣ ਲਿਆ।੧।ਰਹਾਉ।

ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥ ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥ (ਗੁਰੂ ਦੇ) ਸਹਿਜ ਗਿਆਨ ਦੁਆਰਾ (ਹਰੀ ਨਾਲ) ਮਿਲਾਏ ਗਏ ਹਾਂ, (ਜਿਸ ਕਰਕੇ ਅਸੀਂ) ਇਕ ਅਸਲੀ ਸੁਖ ਮਾਣਿਆ ਹੈ (ਜਿਸ ਸੁਖ ਵਰਗਾ ਹੋਰ ਕੋਈ ਸੁਖ ਨਹੀਂ।ਕਿਉਂਕਿ ਗੁਰੂ ਦੀ) ਪਵਿਤ੍ਰ ਬਾਣੀ ਨੇ ਸਾਡਾ ਭਰਮ ਦੂਰ ਕਰ ਦਿਤਾ ਹੈ।(ਮਜੀਠ ਦੇ ਪੱਕੇ ਰੰਗ ਵਾਂਗ ਨਾਮ ਦੇ ਪੱਕੇ ਰੰਗ ਵਿਚ) ਲਾਲ ਹੋ ਗਏ ਹਾਂ ਅਤੇ ਮਾਇਆ ਦਾ ਰੰਗ ਕਸੁੰਭੇ ਵਾਂਗ ਸੂਹਾ ਜਾਣਿਆ ਹੈ (ਜੋ ਛੇਤੀ ਲਹਿ ਜਾਂਦਾ ਹੈ।ਸਾਡੇ ਤੇ ਪ੍ਰਭੂ ਦੀ) ਮੇਹਰ ਦੀ ਨਜਰ ਹੋਈ, ਤਾਂ ਮਾਇਆ ਨੂੰ (ਮਨ ਉਪਰ ਹਾਵੀ ਹੋਣ ਤੋਂ) ਰੋਕ ਰਖਿਆ ਹੈ।੨।

ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥ (ਮੇਰੀ ਬ੍ਰਿਤੀ ਸੰਸਾਰ ਵਲੋਂ) ਉਲਟ ਹੋ ਗਈ, ਜੀਵਤ ਭਾਵ ਤੋਂ ਮਰ ਕੇ (ਆਤਮਕ ਤੌਰ ਤੇ) ਜਾਗ ਪਿਆ ਹਾਂ।(ਮੇਰਾ ਮਨ ਗੁਰੂ ਦੇ) ਸ਼ਬਦ ਦੁਆਰਾ ਸਿਮਰਨ ਕਰਦਾ ਹੋਇਆ ਵਾਹਿਗੁਰੂ ਨਾਲ ਜੁੜ ਗਿਆ ਹੈ।(ਨਾਮ) ਰਸ ਇਕੱਠਾ ਕਰਕੇ ਵਿਸ਼ਿਆਂ ਦੀ ਜਹਿਰ ਨੂੰ ਤਿਆਗ ਛਡਿਆ ਹੈ।(ਹੁਣ ਵਾਹਿਗੁਰੂ ਦੇ) ਪ੍ਰੇਮ ਵਿਚ ਵਸਦੇ ਹਾਂ, (ਇਸ ਕਰਕੇ) ਜਮ ਦਾ ਡਰ ਨੱਸ ਗਿਆ ਹੈ।੩।

ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥ ਵਿਸ਼ਿਆਂ ਦੇ ਸੁਆਦ, ਝਗੜੇ ਤੇ ਹੰਕਾਰ ਮੁੱਕ ਗਏ ਹਨ।(ਮੇਰਾ) ਚਿਤ ਹਰੀ ਨਾਲ ਜੁੜ ਗਿਆ ਹੈ ਅਤੇ ਬਿਅੰਤ ਪ੍ਰਭੂ ਦੇ ਹੁਕਮ ਵਿਚ ਟਿਕ ਗਿਆ ਹਾਂ।ਲੋਕ ਲਾਜ ਬਨਾਉਣ ਕੀਤੇ ਕਰਮ ਜਾਂਦੇ ਰਹੇ; ਜਾਤੀ ਹੰਕਾਰ ਅਤੇ ਇੱਜਤ ਵਧਾਉਣ ਵਾਲੇ ਕਰਮ ਮੁੱਕ ਗਏ ਹਨ।(ਹੁਣ ਪ੍ਰਭੂ ਦੀ) ਕ੍ਰਿਪਾ ਦ੍ਰਿਸ਼ਟੀ ਹੋਈ ਤਾਂ ਆਤਮ ਵਿਚ ਸੁਖ ਤੇਲ ਦੀ ਧਾਰ ਵਾਂਗ ਲਗਾਤਾਰ ਜਾਰੀ ਰਹਿੰਦਾ ਹੈ ਭਾਵ ਆਤਮ ਸੁਖ ਸੁਤੇ ਸਿੱਧ ਧਾਰਣ ਹੋ ਗਿਆ।੪।

www.gurugranthvakhyaan.org

ਪਦਾਰਥ = ਨਿਧਿ–ਖਜਾਨਾ। ਸਿਧਿ–ਕਰਾਮਾਤੀ ਸ਼ਕਤੀਆਂ। ਪੂਰਨ–ਪੂਰਨ ਪ੍ਰਭੂ। ਪੂਰਿ–ਸਮਾਇਆ ਹੋਇਆ। ਬਿਖੁ–ਵਿਸ਼ਿਆਂ ਦੀ ਜਹਿਰ। ਮਾਰਿ–ਮਾਰ ਕੇ। ਤ੍ਰਿਕੁਟੀ–ਤਿੰਨਾਂ ਗੁਣਾਂ ਵਾਲੀ ਮਾਇਆ ਦੀ ਗੁੰਝਲ। ਛੂਟੀ–ਛੁਟ (ਖੁਲ੍ਹ) ਗਈ। ਬਿਮਲ–ਮੈਲ ਰਹਿਤ ਪ੍ਰਭੂ। ਮਝਾਰਿ–ਵਿਚ; ਹਿਰਦਾ। ਮਤਿ–ਸਿੱਖਿਆ। ਜੀਇ–ਆਤਮਾ ਵਿਚ। ਕਾਰਿ–ਕੰਮ; ਲਾਭਦਾਇਕ।੧। ਇਨ ਬਿਧਿ–ਇਸ ਤਰੀਕੇ ਨਾਲ। ਰਮਤ–ਜਪਣ ਨਾਲ। ਮਨੁ ਮਾਨਿਆ–ਮਨ ਸ਼ਰਧਾਵਾਨ ਹੋ ਗਿਆ; ਮਨ ਵਿਸ਼ਵਾਸ ਵਾਲਾ ਬਣ ਗਿਆ। ਅੰਜਨੁ–ਸੁਰਮਾ (ਗਿਆਨ ਦਾ ਸੁਰਮਾਂ ਦਿਬ ਦ੍ਰਿਸਟੀ ਖੋਲ੍ਹ ਦਿੰਦਾ ਹੈ)।੧। ਰਹਾਉ। ਸਹਜਿ–ਗਿਆਨ ਦੁਆਰਾ। ਲਾਲ–ਨਾਮ ਜਾਂ ਪ੍ਰੇਮ ਦਾ ਪੱਕਾ ਰੰਗ। ਸੂਹਾ–ਕਸੁੰਭੇ ਦਾ ਕੱਚਾ ਲਾਲ ਰੰਗ ਜੋ ਮਾਇਆ ਲਈ ਵਰਤਿਆ ਹੈ। ਨਦਰਿ–ਮੇਹਰ ਦੀ ਨਜਰ। ਬਿਖੁ–ਮਾਇਆ। ਠਾਕਿ ਰਹਾਇਆ–ਰੋਕ ਕੇ ਰੱਖਿਆ ਹੈ।੨। ਰਵੇ–ਜਪਦਾ ਹੈ। ਸਿਉ–ਨਾਲ। ਸੰਗ੍ਰਹਿ–ਇਕੱਠਾ ਕਰਕੇ। ਪਰਹਰਿ–ਦੂਰ ਕਰਕੇ। ਭਾਇ–ਪ੍ਰੇਮ ਵਿਚ। ਭਾਗਿਆ–ਨੱਸ ਗਿਆ।੩। ਸਾਦ–(ਵਿਸ਼ਿਆਂ ਦੇ) ਸੁਆਦ। ਬਾਦੰ–ਵਾਦ ਵਿਵਾਦ; ਝਗੜੇ। ਰਾਤਾ–ਰੰਗਿਆ ਗਿਆ; ਜੁੜ ਗਿਆ। ਅਪਾਰਾ–ਬੇਅੰਤ ਪ੍ਰਭੂ। ਜਾਤਿ ਰਹੇ–ਜਾਂਦੇ ਰਹੇ; ਜਾਤ ਦਾ ਹੰਕਾਰ ਮੁੱਕ ਗਿਆ। ਪਤਿ–ਇੱਜਤ; ਲੋਕ ਲਾਜ। ਆਚਾਰਾ–ਕਰਮ। ਦ੍ਰਿਸਟਿ–ਕ੍ਰਿਪਾ ਦ੍ਰਿਸਟੀ। ਭਈ–ਹੋਈ। ਧਾਰਾ–ਧਾਰਨ ਹੋ ਗਿਆ; ਤੇਲ ਦੀ ਧਾਰ ਵਾਂਗ ਪ੍ਰਵਾਹ ਚਲ ਪਿਆ।੪।

ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥ ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥ (ਹੇ ਪ੍ਰਭੂ ! ਮੈਂ) ਦੇਖ ਰਿਹਾ ਹਾਂ ਕਿ ਤੇਰੇ ਬਿਨਾ ਕੋਈ (ਸੱਚਾ) ਮਿਤ੍ਰ ਨਹੀਂ ਹੈ। (ਇਸ ਲਈ ਮੈਂ) ਕਿਸ ਦੀ ਸੇਵਾ ਕਰਾਂ ਤੇ ਕਿਸ ਨੂੰ (ਭੇਟਾ ਵੱਜੋਂ ਅਪਣਾ) ਚਿਤ ਦੇਵਾਂ। (ਰੱਬ ਨੂੰ ਮਿਲਣ ਦਾ ਰਸਤਾ) ਕਿਸ ਨੂੰ ਪੁੱਛਾਂ ਤੇ ਕਿਸ ਦੇ ਚਰਨੀਂ ਲੱਗਾਂ? ਕਿਸ ਦੇ ਉਪਦੇਸ਼ ਨਾਲ (ਮੈਂ ਅਪਣੀ) ਲਿਵ ਲਾ ਕੇ ਰਹਾਂ; ਕਿਸ ਦੇ ਉਪਦੇਸ਼ ਵਿਚ ਸੁਰਤ ਜੋੜ ਕੇ ਰਹਾਂ?।੫।

ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥ ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥ (ਉੱਤਰ, ਮੈਂ) ਗੁਰੂ ਦੀ ਸੇਵਾ ਕਰਦਾ ਹਾਂ ਤੇ ਗੁਰੂ ਦੇ ਚਰਨੀਂ ਲਗਦਾ ਹਾਂ। (ਗੁਰੂ ਦੀ ਸਿਖਿਆ ਅਨੁਸਾਰ) ਭਗਤੀ ਕਰਦਾ ਹਾਂ ਤੇ ਹਰੀ ਦੇ ਨਾਮ ਵਿਚ ਲੀਨ ਰਹਿੰਦਾ ਹਾਂ। (ਮੇਰੇ ਲਈ ਹੁਣ ਗੁਰੂ ਦਾ) ਪਿਆਰ ਹੀ ਸਿਖਿਆ, ਦੀਖਿਆ ਤੇ ਭੋਜਨ ਹੈ। (ਵਾਹਿਗੁਰੂ ਦੇ) ਹੁਕਮ ਵਿਚ ਜੁੜ ਕੇ ਅਪਣੇ ਸਰੂਪ ਵਿਚ ਟਿਕ ਜਾਂਦਾ ਹਾਂ।੬।

ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥ਲਿਖਤੁ ਮਿਟੈ ਨਹੀ, ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥ (ਹੁਣ ਮੇਰਾ) ਹੰਕਾਰ ਨਾਸ਼ ਹੋ ਗਿਆ ਅਤੇ ਆਤਮਕ ਧਿਆਨ ਦਾ ਅਨੰਦ ਪ੍ਰਾਪਤ ਹੋਇਆ ਹੈ; (ਪ੍ਰਭੂ ਵਿਚ) ਧਿਆਨ ਜੋੜਨ ਨਾਲ ਆਤਮਕ ਸੁਖ ਮਿਲਿਆ ਹੈ। (ਮੇਰੇ ਅੰਦਰ ਪ੍ਰਭੂ ਦੀ) ਜੋਤ ਦਾ ਪ੍ਰਕਾਸ਼ ਹੋ ਗਿਆ ਹਾਂ ਅਤੇ ਜੋਤੀ ਸਰੂਪ ਵਿਚ ਲੀਨ ਹੋ ਗਿਆ ਹਾਂ। (ਮੇਰੇ ਮੱਥੇ ਤੇ) ਸ਼ਬਦ ਰੂਪ ਨਿਸ਼ਾਨ ਪਿਆ ਹੈ, (ਪ੍ਰਾਪਤੀ ਦੀ ਇਹ) ਲਿਖਤ ਮਿਟ ਨਹੀ ਸਕਦੀ (ਇਸ ਕਰਕੇ ਮੈਂ ਹੁਣ ਸਾਰੇ) ਕਾਰਣਾਂ ਦੇ ਕਰਨ ਵਾਲਾ ਕਰਤਾ ਪੁਰਖ ਨੂੰ ਹੀ ਜਾਣਿਆ ਹੈ (ਹੁਣ ਜੋ ਕੁਛ ਵਾਪਰਦਾ ਹੈ, ਉਹ ਕਰਮ ਫਲ ਨਹੀਂ, ਉਹ ਕਰਤੇ ਦਾ ਕਾਰਣ ਹੈ)।੭।

ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥ ਨਾ (ਮੈਂ ਹੁਣ ਅਪਣੇ ਆਪ ਨੂੰ) ਵਿਦਵਾਨ ਜਾਣਦਾ ਹਾਂ, ਨਾ ਚਤੁਰ ਤੇ ਨਾ ਸਿਆਣਾ ਸਮਝਦਾ ਹਾਂ। ਨਾ (ਮੈਂ) ਭੁਲਾ ਹੋਇਆ ਹਾਂ ਤੇ ਨਾ ਭਰਮ ਵਿਚ ਭਟਕਦਾ ਹਾਂ; (ਪ੍ਰਭੂ ਦੀ ਜੋਤ ਵਿਚ ਸਮਾਏ ਹੋਏ ਦੀ ਨਜਰ ਵਿਚ) ਨਾ ਕੋਈ ਪੰਡਤ ਹੈ ,ਨਾ ਚਤਰ ਤੇ ਨਾ ਕੋਈ ਸਿਆਣਾ ਦਿਸਦਾ ਹੈ। ਨਾ ਕੋਈ ਭੁੱਲਾ ਹੈ, ਨਾ ਭਰਮ ਵਿਚ ਭਟਕਦਾ ਹੈ। (ਮੈਂ) ਹੁਕਮ ਨੂੰ ਪਛਾਣ ਲਿਆ ਹੈ, (ਇਸ ਲਈ) ਕਥਨੀਆਂ ਨਹੀਂ ਕਥਦਾ ਭਾਵ ਬਿਅਰਥ ਗੱਲਾਂ ਨਹੀਂ ਕਰਦਾ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਮੈਂ) ਗੁਰੂ ਦੀ ਮੱਤ ਦੁਆਰਾ ਸਹਿਜ ਅਵਸਥਾ ਵਿਚ ਸਮਾ ਗਿਆ ਹਾਂ।੮।੧।

ਪਦਾਰਥ = ਮੀਤੁ–ਮਿਤ੍ਰ। ਸੇਵਉ–ਮੈਂ ਸੇਵਾ ਕਰਾਂ। ਚੀਤੁ–ਚਿੱਤ; ਮਨ। ਪਾਇ–ਪੈਰ (ਚਰਨ)।੫। ਸੇਵੀ–ਸੇਵਾ ਕਰਦਾ ਹਾਂ। ਕਰੀ–ਕਰਦਾ ਹਾਂ। ਰਾਚਉ–ਲੀਨ ਰਹਿੰਦਾ ਹਾਂ। ਨਾਇ–ਨਾਮ ਵਿਚ। ਦੀਖਿਆ–ਗੁਰ ਮੰਤ੍ਰ। ਭਾਉ–ਪ੍ਰੇਮ। ਸੰਜੋਗੀ–ਜੁੜ ਕੇ। ਨਿਜ ਘਰਿ–ਅਪਣੇ ਸਰੂਪ ਵਿਚ। ਜਾਉ–(ਟਿਕ) ਜਾਂਦਾ ਹਾਂ।੬। ਗਰਬ–ਹੰਕਾਰ । ਗਤੰ–ਨਾਸ਼ ਹੋ ਗਿਆ। ਜੋਤਿ ਭਈ–ਪ੍ਰਕਾਸ਼ ਹੋ ਗਿਆ। ਜੋਤੀ ਮਾਹਿ–ਜੋਤ ਸਰੂਪ ਪ੍ਰਭੂ ਵਿਚ। ਸਮਾਨਾ–ਲੀਨ ਹੋ ਗਿਆ ਹਾਂ। ਲਿਖਤੁ–ਮੱਥੇ ਤੇ ਉਕਰਿਆ ਲੇਖ। ਨੀਸਾਨਾ–ਚਿੰਨ੍ਹ। ਕਰਤਾ–ਕਰਨ ਵਾਲਾ

All Rights Reserved by Harjinder Singh Gyani | www.GuruGranthVakhyaan.org

ਕਰਤਾਰ। ਕਰਣਾ-ਕਾਰਣਾਂ ਦਾ। ਜਾਨਾ-ਜਾਣਿਆ ਹੈ।੭। ਕਥਉ ਨ-(ਨਾਮ ਵਿਹੂਣਿਆਂ ਵਾਂਗ ਬਿਅਰਥ) ਨਹੀਂ ਬੋਲਦਾ। ਸਹਜਿ-ਸਹਿਜ ਅਵਸਥਾ ਵਿਚ। ਸਮਾਨਾ-ਲੀਨ ਹੋਇਆ ਹਾਂ।੮।੧।

ਸਬਦੁ ਨੀਸਾਨਾ = ੧. ਕੀਤੇ ਕਰਮਾਂ ਦੀ ਲਿਖਤ ਮਿਟਦੀ ਨਹੀਂ, ਇਹ ਸਬਦ (ਵਾਕ ਦੁਨੀਆਂ ਵਿਚ) ਪ੍ਰਗਟ ਹੈ।੨. ਕੀਤੇ ਕਰਮਾਂ ਦੀ ਲਿਖਤ ਮਿਟ ਨਹੀਂ ਸਕਦੀ, (ਇਹ ਤਾਂ ਮਿਟਦੀ ਹੈ ਜੇ ਇਸ ਉਪਰ) ਸ਼ਬਦ ਨਿਸ਼ਾਨ ਰੂਪ ਹੋ ਕੇ ਪੈ ਜਾਵੇ ਭਾਵ ਕਰਮਾਂ ਦੇ ਲੇਖ ਨੂੰ ਨਾਮ ਦੇ ਚਿੰਨ੍ਹ ਮਿਟਾ ਦੇਂਦੇ ਹਨ (ਸੰ.ਪੋ.)।

ਗਉੜੀ ਗੁਆਰੇਰੀ ਮਹਲਾ ੧ ॥ ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਸਰੀਰ ਰੂਪ ਜੰਗਲ ਵਿਚ ਮਨ ਰੂਪ ਹਾਥੀ (ਅਵਾਰਾ ਫਿਰਦਾ) ਹੈ। (ਜੇ ਮਨ ਰੂਪ ਹਾਥੀ ਦੇ ਸਿਰ ਤੇ) ਗੁਰੂ ਰੂਪ ਕੁੰਡਾ ਹੋਵੇ ਤੇ (ਮਨ ਰੂਪ ਹਾਥੀ ਤੇ) ਸੱਚਾ ਸ਼ਬਦ ਰੂਪ ਨਿਸ਼ਾਨ ਪੈ ਜਾਵੇ (ਰਾਜੇ ਦੇ ਹਾਥੀ ਨੂੰ ਖਾਸ ਕਿਸਮ ਦਾ ਨਿਸ਼ਾਨ ਲੱਗਾ ਹੁੰਦਾ ਹੈ। ਫਿਰ) ਉਹ ਮਨ ਰੂਪ ਹਾਥੀ ਵਾਹਿਗੁਰੂ ਰਾਜੇ ਦੇ ਦਰ ਉਤੇ ਸੋਭਾ ਤੇ ਮਾਣ ਪ੍ਰਾਪਤ ਕਰਦਾ ਹੈ; ਸੋਭਾ ਮਾਣਦਾ ਹੈ।੧।

ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ਰਹਾਉ॥ (ਪ੍ਰਭੂ ਨੂੰ ਮਨ ਦੀਆਂ) ਚਤਰਾਈਆਂ ਨਾਲ ਨਹੀਂ ਜਾਣਿਆ ਜਾ ਸਕਦਾ। (ਮਨ ਨੂੰ) ਮਾਰੇ ਬਿਨਾ (ਪ੍ਰਭੂ ਦੀ ਪ੍ਰਾਪਤੀ ਰੂਪ) ਕੀਮਤ ਕਿਵੇਂ ਪਾਈ ਜਾ ਸਕਦੀ ਹੈ?।੧। ਰਹਾਉ।

ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥ (ਮਨੁੱਖ ਦੇ) ਹਿਰਦੇ ਘਰ ਵਿਚ ਆਤਮ ਰਸ ਰੂਪ ਅੰਮ੍ਰਿਤ ਹੈ, (ਉਸ ਅੰਮ੍ਰਿਤ ਨੂੰ) ਚੋਰ (ਲੁੱਟੀ) ਲਈ ਜਾ ਰਿਹਾ ਹੈ। (ਇਸ ਚੋਰ ਨੂੰ) ਨਾਂਹ ਕੋਈ ਨਹੀਂ ਕਰਦਾ (ਰੋਕਣ ਵਾਲਾ ਕੋਈ ਨਹੀਂ। ਜਿਸ ਮਨੁੱਖ ਨੂੰ ਪ੍ਰਭੂ) ਵਡਿਆਈ ਦੇਂਦਾ ਹੈ, (ਉਸ ਨੂੰ ਇਸ ਚੋਰ ਤੋਂ) ਆਪ ਬਚਾ ਕੇ ਰੱਖਦਾ ਹੈ।੨।

ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਗਿਣਤੀ ਤੋਂ ਅਣਗਿਣਤ ਤ੍ਰਿਸ਼ਨਾ ਦੀ ਅੱਗ ਹੈ ਜੋ ਇਕ ਹਿਰਦੇ ਥਾਂ ਵਿਚ ਟਿਕੀ ਹੋਈ ਹੈ। (ਜਿਸ ਮਨੁੱਖ ਨੂੰ) ਗੁਰੂ ਨੇ ਸਿਖਿਆ ਸਮਝਾਈ ਹੈ, (ਉਸ ਦੀ ਇਹ) ਜਲਨ ਦੂਰ ਹੋ ਗਈ; (ਉਸ ਦੀ ਅੱਗ ਉਪਦੇਸ਼ ਰੂਪ) ਜਲ ਨਾਲ ਦੂਰ ਹੋ ਗਈ। (ਅਜੇਹੇ ਮਨੁੱਖ ਨੇ) ਮਨ ਗੁਰੂ ਨੂੰ ਦੇ ਕੇ (ਸਮਝ ਰੂਪ ਜਲ; ਉਪਦੇਸ਼) ਲਿਆ ਹੈ (ਤੇ ਫਿਰ ਉਹ) ਖੁਸ਼ੀ ਨਾਲ (ਪ੍ਰਭੂ ਦੇ) ਗੁਣ ਗਾਉਂਦਾ ਹੈ।੩।

ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥੪॥ (ਪ੍ਰਭੂ) ਜਿਹੋ ਜਿਹਾ ਘਰ ਵਿਚ ਹੈ, ਉਹੋ ਜਿਹਾ ਹੀ ਉਹ ਬਾਹਰ (ਜੰਗਲਾਂ ਵਿਚ) ਹੈ। ਗੁਫਾ ਵਿਚ ਵਖਰੇ ਬੈਠ ਕੇ (ਮੈਂ) ਕੀ ਆਖਾਂ ਕਿ (ਪ੍ਰਭੂ) ਕਿਹੋ ਜਿਹਾ ਹੈ? (ਉਹ) ਨਿਰਭਉ ਪ੍ਰਭੂ ਸਮੁੰਦਰ ਤੇ ਪਹਾੜਾਂ ਵਿਚ (ਸਭ ਥਾਂ) ਇਹੋ ਜਿਹਾ (ਇਕੋ ਜਿਹਾ) ਹੈ ਭਾਵ ਸਰਬ ਵਿਆਪਕ ਹੈ।੪।

ਪਦਾਰਥ = ਕੁੰਚਰੁ-ਹਾਥੀ। ਕਾਇਆ-ਸਰੀਰ। ਉਦਿਆਨੈ-ਜੰਗਲ ਵਿਚ। ਅੰਕਸੁ-(ਹਾਥੀ ਨੂੰ ਕਾਬੂ ਕਰਨ ਵਾਲਾ) ਕੁੰਡਾ। ਨੀਸਾਨੈ-(ਪਛਾਣ ਦਾ) ਚਿੰਨ੍ਹ। ਦੁਆਰੈ-ਦਰ ਉਤੇ। ਸੋਭ-ਸੋਭਾ। ਸੁ ਮਾਨੈ-ਉਹ ਮਾਣਦਾ ਹੈ; ਉਹ ਮਾਣ ਪਾਉਂਦਾ ਹੈ।੧। ਚੀਨਿਆ-ਪਛਾਣਿਆ।੧। ਰਹਾਉ। ਘਰ ਮਹਿ-ਹਿਰਦੇ ਵਿਚ। ਤਸਕਰੁ-(ਵਿਸ਼ਿਆਂ ਵਿਚ ਫਸਿਆ ਮਨ ਰੂਪ) ਚੋਰ; ਕਾਮ ਆਦਿਕ ਚੋਰ। ਲੇਈ-(ਲੁੱਟ) ਲੈਂਦੇ ਹਨ। ਨੰਨਾਕਾਰੁ-ਨਾਂਹ ਨੁੱਕਰ; ਇਨਕਾਰ। ਕਰੇਈ-ਕਰਦਾ ਹੈ। ਦੇਈ-ਦੇਂਦਾ ਹੈ।੨। ਨੀਲ ਅਨੀਲ-ਗਿਣਤੀ ਤੋਂ ਅਣ ਗਿਣਤ; ਮਲੀਨ ਤੇ ਸ਼ੁੱਭ ਵਾਸ਼ਨਾ ਰੂਪ ਅੱਗ ਭਾਵ ਤਾਮਸੀ ਤੇ ਰਜੋ ਗੁਣੀ ਕਰਮ ਕਰਨ ਦੀ ਵਾਸ਼ਨਾ ਰੂਪ ਅੱਗ (ਮ.ਕੋ.); ਮਾਇਆ ਤੇ ਮਾਇਆ ਤੋਂ ਬਿਨਾ; ਮੈਲਾ ਤੇ ਨਿਰਮਲ। ਇਕ ਠਾਈ-ਇਕ ਥਾਂ; (ਇਕਠਾਈ)-ਇਕੱਠੀ ਹੋਈ ਹੋਈ ਹੈ। ਜਲਿ-ਜਲਨ; ਤਪਸ਼; ਸਮਝ ਰੂਪ ਜਲ ਨਾਲ। ਬੂਝ-ਸਮਝ; ਅਕਲ; ਸਿੱਖਿਆ। ਬੁਝਾਈ-ਸਮਝਾਈ ਹੈ। ਦੇ-ਦੇ (ਅਰਪਣ ਕਰ) ਕੇ। ਲੀਆ-ਲਿਆ; ਪ੍ਰਾਪਤ ਕੀਤਾ। ਰਹਸਿ-ਖੁਸ਼ੀ ਨਾਲ। ਗਾਈ-ਗਾਉਂਦਾ ਹੈ।੩। ਤੈਸਾ-ਤਿਹੋ ਜਿਹਾ। ਬੈਸਿ-ਬੈਠ ਕੇ। ਡੂਗਰਿ-ਪਹਾੜਾ ਵਿਚ।੪।

ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥੫॥ ਦੱਸੋ (ਜੀਵਤ ਭਾਵ ਤੋਂ) ਮਰੇ ਹੋਏ ਮਨੁੱਖ ਨੂੰ ਕੌਣ ਮਾਰ ਸਕਦਾ ਹੈ? (ਕੋਈ ਨਹੀਂ ਮਾਰ ਸਕਦਾ। ਜੋ ਮਨੁੱਖ ਰੱਬ ਦੇ ਡਰ ਵਿਚ ਰਹਿੰਦਾ ਹੋਇਆ ਮੌਤ ਦੇ) ਡਰ ਤੋਂ ਰਹਿਤ ਹੈ, ਉਸ ਨੂੰ ਕੈਸਾ ਡਰ ਹੈ (ਤੇ ਡਰ ਦੇਣ ਵਾਲਾ) ਕੌਣ ਹੈ? (ਅਜੇਹਾ ਮਨੁੱਖ) ਗੁਰ ਸ਼ਬਦ ਦੁਆਰਾ ਪਛਾਣਦਾ ਹੈ (ਕਿ ਇਸ ਦੀ ਰੱਖਿਆ ਕਰਨ ਵਾਲਾ ਪ੍ਰਭੂ) ਤਿੰਨਾਂ ਭਵਨਾਂ ਵਿਚ ਵਿਆਪਕ ਹੈ।੫।

ਜਿਨਿ ਕਹਿਆ, ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ, ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ, ਮੇਰਾ ਮਨੁ ਮਾਨਿਆ ॥

All Rights Reserved by Harjinder Singh Gyani | www.GuruGranthVakhyaan.org

੬॥ ਜਿਸ ਮਨੁੱਖ ਨੇ (ਪ੍ਰਭੂ ਬਾਰੇ ਕੁਛ) ਆਖਿਆ ਹੈ, (ਪਰ ਅਮਲ ਨਹੀਂ ਕੀਤਾ) ਉਸ ਨੇ ਕਹਿਣ ਮਾਤ੍ਰ ਹੀ ਆਖਿਆ ਹੈ। ਜਿਸ ਮਨੁੱਖ ਨੇ (ਪ੍ਰਭੂ ਨੂੰ) ਸਮਝਿਆ ਹੈ, ਉਸ ਨੇ ਸਹਜੇ ਹੀ ਪਛਾਣ ਲਿਆ ਹੈ। (ਹੁਣ ਅਪਣਾ ਅਨੁਭਵ ਦਸਦੇ ਹਨ, ਪ੍ਰਭੂ ਨੂੰ ਹਰ ਥਾਂ ਵਸਦਾ) ਦੇਖ ਕੇ ਤੇ ਬਿਚਾਰ ਕੇ ਮੇਰਾ ਮਨ ਪਤੀਜ ਗਿਆ ਹੈ।੬।

ਕੀਰਤਿ ਸੁਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਚੰਗੀ ਸੋਭਾ (ਵਡਿਆਈ), ਚੰਗੀ ਸੂਰਤ ਤੇ ਮੁਕਤੀ ਇਕ ਨਾਮ ਵਿਚ ਹੀ ਹਨ। ਉਸੇ (ਨਾਮ) ਵਿਚ ਹਰੀ ਆਪ ਸਮਾ ਰਿਹਾ ਹੈ। ਅਪਨੇ ਸਰੂਪ ਵਿਚ ਅਪਣੀ ਥਾਂ ਤੇ ਬਿਆਪ ਰਿਹਾ ਹੈ (ਹਰੇਕ ਜੀਵ ਦੇ ਹਿਰਦੇ ਵਿਚ ਜੋ ਪ੍ਰਭੂ ਦਾ ਅਪਣਾ ਘਰ ਹੈ, ਉਸ ਅਪਣੇ ਟਿਕਾਣੇ ਤੇ ਇਕ ਰਸ ਵਿਆਪ ਰਿਹਾ ਹੈ)।੭।

ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁਚੀਤਿ ॥ ਕਿਤਨੇ ਹੀ ਰਿਸ਼ੀ ਮੁਨੀ ਪ੍ਰੇਮ ਨਾਲ (ਪ੍ਰਭੂ ਦੀ) ਉਸਤਤੀ ਕਰਦੇ ਹਨ। (ਉਹ ਮੁਨੀ) ਤਨ ਕਰਕੇ ਤੇ ਮਨ ਕਰਕੇ ਸੁੱਚੇ ਹਨ ਅਤੇ (ਉਨ੍ਹਾਂ ਦੇ) ਸ੍ਰੇਸਟ ਚਿਤ ਵਿਚ ਸੱਚ ਸਰੂਪ ਪ੍ਰਭੂ ਵਸਦਾ ਹੈ; ਉਹ ਸੱਚਾ ਪ੍ਰਭੂ ਚਿਤ ਵਿਚ ਸਮਾਇਆ ਹੋਇਆ ਹੈ।

ਅੰਗ ੨੨੨ = ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥ ਹੇ ਨਾਨਕ! (ਤੂੰ ਵੀ) ਨਿਤਾ ਪ੍ਰਤੀ ਹਰੀ ਦਾ ਭਜਨ ਕਰ।੮।੨।

ਪਦਾਰਥ = ਮੂਏ ਕਉ–(ਜੀਵਤ ਭਾਵ ਤੋਂ) ਮਰੇ ਨੂੰ। ਕਹੁ–ਦੱਸੋ। ਕਵਨੁ–ਕੌਣ। ਤੀਨੇ ਭਉਨ–ਤਿੰਨ ਭਵਨਾਂ ਵਿਚ।੫। ਜਿਨਿ–ਜਿਸ ਨੇ। ਤਿਨਿ–ਤਿਸ ਨੇ। ਬੂਝਿਆ–ਸਮਝਿਆ। ਸਹਜਿ–ਸਹਿਜੇ ਹੀ; ਸਹਿਜ ਅਵਸਥਾ ਵਿਚ ਪੁਜ ਕੇ। ਮਨੁ ਮਾਨਿਆ–ਮਨ ਮੰਨ (ਨਿਹਚਾ ਹੋ) ਗਿਆ।੬। ਕੀਰਤਿ–ਜਸ (ਲੋਕ ਪ੍ਰਲੋਕ ਦਾ)। ਸੁਰਤਿ–ਸੁੰਦਰਤਾ। ਨਾਈ–ਨਾਮ ਵਿਚ। ਤਹੀ–ਉਥੇ; ਉਸ। ਨਿਰੰਜਨੁ–ਮਾਇਆ ਰਹਿਤ ਪ੍ਰਭੂ। ਨਿਜ ਘਰਿ–ਆਤਮ ਸਰੂਪ ਵਿਚ। ਨਿਜ ਠਾਈ–ਅਪਣੇ ਟਿਕਾਣੇ ਤੇ।੭। ਕੇਤੇ–ਕਿਤਨੇ ਹੀ। ਮੁਨਿ–ਰਿਖੀ; ਸਾਧੂ। ਸੂਚੈ–ਪਵਿਤ੍ਰ। ਸੁਚੀਤਿ–ਸ੍ਰੇਸਟ ਚਿਤ ਵਿਚ; ਉਹ ਪ੍ਰਭੂ ਚਿਤ ਵਿਚ ਹੈ। ਨੀਤਾ ਨੀਤਿ–ਨਿਤਾ ਪ੍ਰਤੀ; ਸਦਾ।੮।੨।

ਵਿਆਖਿਆ = ਇਸ ਅਸਟਪਦੀ ਵਿਚ ਮਨ ਨੂੰ ਸਾਧਣੇ ਦਾ ਉਪਦੇਸ਼ ਹੈ। ਸਾਧਿਆ ਮਨ ਅਪਣੇ ਮੂਲ ਨੂੰ ਪਛਾਣ ਲੈਂਦਾ ਹੈ ਤੇ ਹਰ ਤਰ੍ਹਾਂ ਦੇ ਭੈ ਤੋਂ ਰਹਿਤ ਹੋ ਜਾਂਦਾ ਹੈ। ਅੰਕ ੧ ਵਿਚ ਹਾਥੀ ਦਾ ਦ੍ਰਿਸਟਾਂਤ ਲਿਆ ਹੈ, ਹਾਥੀ ਜੋ ਕਿਸੇ ਰਾਜੇ ਦੇ ਬਾਗ ਵਿਚ ਖੁਲ੍ਹਾ ਫਿਰ ਕੇ ਬਾਗ ਨੂੰ ਉਜਾੜੇਗਾ। ਜੇ ਹਾਥੀ ਦੇ ਸਿਰ ਤੇ ਮਹਾਵਤ ਦਾ ਕੁੰਡਾ ਹੈ ਤਾਂ ਹਾਥੀ ਠੀਕ ਤੁਰੇਗਾ ਤੇ ਬਾਗ ਨੂੰ ਨਹੀਂ ਉਜਾੜੇਗਾ। ਇਹ ਹਾਥੀ ਸ਼ਾਹੀ ਬਾਗ ਵਿਚ ਤਾਂ ਰਹਿ ਸਕੇਗਾ ਜੇ ਇਸ ਉਤੇ ਸ਼ਾਹੀ ਨਿਸ਼ਾਨ ਵੀ ਪਿਆ ਹੋਵੇ, ਜੋ ਰਾਜੇ ਦੀ ਪਹਿਚਾਨ ਦਾ ਚਿੰਨ੍ਹ ਹੈ। ਐਸਾ ਹਾਥੀ ਰਾਜ ਦਰਬਾਰ ਵਿਚ ਸੋਭਦਾ ਹੈ ਤੇ ਮਾਣ ਪਾਉਂਦਾ ਹੈ। ਇਹ ਦ੍ਰਿਸਟਾਂਤ ਮਨੁੱਖ ਤੇ ਘਟਾਇਆ ਹੈ, ਸਰੀਰ ਬਾਗ ਦੇ ਤੁੱਲ ਹੈ ਤੇ ਮਨ ਹਾਥੀ ਹੈ। ਜੇ ਮਨ ਕਾਬੂ ਵਿਚ ਨਹੀਂ ਤਾਂ ਇਹ ਮਨ ਸਰੀਰਕ ਤੇ ਆਤਮਕ ਤਾਕਤਾਂ ਨੂੰ ਉਜਾੜਨ ਵਾਲੇ ਕੰਮ ਕਰੇਗਾ। ਜੇ ਮਨ ਉਤੇ ਗੁਰੂ ਦੇ ਗਿਆਨ ਦਾ ਅੰਕੁਸ਼ ਹੈ ਅਤੇ ਜੇ ਵਾਹਿਗੁਰੂ ਦੇ ਨਾਮ ਦਾ ਪਾਤਸ਼ਾਹੀ ਨਿਸ਼ਾਨ ਪਿਆ ਹੋਇਆ ਹੈ ਤਾਂ ਇਹ ਮਨ ਵਾਹਿਗੁਰੂ ਦੇ ਰਾਜ ਦਰਬਾਰ (ਸਤਿਸੰਗ ਭਾਵ ਦੁਨੀਆਂ) ਵਿਚ ਆਦਰ ਪਾਵੇਗਾ। ਅੱਗੇ ਜਾ ਕੇ ਸਚਖੰਡ ਦਰਬਾਰ ਵਿਚ ਵੀ ਸੋਭਾ ਪਾ ਸਕੇਗਾ। ਰਹਾਉ ਵਿਚ ਦਸਿਆ ਹੈ ਕਿ ਜਦ ਤਕ ਮਨ ਜੀਵਤ ਭਾਵ ਤੋਂ ਨਹੀਂ ਮਰਦਾ, ਉਦੋਂ ਤਕ ਪ੍ਰਮਾਤਮਾ ਨੂੰ ਨਹੀਂ ਜਾਣ ਸਕਦਾ। ਮਨ ਦੀ ਚਤਰਾਈ ਆਤਮਕ ਤਰੱਕੀ ਵਿਚ ਰੋਕ ਪਾਉਂਦੀ ਹੈ। ਅੰਕ ੨ = ਸਰੀਰ ਦੇ ਮਨ ਬੁਧੀ ਦੇ ਪਿੱਛੇ ਵਾਹਿਗੁਰੂ ਹੈ, ਉਸ ਦਾ ਦੈਵੀ ਰਸ ਚੋਰੀ ਹੁੰਦਾ ਰਹਿੰਦਾ ਹੈ। ਮਨ ਵਿਚ ਕਾਮਾਦਿਕ ਚੋਰ ਹਨ, ਜੋ ਮਨ ਨੂੰ ਵਿਸ਼ੇ ਵਿਕਾਰਾਂ ਦੇ ਰਸਾਂ ਵਿਚ ਤੇ ਮਾਇਕ ਸੁਆਦਾਂ ਵਿਚ ਪਾ ਦੇਂਦੇ ਹਨ। ਇਸ ਪ੍ਰਕਾਰ ਵਾਹਿਗੁਰੂ ਦੇ ਰਸ ਦਾ ਅਨੰਦ ਚੋਰੀ ਹੁੰਦਾ ਹੈ, ਇਨ੍ਹਾਂ ਕਾਮ ਆਦਿਕਾਂ ਵਿਚ ਲੀਨ ਹੋਏ ਮਨ ਨੂੰ ਰੋਕੇ ਕੌਣ? ਫਿਰ ਜਿਸ ਦੀ ਰੱਖਿਆ ਵਾਹਿਗੁਰੂ ਕਰਦਾ ਹੈ, ਉਸ ਨੂੰ ਰਾਜ ਦਰਬਾਰ ਵਿਚ ਵਡਿਆਈ ਦੇਂਦਾ ਹੈ। ਅੰਕ ੩ = ਹਰੀ ਮਨੁੱਖ ਤੇ ਕ੍ਰਿਪਾ ਕਰਕੇ ਗੁਰੂ ਨਾਲ ਮਿਲਾ ਦੇਂਦਾ ਹੈ, ਗੁਰੂ ਸੋਝੀ ਬਖਸ਼ਦਾ ਹੈ, ਉਹ ਨਾਮ ਸਿਮਰਨ ਕਰਾ ਕੇ ਮਨ ਦੀ ਵਾਸ਼ਨਾਂ ਤੇ ਤ੍ਰਿਸ਼ਨਾਂ ਦੀ ਅੱਗ ਬੁਝਾ ਦਿੰਦਾ ਹੈ। ਇਉਂ ਗੁਰੂ ਮਨੁੱਖ ਦਾ ਬੁਰਾ ਮਨ ਲੈ ਲੈਂਦਾ ਹੈ, ਬੁਰੇ ਮਨ ਦੇ ਛਡਣ ਨਾਲ ਖੁਸ਼ੀ ਮਿਲਦੀ ਹੈ। ਗੁਰੂ ਨੂੰ ਮਨ ਅਰਪਣ ਤੋਂ ਭਾਵ ਹੈ ਕਿ ਮਨ ਦੇ ਮਨੋ ਭਾਵ ਬਦਲ ਦੇਣੇ, ਮਨ ਦੀਆਂ ਬੁਰਿਆਈਆਂ ਦਾ ਤਿਆਗ ਤੇ ਗੁਰੂ ਦੀ ਮੱਤ ਮਨ ਵਿਚ ਧਾਰਨ ਕਰਨੀ। ਅੰਕ ੪ = ਜਿਸ ਮਨੁੱਖ ਦੀ ਵਾਸ਼ਨਾ ਮੁੱਕ ਗਈ, ਤ੍ਰਿਸ਼ਨਾਂ ਦੀ ਅੱਗ ਬੁਝ ਗਈ, ਉਸ ਨੂੰ ਘਰ ਵਿਚ, ਬਾਹਰ ਬਨਾਂ ਵਿਚ ਤੇ ਪਹਾੜਾਂ ਦੀਆਂ ਗੁਫਾਵਾਂ ਵਿਚ ਸਭ ਜਗ੍ਹਾ ਵਾਹਿਗੁਰੂ ਇਕ ਸਾਰ ਵਸਦਾ ਅਨੁਭਵ ਹੁੰਦਾ ਹੈ। ਅੰਕ ੫ = ਨਿਰਭਉ ਪ੍ਰਭੂ ਨੂੰ

All Rights Reserved by Harjinder Singh Gyani | www.GuruGranthVakhyaan.org

ਜਪਣ ਵਾਲਾ ਪ੍ਰੇਮੀ ਆਪ ਵੀ ਨਿਰਭਉ ਹੋ ਜਾਂਦਾ ਹੈ।ਹੁਣ ਉਸ ਨੂੰ ਮੌਤ ਤੋਂ ਡਰ ਕਿਉਂ ਲੱਗੇ, ਕਿਉਂਕਿ ਸ਼ਬਦ ਦੁਆਰਾ ਤਿੰਨੇ ਭਵਨਾਂ ਵਿਚ ਵਸਦੇ ਪ੍ਰਭੂ ਨੂੰ ਪਛਾਣ ਲਿਆ ਹੈ।ਅੰਕ ੬ = ਅਜੇਹਾ ਮਨੁੱਖ ਕੇਵਲ ਕਹਿਣ ਮਾਤ੍ਰ ਹੀ ਨਹੀਂ ਕਹਿ ਰਿਹਾ, ਉਹ ਸਹਿਜ ਅਵਸਥਾ ਵਿਚ ਪੁਜ ਕੇ ਵਾਹਿਗੁਰੂ ਨੂੰ ਸਮਝ ਰਿਹਾ ਹੈ।ਅੰਕ ੭ = ਨਾਮ ਵਿਚ ਲੋਕ ਪ੍ਰਲੋਕ ਦੀ ਸੋਭਾ, ਮਨ ਆਤਮਾ ਦੀ ਸੁੰਦਰਤਾ ਤੇ ਮੁਕਤੀ ਸਭ ਕੁਛ ਮੌਜੂਦ ਹਨ।ਨਾਮ ਵਿਚ ਵਾਹਿਗੁਰੂ ਵੀ ਸਮਾ ਰਿਹਾ ਹੈ {ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ੨੬੩}, ਉਹ ਹੀ ਨਾਮ ਸਭ ਜੀਵਾਂ ਦੇ ਮਨਾਂ ਵਿਚ ਵੀ ਹੈ।ਜੀਵ ਇਕ ਦੇਸੀ ਹੈ, ਪਰ ਹਰੀ ਅਪਣੇ ਸਰੂਪ ਵਿਚ ਵਿਆਪ ਰਿਹਾ ਹੈ, ਜੋ ਸਰਬ ਵਿਆਪੀ ਹੈ।ਸਭ ਜੀਵਾਂ ਦੀਆਂ ਆਤਮਾਵਾਂ, ਸਾਰੇ ਖੰਡ ਬ੍ਰਹਮੰਡ ਉਸ ਵਾਹਿਗੁਰੂ ਦੇ ਅਪਣੇ ਟਿਕਾਣੇ (ਨਿਜ ਘਰ) ਹਨ।ਅੰਕ ੮ = ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਜਿਸ ਹਰੀ ਦੀ ਕੀਰਤੀ ਅਸੀਂ ਕਰਦੇ ਹਾਂ, ਕਿਤਨੇ ਹੀ ਮੁਨੀ ਲੋਕ ਉਸਦੀ ਸਿਫਤ ਸਲਾਹ ਕਰਦੇ ਹਨ।ਉਹ ਮੁਨੀ ਲੋਕ ਪਵਿਤ੍ਰ ਹਨ, ਉਨ੍ਹਾਂ ਦੇ ਮਨ ਵੀ ਪਵਿਤ੍ਰ ਹਨ।ਉਨ੍ਹਾਂ ਦਾ ਚਿਤ ਸੱਚ ਨਾਲ ਭਰਪੂਰ ਹੈ।ਇਸ ਲਈ ਹੇ ਗੁਰ ਸਿਖੋ ! ਤੁਸੀ ਵੀ ਵਾਹਿਗੁਰੂ ਦਾ ਨਿਤਾ ਪ੍ਰਤੀ ਸਿਮਰਨ ਕਰੋ।**(ਸੰ.ਪੋ. ਦਾ ਸਾਰੰਸ਼)**

ਗਉੜੀ ਗੁਆਰੇਰੀ ਮਹਲਾ ੧ ॥ ਨਾ ਮਨੁ ਮਰੈ, ਨ ਕਾਰਜੁ ਹੋਇ ॥ ਮਨੁ ਵਸਿ ਦੂਤਾ, ਦੁਰਮਤਿ ਦੋਇ ॥ ਮਨੁ ਮਾਨੈ, ਗੁਰ ਤੇ ਇਕੁ ਹੋਇ ॥੧॥ ਨਾ ਮਨ (ਜੀਵਤ ਭਾਵ ਤੋਂ) ਮਰਦਾ ਹੈ ਤੇ ਨਾ ਹੀ (ਇਸਦਾ ਮੁਕਤ ਹੋਣ ਦਾ) ਕਾਰਜ ਪੂਰਾ ਹੁੰਦਾ ਹੈ।(ਮਨ ਮਰਦਾ ਕਿਉਂ ਨਹੀਂ? ਕਿਉਂਕਿ) ਮਨ ਖੋਟੀ ਮੱਤ ਕਰਕੇ ਕਾਮਾ ਆਦਿਕ ਦੂਤਾਂ ਦੇ ਵਸ ਵਿਚ ਹੈ ਤੇ ਅਪਣੇ ਆਪ ਨੂੰ ਦੂਜਾ (ਰੱਬ ਤੋਂ ਭਿੰਨ) ਮੰਨੀ ਬੈਠਾ ਹੈ।(ਪਰ) ਜੇ ਮਨ ਗੁਰੂ ਦੇ ਉਪਦੇਸ਼ ਤੋਂ ਪਤੀਜ ਜਾਵੇ ਤਾਂ ਪ੍ਰਮਾਤਮਾ ਨਾਲ ਇਕ ਰੂਪ ਹੋ ਜਾਂਦਾ ਹੈ।੧।

ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ਰਹਾਉ॥ ਮਾਇਆ ਦੇ ਤਿੰਨਾਂ ਗੁਣਾਂ ਤੋਂ ਰਹਿਤ ਪ੍ਰਭੂ ਸ਼ੁੱਭ ਗੁਣਾਂ ਨਾਲ ਵਸ ਹੋ ਜਾਂਦਾ ਹੈ।(ਜੋ ਮਨੁੱਖ) ਆਪਾ ਭਾਵ ਦੂਰ ਕਰਦਾ ਹੈ, ਉਹ ਹੀ (ਇਹ ਗਲ) ਵਿਚਾਰਦਾ ਹੈ।੧।ਰਹਾਉ।

ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ (ਮਨ ਮਰਦਾ ਕਿਉਂ ਨਹੀਂ) ਰੱਬ ਤੋਂ ਭੁੱਲਿਆ ਹੋਇਆ ਮਨ ਬਹੁਤ ਵਿਕਾਰ ਚਿਤਵਦਾ ਰਹਿੰਦਾ ਹੈ।ਮਨ ਭੁੱਲਿਆ ਹੋਇਆ ਹੈ, (ਇਸੇ ਕਰਕੇ ਇਸ ਦੇ) ਸਿਰ ਤੇ (ਵਿਕਾਰਾਂ ਦਾ) ਭਾਰ ਆਉਂਦਾ ਹੈ; ਸਿਰ ਭਾਰ (ਪੁੱਠਾ) ਹੋ ਕੇ ਜਗਤ ਵਿਚ ਆਉਂਦਾ ਹੈ ਭਾਵ ਜੰਮਦਾ ਮਰਦਾ ਰਹਿੰਦਾ ਹੈ।(ਪਰ ਜੇ) ਹਰੀ ਵਿਚ ਮਨ ਮੰਨ ਜਾਵੇ ਤਾਂ ਏਕੰਕਾਰ ਦਾ ਰੂਪ ਹੋ ਜਾਂਦਾ ਹੈ।੨।

ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ (ਰੱਬ ਤੋਂ) ਭੁੱਲਿਆ ਮਨ ਮਾਇਆ ਦੇ ਘਰ ਜਾਂਦਾ ਹੈ।ਕਾਮ ਵਿਚ ਰੁੱਝਿਆ ਹੋਇਆ (ਮਨ) ਇਕ ਥਾਂ ਟਿਕ ਕੇ ਨਹੀਂ ਰਹਿੰਦਾ।(ਬਚਾਉ ਲਈ ਤੂੰ) ਹੇ ਜੀਵ ! ਰਸਨਾ ਨਾਲ ਰਸਾ (ਅਨੰਦ ਲੈ ਲੈ) ਕੇ; ਜੀਭ ਦੁਆਰਾ ਪ੍ਰੇਮ ਨਾਲ ਹਰੀ ਦਾ ਭਜਨ ਕਰ।੩।

ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥ (ਮਨ) ਚੰਗੇ ਹਾਥੀਆਂ, ਚੰਗੇ ਘੋੜਿਆਂ, ਸੋਨੇ, ਪੁਤ੍ਰ ਤੇ ਇਸਤ੍ਰੀ ਆਦਿ ਦੀ ਬਹੁਤ ਚਿੰਤਾ ਕਰਦਾ ਰਹਿੰਦਾ ਹੈ, (ਜਿਸ ਕਰਕੇ ਜੀਵਨ ਦੀ ਖੇਡ ਦਾ) ਪਿੜ ਹਾਰ ਕੇ ਚਲਾ ਜਾਂਦਾ ਹੈ।(ਇਹ ਵਿਸ਼ਿਆਂ ਦੇ) ਜੂਏ ਦੀ ਖੇਡ ਖੇਡਦਾ ਹੈ ਤੇ (ਇਸਦੀ) ਨਰਦ ਕੱਚੀ ਰਹਿ ਜਾਂਦੀ ਹੈ ਭਾਵ ਜਿਵੇਂ ਕੱਚੀ ਨਰਦ ਮੁੜ ਚੁਰਾਸੀ ਘਰਾਂ ਵਿਚ ਫਿਰਦੀ ਹੈ, ਤਿਵੇਂ ਉਹ ਮਨੁੱਖ ਜਨਮ ਮਰਣ ਦੇ ਗੇੜ ਵਿਚ ਪਿਆ ਰਹਿੰਦਾ ਹੈ।੪।

ਪਦਾਰਥ = ਕਾਰਜੁ–ਮੁਕਤੀ ਜਾਂ ਰੱਬ ਨਾਲ ਇਕ ਹੋਣ ਦਾ; ਜੀਵਨ ਦੀ ਸਫਲਤਾ ਦਾ।ਵਸਿ–ਵਸ ਵਿਚ।ਦੂਤਾ–ਕਾਮਾਦਿਕ ਦੂਤ। ਦੁਰਮਤਿ–ਖੋਟੀ ਬੁੱਧੀ।ਦੋਇ–ਦ੍ਵੈਤ ਭਾਵ; ਰੱਬ ਨਾਲੋਂ ਵਖਰਾ ਜਾਣਨਾ।ਮਨੁ ਮਾਨੈ–ਮਨ ਨੂੰ ਰੱਬ ਦਾ ਵਿਸ਼ਵਾਸ਼ ਹੋ ਜਾਵੇ।ਗੁਰ ਤੇ–ਗੁਰੂ ਦੇ ਉਪਦੇਸ਼ ਤੋਂ।ਇਕੁ–ਰੱਬ ਨਾਲ ਇਕ ਰੂਪ।੧।ਨਿਰਗੁਣ–ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ।ਗੁਣਹ–ਸ਼ੁੱਭ ਗੁਣਾਂ ਦੇ।ਆਪੁ –ਆਪਾ ਭਾਵ।ਨਿਵਾਰਿ–ਦੂਰ ਕਰਕੇ।ਸੋਇ–ਉਹ ਹੀ।੧।ਬਹੁ–ਬਹੁਤ।ਚਿਤੈ–ਚਿਤਵਦਾ ਹੈ।ਸਿਰਿ–ਸਿਰ ਉਤੇ।ਭਾਰੁ–ਬੋਝ।੨। ਮਾਇਆ ਘਰਿ–ਮਾਇਆ ਜੋੜਨ ਦੇ ਖਿਆਲਾਂ ਵਿਚ।ਕਾਮਿ–ਕਾਮ; ਕਾਮਨਾ।ਬਿਰੂਧਉ–ਰੁੱਝਿਆ; ਫਸਿਆ; ਅਟਕਿਆ ਹੋਇਆ। ਠਾਇ–ਥਾਂ ਤੇ।ਰਸਨ–ਜੀਭ।ਰਸਾਇ–ਰਸਾ ਕੇ; ਪ੍ਰੇਮ ਨਾਲ।੩।ਗੈਵਰ–ਵਧੀਆ ਕਿਸਮ ਦੇ ਹਾਥੀ।ਹੈਵਰ–ਵਧੀਆ ਕਿਸਮ ਦੇ ਘੋੜੇ ।ਕੰਚਨ–ਸੋਨਾ।ਸੁਤ–ਪੁਤ੍ਰ।ਨਾਰੀ–ਇਸਤ੍ਰੀ।ਪਿੜ–ਖੇਡ; ਮੈਦਾਨ; ਖੇਡਣ ਵਾਲੀ ਥਾਂ।ਹਾਰੀ–ਹਾਰ ਕੇ।ਜੂਐ ਖੇਲਣੁ–ਜੂਏ ਦੀ ਖੇਡ। ਸਾਰੀ–ਨਰਦ।੪।ਚੌਂਪੜ ਦੀ ਨਰਦ ਵਿਚਕਾਰੋਂ ਚਲ ਕੇ ਜਦ ੪੨ ਘਰ ਲੰਘਦੀ ਹੈ ਤਾਂ ਪੱਕੀ ਹੋਣੀ ਸ਼ੁਰੂ ਹੁੰਦੀ ਹੈ।ਜਦ ਬਾਹਰਲੇ

All Rights Reserved by Harjinder Singh Gyani | www.GuruGranthVakhyaan.org

ਨਾਕੇ ਤੇ ਪੁਜਦੀ ਹੈ ਤਾਂ ਪੱਕੀ ਹੁੰਦੀ ਹੈ।ਕੱਚੀ ਨਰਦ ਤੋਂ ਭਾਵ ਉਹ ਜੀਵ ਹੈ ਜੋ ਅਜੇ ੮੪ ਲੱਖ ਜੂਨਾਂ ਵਿਚ ਭੌਂ ਰਿਹਾ ਹੈ ਅਤੇ ਪੱਕੀ ਨਰਦ ਤੋਂ ਭਾਵ ਗੁਰੂ ਦੁਆਰਾ ਪੂਰਨਤਾ ਨੂੰ ਪ੍ਰਾਪਤ ਹੋਇਆ ਜੀਵ ਹੈ, ਜਿਸਦਾ ਆਵਾਗੌਣ ਮੁੱਕ ਗਿਆ ਹੈ (ਸ਼ਬਦਾਰਥ)।

ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ (ਜੀਵ ਨੇ ਜਿਤਨੀ) ਸੰਪਦਾ ਇਕੱਠੀ ਕੀਤੀ, ਉਤਨੇ ਵਿਕਾਰ ਪੈਦਾ ਹੋ ਗਏ।(ਇਸੇ ਕਰਕੇ) ਖੁਸ਼ੀ ਤੇ ਗਮੀ ਸਦਾ ਦਰਵਾਜੇ ਤੇ ਖੜੇ ਰਹਿੰਦੇ ਹਨ।ਪਰ ਹਿਰਦੇ ਵਿਚ ਪ੍ਰਮਾਤਮਾ ਨੂੰ ਜਪਣ ਨਾਲ ਸੁਤੇ ਹੀ ਸੁਖ ਮਿਲਦਾ ਹੈ; ਰਿਦੇ ਵਿਚ ਪ੍ਰਭੂ ਨੂੰ ਜਪਣ ਨਾਲ ਕੁਦਰਤੀ ਸੁਖ ਮਿਲਦਾ ਹੈ।੫।

ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ, ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ (ਜੇ ਪ੍ਰਭੂ) ਮੇਹਰ ਦੀ ਨਜਰ ਕਰੇ ਤਾਂ (ਨਾਮ ਦੇ ਦਾਤੇ ਗੁਰੂ ਨਾਲ) ਮਿਲਾ ਕੇ ਅਪਣੇ ਨਾਲ ਮਿਲਾ ਲੈਂਦਾ ਹੈ।(ਫਿਰ ਮਨੁੱਖ) ਗੁਣ ਜਮ੍ਹਾਂ ਕਰਦਾ ਹੈ ਤੇ ਸ਼ਬਦ ਦੁਆਰਾ ਔਗੁਣਾਂ ਨੂੰ ਸਾੜ ਦਿੰਦਾ ਹੈ।(ਅਜੇਹਾ ਪੁਰਖ) ਗੁਰੂ ਦੁਆਰਾ ਨਾਮ ਪਦਾਰਥ ਪ੍ਰਾਪਤ ਕਰ ਲੈਂਦਾ ਹੈ।੬।

ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ (ਹੇ ਭਾਈ! ਪ੍ਰਭੂ ਦੇ) ਨਾਮ ਤੋਂ ਬਿਨਾ (ਜੀਵ ਦੇ ਅੰਦਰ) ਸਾਰੇ ਦੁਖ ਆ ਨਿਵਾਸ ਕਰਦੇ ਹਨ।ਮੂਰਖ ਮਨਮੁਖ ਦੇ ਚਿਤ ਦਾ ਵਾਸਾ ਮਾਇਆ ਵਿਚ ਹੁੰਦਾ ਹੈ।ਧੁਰੋਂ ਭਾਗਾਂ ਵਿਚ ਲਿਖਿਆ ਹੋਵੇ ਤਾਂ ਗੁਰੂ ਦੁਆਰਾ ਗਿਆਨ ਮਿਲਦਾ ਹੈ।੭।

ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥ (ਹੇ ਭਾਈ!) ਮਨ ਚੰਚਲ ਹੈ, (ਮਾਇਆ ਪਿੱਛੇ) ਦੌੜਦਾ ਹੋਇਆ ਮੁੜ ਮੁੜ ਦੌੜਦਾ ਹੈ; ਚਲਾਇਮਾਨ ਪਦਾਰਥਾਂ ਪਿਛੇ ਮੁੜ ਮੁੜ ਦੌੜਦਾ ਹੈ।(ਮਨ ਮੈਲਾ ਹੈ, ਪਰ ਜਿਹੜੇ ਪੁਰਖ) ਸੱਚਾ ਨਾਮ ਜਪ ਕੇ ਸੁੱਚੇ ਹੋ ਗਏ ਹਨ, (ਉਨ੍ਹਾਂ ਨੂੰ) ਮੈਲ ਚੰਗੀ ਨਹੀਂ ਲਗਦੀ।ਹੇ ਨਾਨਕ! ਗੁਰਮੁਖ ਹਰੀ ਦੇ ਗੁਣ ਗਾਉਂਦੇ ਹਨ (ਜਿਸ ਕਰਕੇ ਉਨ੍ਹਾਂ ਨੂੰ ਮੈਲ ਨਹੀਂ ਲਗਦੀ ਤੇ ਜਨਮ ਸਫਲ ਹੋ ਜਾਂਦਾ ਹੈ)।੮।੩।

ਪਦਾਰਥ = ਸੰਪਉ–ਮਾਇਆ।ਸੰਚੀ–ਇਕੱਤ੍ਰ ਕੀਤੀ।ਭਏ–ਹੋਏ।ਹਰਖ–ਖੁਸ਼ੀ।ਸੋਕ–ਗਮ।ਉਭੇ–ਖੜੇ ਹਨ।ਦਰਵਾਰਿ–ਬੂਹੇ ਉਤੇ।ਸਹਜੇ–ਸੁਤੇ ਸਿਧ।ਮੁਰਾਰਿ–ਪ੍ਰਭੂ।੫।ਨਦਰਿ–ਮੇਹਰ ਦੀ ਨਜਰ।ਮੇਲਿ ਮਿਲਾਏ–ਗੁਰੂ ਦੇ ਮੇਲ ਵਿਚ ਮਿਲਾਉਂਦਾ ਹੈ; ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲਾਉਂਦਾ ਹੈ।ਸੰਗ੍ਰਹਿ–ਇਕੱਠੇ ਕਰਦਾ ਹੈ।੬।ਨਿਵਾਸੁ–ਵਾਸਾ; ਟਿਕਾਣਾ।ਮੂੜ–ਮੂਰਖ।ਕਰਮਿ–ਕਰਮਾਂ (ਭਾਗਾਂ) ਵਿਚ।੭।ਧਾਵਤੁ–ਦੌੜਦਾ ਹੋਇਆ; ਚਲਾਇਮਾਨ।ਫੁਨਿ–ਮੁੜ ਦੁਬਾਰਾ।ਨ ਭਾਵੈ–ਚੰਗੀ ਨਹੀਂ ਲਗਦੀ।੮।੩।

ਵਿਆਖਿਆ = ਮਨੁਖ ਦਾ ਮਨ ਜਨਮ ਮਰਣ ਦੇ ਬੰਧਨਾਂ ਵਿਚ ਪਾਉਣ ਤੇ ਮੁਕਤ ਪਦ ਦਾ ਕਾਰਨ ਹੈ।ਜੇ ਮਨ ਦੁਰਮਤਿ ਵਿਚ ਹੈ ਤਾਂ ਮਾਇਆ ਨਾਲ ਜੁੜਿਆ ਹੈ, ਪਰ ਜੇ ਮਨ ਗੁਰਮਤ ਵਿਚ ਹੈ ਤਾਂ ਆਪਾ ਭਾਵ ਦੂਰ ਕਰਕੇ ਰੱਬ ਨਾਲ ਜੁੜ ਜਾਂਦਾ ਹੈ।ਗੁਰਮਤਿ ਗੁਰੂ ਦੀ ਸ਼ਰਣ ਵਿਚ ਗਿਆਂ ਮਿਲਦੀ ਹੈ ਤੇ ਗੁਰੂ ਦੀ ਮੱਤ ਦੁਆਰਾ ਦੁਰਮਤ ਦਾ ਤਿਆਗ ਕਰਕੇ ਮਨ ਰੱਬ ਨਾਲ ਇਕ ਹੋ ਜਾਂਦਾ ਹੈ।ਰੱਬ ਤੋਂ ਭੁੱਲਾ ਮਨ ਮਾਇਆ ਵਿਚ ਲੀਨ ਹੋ ਜਾਂਦਾ ਹੈ ਅਤੇ ਹਰ ਤਰ੍ਹਾਂ ਦੇ ਵਿਕਾਰ ਚਿਤਵਦਾ ਰਹਿੰਦਾ ਹੈ।ਵਿਕਾਰੀ ਮਨ ਨੂੰ ਹਰਖ ਸੋਗ ਸਤਾਉਂਦੇ ਹਨ, ਅੰਤ ਹਾਰੇ ਜੁਆਰੀਏ ਵਾਂਗ ਖਾਲੀ ਹੱਥ ਤੁਰ ਜਾਂਦਾ ਹੈ।

ਗਉੜੀ ਗੁਆਰੇਰੀ ਮਹਲਾ ੧ ॥ ਹਉਮੈ ਕਰਤਿਆ ਨਹ ਸੁਖੁ ਹੋਇ ॥ ਮਨਮਤਿ ਝੂਠੀ ਸਚਾ ਸੋਇ ॥ ਸਗਲ ਬਿਗੂਤੇ ਭਾਵੈ ਦੋਇ ॥ ਸੋ ਕਮਾਵੈ, ਧੁਰਿ ਲਿਖਿਆ ਹੋਇ ॥੧॥ (ਹੇ ਭਾਈ! ਕੋਈ ਕਰਮ) ਹਉਮੈ ਵਿਚ ਕਰਨ ਨਾਲ ਕਦੇ ਵੀ ਸੁਖ ਨਹੀਂ ਪ੍ਰਾਪਤ ਹੁੰਦਾ। ਮਨ ਦੀ ਮੱਤ ਝੂਠੀ ਹੈ (ਕਿਉਂਕਿ ਹਉਮੈ ਮਨਮੱਤ ਤੋਂ ਉਪਜਦੀ ਹੈ ਅਤੇ ਜਿਸ ਨੂੰ ਮਿਲਣਾ ਹੈ) ਉਹ ਵਾਹਿਗੁਰੂ ਸੱਚਾ ਹੈ (ਝੂਠ ਤੇ ਸੱਚ ਦਾ ਮੇਲ ਨਹੀਂ।ਇਸ ਲਈ ਜਿਨ੍ਹਾਂ ਨੂੰ ਹਉਮੈ ਤੋ ਉਪਜੀ) ਦੁਐਤ ਭਾਉਂਦੀ ਹੈ, ਉਹ ਸਾਰੇ ਖੱਜਲ ਖੁਆਰ ਹੋਏ ਹਨ।(ਪਰ ਜੀਵ ਦੇ ਵਸ ਵਿਚ ਕੀ ਹੈ? ਇਹ) ਉਹ ਕਰਮ ਕਮਾਉਂਦਾ ਹੈ ਜੋ ਧੁਰ ਤੋਂ (ਇਸ ਦੇ ਭਾਗਾਂ ਵਿਚ) ਲਿਖਿਆ ਹੁੰਦਾ ਹੈ।੧।

ਐਸਾ ਜਗੁ ਦੇਖਿਆ ਜੂਆਰੀ ॥ ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ਰਹਾਉ॥ ਜਗਤ ਐਸਾ ਜੂਏਬਾਜ ਦੇਖਿਆ ਹੈ।(ਜੋ) ਨਾਮ ਨੂੰ ਭੁਲਾ ਕੇ ਸਾਰੇ ਸੁਖ ਮੰਗ ਰਿਹਾ ਹੈ (ਸੰਸਾਰੀ ਸੁਖਾਂ ਲਈ ਹਿਰਦੇ ਦਾ ਅਮੋਲ ਰਤਨ ਦਾਅ ਤੇ ਲਗਾ ਕੇ ਗੁਆ ਦੇਂਦਾ ਹੈ)।੧।ਰਹਾਉ।

ਅਦਿਸਟੁ ਦਿਸੈ ਤਾ ਕਹਿਆ ਜਾਇ ॥ ਬਿਨੁ ਦੇਖੇ ਕਹਣਾ ਬਿਰਥਾ ਜਾਇ ॥ ਗੁਰਮੁਖਿ ਦੀਸੈ ਸਹਜਿ ਸੁਭਾਇ ॥ ਸੇਵਾ ਸੁਰਤਿ ਏਕ ਲਿਵ ਲਾਇ ॥੨॥ (ਹੇ ਭਾਈ! ਪ੍ਰਭੂ ਅੱਖਾਂ ਨਾਲ) ਦਿਸਣ ਵਾਲਾ ਨਹੀਂ, (ਜੇ ਗਿਆਨ ਦੀਆਂ ਅੱਖਾਂ ਨਾਲ) ਦਿਸ ਪਵੇ ਤਾਂ (ਪ੍ਰਭੂ ਦਾ ਰੰਗ ਰੂਪ ਕੁਝ) ਦਸਿਆ ਜਾ ਸਕਦਾ ਹੈ।ਬਿਨਾ ਦੇਖਿਆਂ ਕੁਛ ਕਹਿਣਾ ਬਿਅਰਥ ਜਾਂਦਾ ਹੈ।(ਜਦ ਮਨੁੱਖ) ਇਕ ਪ੍ਰਭੂ ਦੀ ਸੇਵਾ

ਧਿਆਨ ਨਾਲ ਕਰਦਾ ਹੈ ਤੇ ਪ੍ਰਭੂ ਵਿਚ ਲਿਵ ਲਾਉਂਦਾ ਹੈ।(ਤਾਂ) ਗੁਰੂ ਦੁਆਰਾ ਸਹਿਜ ਸੁਭਾਵਕ ਹੀ ਪ੍ਰਭੂ ਦਿਸ ਪੈਂਦਾ ਹੈ।੨।
ਸੁਖੁ ਮਾਂਗਤ ਦੁਖੁ ਆਗਲ ਹੋਇ ॥ ਸਗਲ ਵਿਕਾਰੀ ਹਾਰੁ ਪਰੋਇ ॥ ਏਕ ਬਿਨਾ ਝੂਠੇ ਮੁਕਤਿ ਨ ਹੋਇ ॥ ਕਰਿ ਕਰਿ ਕਰਤਾ ਦੇਖੈ ਸੋਇ ॥੩॥ (ਹੇ ਭਾਈ! ਨਾਮ ਭੁਲਾ ਕੇ) ਸੁਖ ਮੰਗਦਿਆਂ ਬਹੁਤਾ ਦੁਖ ਹੁੰਦਾ ਹੈ।(ਕਿਉਂਕਿ ਮਨੁੱਖ) ਸਾਰੇ ਵਿਕਾਰਾਂ ਦਾ ਹਾਰ ਪਰੋ ਕੇ (ਅਪਣੇ ਗਲ ਵਿਚ ਪਾ ਲੈਂਦਾ ਹੈ ਭਾਵ ਵਿਕਾਰਾਂ ਵਿਚ ਗਲਤਾਨ ਰਹਿੰਦਾ ਹੈ)।ਇਕ ਪ੍ਰਭੂ ਨੂੰ ਸਿਮਰੇ ਬਿਨਾ ਝੂਠੇ ਪਦਾਰਥਾਂ ਵਿਚ ਫਸੇ ਹੋਏ ਮਨੁੱਖ ਮੁਕਤ ਨਹੀਂ ਹੋ ਸਕਦੇ।ਉਹ ਕਰਤਾਰ (ਸਭ ਨੂੰ) ਪੈਦਾ ਕਰਕੇ (ਉਨ੍ਹਾਂ ਦੇ ਕੀਤੇ ਕਰਮਾਂ ਨੂੰ) ਦੇਖਦਾ ਹੈ।੩।
ਤ੍ਰਿਸਨਾ ਅਗਨਿ ਸਬਦਿ ਬੁਝਾਏ ॥ ਦੂਜਾ ਭਰਮੁ ਸਹਜਿ ਸੁਭਾਏ ॥ ਗੁਰਮਤੀ ਨਾਮੁ ਰਿਦੈ ਵਸਾਏ ॥ ਸਾਚੀ ਬਾਣੀ ਹਰਿ ਗੁਣ ਗਾਏ ॥੪॥ (ਜੋ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਤ੍ਰਿਸ਼ਨਾ ਦੀ ਅੱਗ ਬੁਝਾ ਲੈਂਦਾ ਹੈ।(ਉਸਦਾ) ਦੁਐਤ ਪੈਦਾ ਕਰਨ ਵਾਲਾ ਭਰਮ ਸੁਤੇ ਸਿੱਧ ਹੀ ਦੂਰ ਹੋ ਜਾਂਦਾ ਹੈ।(ਫਿਰ ਉਹ ਮਨੁੱਖ) ਗੁਰੂ ਦੀ ਮੱਤ ਦੁਆਰਾ ਨਾਮ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ।ਅਤੇ ਸੱਚੀ ਬਾਣੀ ਦੁਆਰਾ ਹਰੀ ਦੇ ਗੁਣ ਗਾਉਂਦਾ ਹੈ (ਇਸ ਤਰ੍ਹਾਂ ਮਨੁੱਖ ਸੱਚਾ ਸੁਖ ਪ੍ਰਾਪਤ ਕਰਦਾ ਹੈ)।੪।
ਪਦਾਰਥ = ਹਉਮੈ–ਹੰਕਾਰ; ਮੈਂ ਮੈਂ।ਮਨਮਤਿ–ਮਨ ਦੇ ਅਨੁਸਾਰ ਚਲਣ ਵਾਲੀ ਅਕਲ; ਮਨ ਦਾ ਥਾਪਿਆ ਧਰਮ ਵਿਰੁੱਧ ਨਿਯਮ। ਸੋਇ–ਉਹ ਪ੍ਰਭੂ।ਸਗਲ–ਸਾਰੇ।ਬਿਗੂਤੇ–ਖੱਜਲ ਖੁਆਰ; ਤਬਾਹ।ਭਾਵੈ–ਭਾਉਂਦੀ ਹੈ।ਦੋਇ–ਦੁਐਤ; ਦੂਜਾ ਪਣ।ਸੋ–ਉਹ।ਧੁਰਿ–ਧੁਰ ਤੋਂ।੧।ਜਗੁ–ਜਗਤ।ਜੂਆਰੀ–ਜੁਏਬਾਜ; ਛਲ ਕਰਨ ਵਾਲਾ।ਬਿਸਾਰੀ–(ਬਿਸਾਰਿ) ਭੁਲਾ ਕੇ।੧।ਰਹਾਉ।ਅਦਿਸਟ–ਸਰੀਰਕ ਅੱਖਾਂ ਨਾਲ ਨਾ ਦਿਸਣ ਵਾਲਾ ਪ੍ਰਭੂ।ਤਾ–ਤਦੋਂ।ਬਿਰਥਾ–ਬਿਅਰਥ।ਸਹਜਿ ਸੁਭਾਇ–ਸਹਿਜ ਸੁਭਾਵਕ।ਸੁਰਤਿ–ਧਿਆਨ ਨਾਲ।ਏਕ –ਇਕ ਪ੍ਰਭੂ।੨।ਆਗਲ–ਬਹੁਤ।ਕਰਿ ਕਰਿ–ਪੈਦਾ ਕਰਕੇ।੩।ਦੂਜਾ ਭਰਮ–ਦ੍ਵੈਤ ਪੈਦਾ ਕਰਨ ਵਾਲਾ ਭਰਮ।੪।
ਤਨ ਮਹਿ ਸਾਚੋ ਗੁਰਮੁਖਿ ਭਾਉ ॥ ਨਾਮ ਬਿਨਾ ਨਾਹੀ ਨਿਜ ਠਾਉ ॥ ਪ੍ਰੇਮ ਪਰਾਇਣ ਪ੍ਰੀਤਮ ਰਾਉ ॥ ਨਦਰਿ ਕਰੇ ਤਾ ਬੂਝੈ ਨਾਉ ॥੫॥ (ਜਿਨ੍ਹਾਂ ਪੁਰਖਾਂ ਨੂੰ) ਗੁਰੂ ਦੁਆਰਾ ਪ੍ਰੇਮ ਉਪਜਿਆ ਹੈ, (ਉਨ੍ਹਾਂ ਦੇ) ਸਰੀਰ ਦੇ ਵਿਚ ਸੱਚ ਪ੍ਰਭੂ ਹੈ (ਸ਼ਬਦਾਰਥ); ਸੱਚਾ ਪ੍ਰਭੂ ਸਰੀਰ ਦੇ ਅੰਦਰ ਹੀ ਹੈ, (ਪਰ ਉਸਦੀ) ਹੋਂਦ ਦਾ ਗਿਆਨ ਗੁਰੂ ਦੁਆਰਾ ਹੁੰਦਾ ਹੈ।ਨਾਮ ਸਿਮਰਨ ਤੋਂ ਬਿਨਾ ਅਪਣਾ ਅਸਲੀ ਟਿਕਾਣਾ (ਵਾਹਿਗੁਰੂ ਦਾ ਦਰ) ਪ੍ਰਾਪਤ ਨਹੀਂ ਹੁੰਦਾ।ਉਹ ਪਿਆਰਾ ਹਰੀ ਰਾਜਾ ਪ੍ਰੇਮ ਦੇ ਅਧੀਨ ਹੈ।ਨਾਮ ਨੂੰ (ਉਹ ਮਨੁੱਖ) ਬੁਝਦਾ ਹੈ, (ਜਿਸ ਉਤੇ ਪ੍ਰਭੂ) ਮੇਹਰ ਦੀ ਨਜਰ ਕਰਦਾ ਹੈ।੫।
ਮਾਇਆ ਮੋਹੁ ਸਰਬ ਜੰਜਾਲਾ ॥ ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥ ਸਤਿਗੁਰੁ ਸੇਵੇ ਚੂਕੈ ਜੰਜਾਲਾ ॥ ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ ਮਾਇਆ ਦਾ ਮੋਹ ਸਾਰਾ ਜੰਜਾਲ ਰੂਪ ਹੈ।(ਇਸ ਵਿਚ ਫਸੇ ਹੋਏ) ਮਨਮੁਖ ਗੰਦੇ, ਬਦਨਾਮ ਤੇ ਡਰਾਉਣੇ ਹਨ।(ਜੇ ਅਜੇਹਾ ਮਨਮੁਖ ਵੀ) ਸਤਿਗੁਰੂ ਦੀ ਸੇਵਾ ਕਰੇ (ਤਾਂ ਉਸਦੇ) ਜੰਜਾਲ ਦੂਰ ਹੋ ਸਕਦੇ ਹਨ।(ਕਿਉਂਕਿ) ਸੁਖ ਦੇਣ ਦੇਣ ਵਾਲਾ ਅੰਮ੍ਰਿਤ ਨਾਮ ਨਾਲ ਹੋ ਕੇ ਮੱਦਦ ਕਰਦਾ ਹੈ; (ਰਿਦੇ ਵਿਚ) ਸੁਖ ਦੇਣ ਵਾਲਾ ਅੰਮ੍ਰਿਤ ਨਾਮ ਰੂਪ ਨਾਲਾ (ਪ੍ਰਵਾਹ) ਚਲ ਪੈਂਦਾ ਹੈ।੬।
ਗੁਰਮੁਖਿ ਬੂਝੈ ਏਕ ਲਿਵ ਲਾਏ ॥ਨਿਜ ਘਰਿ ਵਾਸੈ ਸਾਚਿ ਸਮਾਏ ॥ ਜੰਮਣੁ ਮਰਣਾ ਠਾਕਿ ਰਹਾਏ ॥ ਪੂਰੇ ਗੁਰ ਤੇ ਇਹ ਮਤਿ ਪਾਏ ॥੭॥ ਗੁਰਮੁਖ ਨਾਮ ਨੂੰ ਬੁੱਝਦਾ ਹੈ ਅਤੇ ਇਕ ਵਾਹਿਗੁਰੂ ਵਿਚ ਲਿਵ ਲਗਾਉਂਦਾ ਹੈ।(ਉਹ) ਨਿਜ ਸਰੂਪ ਵਿਚ ਜਾ ਵਸਦਾ ਹੈ ਅਤੇ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।(ਪ੍ਰਭੂ ਉਸਦਾ) ਜਨਮ ਮਰਣ ਰੋਕ ਰਖਦਾ ਹੈ ਭਾਵ ਮੁਕਾ ਦੇਂਦਾ ਹੈ।ਇਹ ਮੱਤ (ਉਹ) ਪੂਰੇ ਗੁਰੂ ਤੋਂ ਪ੍ਰਾਪਤ ਕਰਦਾ ਹੈ।੭।
ਅੰਗ ੨੨੩ = ਕਥਨੀ ਕਥਉ ਨ ਆਵੈ ਓਰੁ ॥ ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥ ਦੁਖੁ ਸੁਖੁ ਭਾਣੈ ਤਿਸੈ ਰਜਾਇ ॥ ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥ (ਮੈਂ ਪ੍ਰਭੂ ਦੀਆਂ) ਕਥਨੀਆਂ ਕਥਦਾ ਹਾਂ, (ਪਰ ਫਿਰ ਵੀ ਉਸਦੀ ਕਥਾ ਦਾ) ਅੰਤ ਨਹੀਂ ਆਉਂਦਾ।ਗੁਰੂ ਨੂੰ ਪੁਛ ਕੇ ਦੇਖਿਆ (ਪ੍ਰਭੂ ਤੋਂ ਬਿਨਾ ਸੁਖ ਦੇਣ ਵਾਲਾ ਕੋਈ) ਹੋਰ ਦਰ ਨਹੀਂ ਹੈ।ਨਿਮਾਣਾ ਨਾਨਕ ਧਿਆਨ ਨਾਲ ਕਹਿ ਰਿਹਾ ਹੈ ਕਿ ਉਸ ਪ੍ਰਭੂ ਦੇ ਭਾਣੇ ਵਿਚ ਤੇ ਹੁਕਮ ਅਨੁਸਾਰ ਹੀ ਸਖ ਤੇ ਦੁਖ ਮਿਲਦੇ ਹਨ।੮।੪।
ਪਦਾਰਥ = ਸਾਚੋ–ਸੱਚਾ ਪ੍ਰਭੂ।ਭਾਉ–ਪ੍ਰੇਮ; ਹੋਂਦ।ਨਿਜ ਠਾਉ–ਅਪਣਾ ਅਸਲੀ ਟਿਕਾਣਾ; ਪ੍ਰਭੂ ਦੀ ਹਜੂਰੀ।ਪਰਾਇਣ–ਆਸਰਾ; ਅਧੀਨ।ਪ੍ਰੀਤਮ ਰਾਉ–ਪਿਆਰਾ ਹਰੀ ਰਾਜਾ।੫।ਸਰਬ–ਸਾਰਾ।ਜੰਜਾਲਾ–ਬੰਧਨ ਰੂਪ।ਕੁਚੀਲ–ਗੰਦਾ।ਕੁਛਿਤ–ਬਦਨਾਮ; ਨਿੰਦਿਤ।ਬਿਕਰਾਲਾ–ਡਰਾਉਣਾ।ਨਾਲਾ–ਸਾਥ; ਪਾਣੀ ਦਾ ਪ੍ਰਵਾਹ।੬।ਏਕ–ਇਕ ਪ੍ਰਭੂ ਵਿਚ।ਨਿਜ ਘਰਿ–ਸ੍ਵੈ ਸਰੂਪ।ਸਾਚਿ–ਸੱਚੇ ਪ੍ਰਭੂ

ਵਿਚ। ਸਮਾਏ–ਲੀਨ ਹੁੰਦਾ ਹੈ। ਠਾਕਿ ਰਹਾਏ–ਰੋਕ (ਮੁਕਾ) ਦੇਂਦਾ ਹੈ। ਤੇ–ਤੋਂ। ਮਤਿ–ਸਿਖਿਆ; ਸਮਝ।੭। ਕਥਨੀ–ਕਥਾ। ਕਥਉ–ਬਿਆਨ ਕਰਦਾ ਹਾਂ। ਓਰੁ–(ਓੜਕ) ਅੰਤ। ਦਰੁ–ਦਰਵਾਜਾ। ਰਜਾਇ–ਹੁਕਮ ਅਨੁਸਾਰ। ਨੀਚੁ–ਨਿਮਾਣਾ; ਨਾਚੀਜ।੮।੪।

ਗਉੜੀ ਮਹਲਾ ੧ ॥ ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥ ਇਕ ਵਾਹਿਗੁਰੂ ਤੋਂ ਬਿਨਾ ਦੂਜੀ (ਦੁਐਤ ਭਾਵ ਦੂਜਾਪਣ ਹੀ) ਮਾਇਆ ਹੈ, ਜਿਸ ਨੇ ਜੀਵਾਂ ਦੇ ਚਿਤ ਵਿਚ ਵਾਸਾ ਕੀਤਾ ਹੋਇਆ ਹੈ।(ਮਾਇਆ ਤੋਂ ਪੈਦਾ ਹੋਏ) ਕਾਮ ਕ੍ਰੋਧ ਤੇ ਹੰਕਾਰ (ਆਦਿਕ ਵਿਕਾਰ ਲੋਕਾਂ ਦਾ ਆਤਮਕ ਜੀਵਨ) ਨਾਸ ਕਰ ਦੇਂਦੇ ਹਨ।੧।

ਦੂਜਾ ਕਉਣੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ਰਹਾਉ॥ (ਵਾਹਿਗੁਰੂ ਤੋਂ ਬਿਨਾ) ਦੂਜਾ ਕੌਣ ਹੈ? (ਮੈਂ ਕਿਸ ਨੂੰ ਦੂਜਾ) ਆਖਾਂ? (ਗਿਆਨ ਦ੍ਰਿਸਟੀ ਨਾਲ ਦੇਖੀਏ ਤਾਂ ਵਾਹਿਗੁਰੂ ਤੋਂ ਬਿਨਾ ਦੂਜਾ) ਕੋਈ ਨਹੀਂ।(ਕਿਉਂਕਿ) ਸਾਰੇ ਜੀਵਾਂ ਵਿਚ ਉਹ ਹੀ ਇਕ ਵਾਹਿਗੁਰੂ ਵਸਦਾ ਹੈ, ਜੋ ਮਾਇਆ ਤੋਂ ਰਹਿਤ ਹੈ।੧।ਰਹਾਉ।

ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥ ਦੁਐਤ ਵਾਲੀ ਖੋਟੀ ਮੱਤ ਕਰਕੇ (ਮਨੁੱਖ ਅਪਣੇ ਆਪ ਨੂੰ ਵਾਹਿਗੁਰੂ ਤੋਂ) ਦੂਜਾ ਭਾਵ ਭਿੰਨ ਆਖਦਾ ਹੈ (ਸ੍ਰੇਸਟ ਮਤ ਦੇ ਉਲਟ ਦੂਜੀ ਦੁਰਮੱਤ ਹੈ, ਇਸ ਵਿਚ ਲਗ ਕੇ ਮਨੁੱਖ, ਜੀਵ ਤੇ ਬ੍ਰਹਮ ਨੂੰ ਦੋ ਦਸਦਾ ਹੈ। ਜਿਸ ਕਰਕੇ ਮਨੁੱਖ) ਆਉਂਦਾ ਜਾਂਦਾ ਤੇ ਮਰਦਾ ਰਹਿੰਦਾ ਹੈ, (ਇਸ ਤਰ੍ਹਾਂ ਉਹ ਰੱਬ ਤੋਂ) ਦੂਜਾ ਹੁੰਦਾ ਜਾਂਦਾ ਹੈ ਭਾਵ ਉਸਦੀ ਵਿਥ ਸਦਾ ਬਣੀ ਰਹਿੰਦੀ ਹੈ, ਰੱਬ ਨਾਲ ਮਿਲ ਕੇ ਕਦੇ ਇਕ ਨਹੀਂ ਹੋ ਸਕਦਾ।੨।

ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥ (ਗੁਰੂ ਜੀ ਆਖਦੇ ਹਨ ਕਿ ਮੈਂ ਇਕ ਰੱਬ ਤੋਂ ਬਿਨਾ) ਧਰਤੀ ਤੇ ਅਕਾਸ਼ ਵਿਚ ਦੂਜਾ ਦੇਖਦਾ ਹੀ ਨਹੀਂ। ਸਾਰੇ ਇਸਤ੍ਰੀਆਂ ਤੇ ਪੁਰਖਾਂ ਵਿਚ (ਇਕ ਵਾਹਿਗੁਰੂ ਦਾ ਹੀ) ਪ੍ਰਕਾਸ਼ ਹੈ।੩।

ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥ ਚੰਦ ਸੂਰਜ ਦੇ ਦੀਵਿਆਂ ਵਿਚ (ਮੈਂ ਰੱਬ ਦੀ) ਜੋਤ ਦੇਖਦਾ ਹਾਂ; ਸੂਰਜ, ਚੰਦ ਤੇ ਦੀਵਿਆਂ ਦਾ ਚਾਨਣਾ ਮੈਂ ਦੇਖਦਾ ਹਾਂ। ਬਾਲਾ ਪ੍ਰੀਤਮ ਸਭ ਦੇ ਅੰਦਰ ਇਕ ਰਸ ਵਰਤ ਰਿਹਾ ਹੈ।੪।

ਪਦਾਰਥ = ਦੂਜੀ–ਦੁਐਤ; ਦੂਜਾਪਣ ਪੈਦਾ ਕਰਨ ਵਾਲੀ; ਵਾਹਿਗੁਰੂ ਤੋਂ ਵਿੱਥ ਬਣਾਉਣ ਵਾਲੀ। ਜਗਤ–ਜੀਵਾਂ ਦੀ।੧। ਦੂਜਾ–ਰੱਬ ਤੋਂ ਬਿਨਾ ਕੋਈ ਦੂਜਾ ਹੋਰ। ਕਹਾ–ਮੈਂ ਕਹਾਂ (ਆਖਾਂ)। ਨਿਰੰਜਨੁ–ਮਾਇਆ ਤੋਂ ਨਿਰਲੇਪ ਵਾਹਿਗੁਰੂ। ਸੋਈ–ਉਹ ਹੀ।੧। ਦੁਰਮਤਿ–ਖੋਟੀ ਬੁੱਧੀ। ਦੋਇ–ਦੁਐਤ (ਰੱਬ ਤੋਂ ਬਿਨਾ ਹੋਰ ਹਸਤੀ ਦੀ ਹੋਂਦ)।੨। ਧਰਣਿ–ਧਰਤੀ ਵਿਚ। ਗਗਨ–ਅਕਾਸ਼। ਨਾਰੀ–ਇਸਤ੍ਰੀ। ਸਬਾਈ–ਸਾਰੇ। ਲੋਇ–ਸੱਤਾ; ਪ੍ਰਕਾਸ਼; ਦੁਨੀਆਂ ਵਿਚ।੩। ਰਵਿ–ਸੂਰਜ। ਸਸਿ–ਚੰਦ। ਉਜਿਆਲਾ–ਪ੍ਰਕਾਸ਼। ਨਿਰੰਤਰਿ–ਲਗਾਤਾਰ; ਇਕ ਸਾਰ (ਇਕੋ ਜਿਹਾ)। ਪ੍ਰੀਤਮ ਬਾਲਾ–ਮਹਾਨ ਪ੍ਰਭੂ; ਸਦਾ ਬਹਾਰ ਪ੍ਰਭੂ।੪।

ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋਕਉ ਏਕੁ ਬੁਝਾਇਆ ॥੫॥ ਸਤਿਗੁਰੂ ਨੇ ਮੈਨੂੰ ਇਕ ਪ੍ਰਭੂ ਸਮਝਾ (ਇਕ ਵਾਹਿਗੁਰੂ ਦਾ ਗਿਆਨ) ਦਿਤਾ ਹੈ। ਅਤੇ ਕਿਰਪਾ ਕਰਕੇ ਮੇਰਾ ਚਿਤ (ਵਾਹਿਗੁਰੂ ਨਾਲ) ਜੋੜ ਦਿਤਾ ਹੈ।੫।

ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥ ਗੁਰੂ ਦੁਆਰਾ ਮੈਂ ਮਾਇਆ ਤੋਂ ਨਿਰਲੇਪ ਇਕ ਵਾਹਿਗੁਰੂ ਨੂੰ ਜਾਣ ਲਿਆ ਹੈ।(ਕਿਵੇਂ ਜਾਣਿਆ ਹੈ? ਗੁਰੂ ਦੇ) ਸ਼ਬਦ ਦੁਆਰਾ ਦੂਜਾਪਣ ਮਾਰ ਕੇ (ਇਕ ਵਾਹਿਗੁਰੂ ਨੂੰ) ਪਛਾਣਿਆ ਹੈ।੬।

ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥ ਸਾਰੀ ਲੋਕਾਈ ਵਿਚ ਇਕੋ ਵਾਹਿਗੁਰੂ ਦਾ ਹੁਕਮ ਵਰਤ ਰਿਹਾ ਹੈ।(ਇਸ ਦਿਸਦੇ) ਸਾਰੇ ਜਗਤ ਦੀ ਉਤਪਤੀ ਇਕੋ ਵਾਹਿਗੁਰੂ ਤੋਂ ਹੋਈ ਹੈ।੭।

ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ (ਭਾਵੇਂ) ਰਸਤੇ ਦੋ (ਮਨਮੱਤ ਤੇ ਦੁਰਮਤ) ਹਨ, ਪਰ ਦੋਹਾਂ ਦਾ ਮਾਲਕ ਇਕ ਵਾਹਿਗੁਰੂ ਨੂੰ ਸਮਝੋ। ਗੁਰੂ ਦੇ ਹੁਕਮ ਦੁਆਰਾ (ਜਗਤ ਵਿਚ ਵਾਹਿਗੁਰੂ ਦੇ ਚਲ ਰਹੇ) ਹੁਕਮ ਨੂੰ ਪਛਾਣ ਲਵੋ।੮।

ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥੯॥ ਸਾਰੇ ਰੂਪ (ਅਕਾਰ), ਰੰਗ (ਕਾਲਾ ਪੀਲਾ ਆਦਿ) ਮਨ ਵਿਚ ਹੀ ਹਨ (ਸਾਡੇ ਮਨ ਦੀ ਅਵਸਥਾ ਦੇ ਕਾਰਣ ਸਾਨੂੰ ਪ੍ਰਤੀਤ ਹੁੰਦੇ ਹਨ)। ਗੁਰੂ ਜੀ ਆਖਦੇ ਹਨ ਕਿ ਮੈਂ ਇਕ ਵਾਹਿਗੁਰੂ ਨੂੰ ਹੀ ਸਲਾਹੁੰਦਾ ਹਾਂ। ਜੋ ਸਾਰੇ ਅਕਾਰਾਂ, ਚਾਰੇ ਵਰਨਾਂ ਤੇ ਸਾਰੇ (ਜੀਵਾਂ ਦੇ) ਮਨਾਂ ਵਿਚ ਵਿਆਪਕ ਹੈ (ਦਰਪਣ)।੯।੫।

ਪਦਾਰਥ = ਲਾਇਆ–ਲਗਾ (ਜੋੜ) ਦਿਤਾ। ਮੋਕਉ–ਮੈਨੂੰ। ਬੁਝਾਇਆ–ਸਮਝਾ ਦਿਤਾ।੫। ਜਾਤਾ–ਜਾਣਿਆ ਹੈ। ਸਬਦਿ–ਸ਼ਬਦ ਦੁਆਰਾ। ਪਛਾਤਾ–ਪਛਾਣਿਆ।੬। ਲੋਈ–ਲੋਕਾਈ (ਦੁਨੀਆਂ) ਵਿਚ। ਏਕਸੁ ਤੇ–ਇਕ ਵਾਹਿਗੁਰੂ ਤੋਂ। ਓਪਤਿ–ਉਤਪਤੀ।੭। ਰਾਹ

All Rights Reserved by Harjinder Singh Gyani | www.GuruGranthVakhyaan.org

ਦੋਵੇ-ਦੋ ਰਸਤੇ (ਗੁਰਮਤਿ ਤੇ ਮਨਮਤਿ ਦਾ; ਮਾਇਆ ਤੇ ਵਾਹਿਗੁਰੂ ਪ੍ਰੀਤ ਦਾ; ਗੁਰਮੁਖ ਤੇ ਮਨਮੁਖਤਾ ਦਾ) ਲਿਵ ਧਾਤੁ ਦੁਇ ਰਾਹ ਹੈ (੮੭)। ਖਸਮੁ-ਮਾਲਕ। ੮। ਰੂਪ-ਅਕਾਰ। ਵਰਨ-(ਕਾਲੇ ਪੀਲੇ ਆਦਿ) ਰੰਗਾਂ ਵਿਚ; ਚਾਰੇ ਵਰਨਾਂ ਵਿਚ। ਮਨ ਮਾਹੀ-ਮਨ ਵਿਚ। ਸਾਲਾਹੀ-ਮੈਂ ਸਲਾਹੁੰਦਾ ਹਾਂ। ੯। ੫।

ਵਿਆਖਿਆ = ਇਸ ਸ਼ਬਦ ਵਿਚ ਦਸਿਆ ਹੈ ਕਿ ਵਾਹਿਗੁਰੂ ਦਾ ਹੁਕਮ ਸਾਰੇ ਵਰਤ ਰਿਹਾ ਹੈ। ਉਸ ਨੂੰ ਨਾ ਬੁਝਣ ਦੇ ਕਾਰਣ ਮਨੁੱਖ ਭਰਮ ਵਿਚ ਪੈ ਜਾਂਦਾ ਹੈ ਤੇ ਉਸ ਲਈ ਇਕ ਵਾਹਿਗੁਰੂ ਤੋਂ ਬਿਨਾ ਸਭ ਕੁਝ ਦੂਜਾ ਹੋ ਜਾਂਦਾ ਹੈ। ਅਸਲ ਵਿਚ ਦੂਜਾ ਹੈ ਹੀ ਕੋਈ ਨਹੀਂ। ਪਹਿਲੀ ਤੁਕ ਵਿਚ ਦਸਿਆ ਹੈ ਕਿ ਮਾਇਆ ਨੇ ਜਗਤ ਦੇ ਚਿਤ ਵਿਚ ਵਾਸ ਕੀਤਾ ਹੈ ਤੇ ਭਰਮ ਰੂਪ ਹੋ ਕੇ ਜੀਵ ਲਈ ਦੂਜੀ ਹੋ ਖਲੋਤੀ ਹੈ। ਮਾਇਆ ਹੀ ਕਾਮਾਦਿਕਾਂ ਦਾ ਰੂਪ ਧਾਰ ਕੇ ਜੀਵ ਨੂੰ ਨਾਸ਼ ਕਰਦੀ ਹੈ। (ਸ਼ਬਦਾਰਥ)। ਇਕ ਵਾਹਿਗੁਰੂ ਸੱਤ ਸਰੂਪ ਹੈ, ਦੂਜਾ ਉਸ ਵਰਗਾ ਸੱਤ ਸਰੂਪ ਕੋਈ ਨਹੀਂ। ਦੂਜਾ ਕਿਸ ਨੂੰ ਆਖਾਂ? ਹੁਣ ਪ੍ਰਸ਼ਨ ਹੈ ਕਿ ਦੂਜਾ ਇਹ ਜਗਤ, ਮਾਇਆ ਜਾਂ ਪਸਾਰਾ ਪ੍ਰਤੱਖ ਦਿਸਦਾ ਹੈ। ਤਾਂ ਉਤਰ ਦੇਂਦੇ ਹਨ ਕਿ ਗਿਆਨਵਾਨ ਪੁਰਖ ਦੀ ਬੁੱਧੀ ਇਹ ਨਹੀਂ ਆਖਦੀ ਕਿ ਦੋ ਹਨ। ਖੋਟੀ ਬੁੱਧੀ ਵਾਲਾ ਆਖਦਾ ਹੈ ਕਿ ਦੋ ਹਨ, ਕਿਉਕਿ ਉਹ ਹਉਂ ਦੇ ਵਸ ਹੋ ਕੇ ਇਕ ਨੂੰ ਨਹੀਂ ਦੇਖ ਸਕਦਾ ਤੇ ਦੂਜਾ ਦੇਖਦਾ ਹੈ। ਵਾਸਤਵ ਵਿਚ ਇਕੋ ਹੀ ਹੈ {ਬ੍ਰਹਮੁ ਦੀਸੈ ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ। ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀ ਜਾਣੀਐ ੮੪੬}। ਜਿਸ ਮਨੁੱਖ ਕੋਲ ਗਿਆਨ ਦ੍ਰਿਸਟੀ ਨਹੀ, ਉਹ ਦੁਐਤ ਵਿਚ ਹੁੰਦਾ ਹੈ, ਅਜੇਹਾ ਮਨੁੱਖ ਇਕ ਤੋਂ ਵਿਥ ਤੇ ਰਹਿੰਦਾ ਹੈ ਅਤੇ ਦੂਈ ਵਾਲੀ ਭਾਵਨਾ ਵਿਚ ਬਾਰ ਬਾਰ ਜੰਮਦਾ ਮਰਦਾ ਰਹਿੰਦਾ ਹੈ। ਸਰਬ ਵਿਚ ਇਕ ਨੂੰ ਦੇਖਣ ਵਾਲਾ ਇਕ ਵਿਚ ਸਮਾ ਜਾਂਦਾ ਹੈ। ਅਜੇਹੀ ਗਿਆਨ ਦ੍ਰਿਸਟੀ ਸਤਿਗੁਰੂ ਬਖਸ਼ਦਾ ਹੈ, ਜਗਤ ਪਸਾਰੇ ਵਿਚ ਜੋ ਦੂਜਾ ਭਾਸਦਾ ਸੀ, ਹੁਣ ਕੇਵਲ ਇਕ ਦਿਸ ਰਿਹਾ ਹੈ {ਏਕ ਮਹਿ ਸਰਬ ਸਰਬ ਮਹਿ ਏਕਾ, ਇਹ ਸਤਿਗੁਰਿ ਦੇਖਿ ਦਿਖਾਈ ੯੦੭}। ਇਹ ਜੋ ਦੂਜਾ ਦਿਸ ਰਿਹਾ ਜਗਤ ਹੈ, ਇਹ ਵੀ ਪ੍ਰਭੂ ਦੇ ਹੁਕਮ ਕਰਕੇ ਹੀ ਦਿਸਦਾ ਹੈ, ਕਿਉਂਕਿ ਇਹ ਉਸਦੀ ਪੈਦਾ ਕੀਤੀ ਖੇਡ ਹੈ {ਤੁਧੁ ਆਪੇ ਆਪੁ ਉਪਾਇਆ। ਦੂਜਾ ਖੇਲੁ ਕਰਿ ਦਿਖਲਾਇਆ ੭੩}। ਰਸਤੇ ਭਾਵੇਂ ਦੋ ਹਨ, ਇਕ ਰਸਤਾ ਇਕ ਨੂੰ ਦੇਖਣ ਦਾ ਤੇ ਦੂਜਾ ਦਿਸਦੇ ਪਸਾਰੇ ਦਾ, ਪਦਾਰਥਾਂ ਤੇ ਮਾਇਆ ਵਿਚ ਲਗਣ ਦਾ। ਪਰ ਦੋਹਾਂ ਦਾ ਮਾਲਕ ਇਕੋ ਹੈ, ਦੋਹਾਂ ਰਾਹਾਂ ਦੀ ਉਤਪਤੀ ਉਸ ਵਾਹਿਗੁਰੂ ਦੇ ਹੁਕਮ ਨਾਲ ਹੋਈ ਹੈ, ਇਸ ਕਰਕੇ ਇਹ ਪੈਦਾ ਕੀਤਾ ਪਸਾਰਾ ਵਾਹਿਗੁਰੂ ਤੋਂ ਦੂਜਾ (ਭਿੰਨ) ਨਹੀ। ਸਾਰੇ ਰੂਪ ਰੰਗ ਦੇ ਪਸਾਰੇ ਜੋ ਦੂਜੇ ਹੋ ਕੇ ਦਿਸਦੇ ਹਨ, ਇਹ ਸਾਡੇ ਮਨ ਵਿਚ ਹੀ ਹਨ ਤੇ ਵਖਰੇ ਦਿਸਦੇ ਹਨ। ਅਸਲ ਵਿਚ ਸਾਰੇ ਰੂਪ ਰੰਗ ਇਕੋ ਵਾਹਿਗੁਰੂ ਦੇ ਹੀ ਹਨ {ਏਕਸੁ ਤੇ ਸਭਿ ਰੂਪ ਹਹਿ ਰੰਗਾ। ...ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ੧੬੦}। ਏਕਮੁ ਏਕੈ ਆਪੁ ਉਪਾਇਆ। ਦੁਬਿਧਾ ਦੂਜਾ ਤ੍ਰਿਬਿਧਿ ਮਾਇਆ। (੧੧੩)

ਗਉੜੀ ਮਹਲਾ ੧ ॥ ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥ (ਕਥਨੀ ਮਾਤ੍ਰ ਨਾਲ ਹੀ ਕੋਈ ਸੱਚਾ ਜੋਗੀ ਨਹੀਂ ਬਣ ਜਾਂਦਾ) ਆਤਮਕ ਉਨਤੀ ਲਈ ਅਤੇ ਪ੍ਰਭੂ ਪ੍ਰਾਪਤੀ ਦੇ ਕਰਮ ਕਰੇ ਤਾਂ ਸਚਾ ਜੋਗੀ ਬਣਦਾ ਹੈ। ਸ਼ਰਧਾ ਹੀਣ ਮਨੁੱਖ ਮੁਕਤੀ ਦੇ ਭੇਦ ਨੂੰ ਕੀ ਸਮਝ ਸਕਦਾ ਹੈ? ਭਾਵ ਨਹੀਂ ਸਮਝ ਸਕਦਾ। ੧।

ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ਰਹਾਉ॥ (ਜਿਹੜਾ ਜੋਗੀ) ਪੰਜ ਕਾਮਾਦਿਕਾਂ ਨੂੰ ਮਾਰ ਕੇ ਸੱਚੇ ਨਾਮ ਨੂੰ ਹਿਰਦੇ ਵਿਚ ਟਿਕਾਉਂਦਾ ਹੈ। ਅਜੇਹਾ ਜੋਗੀ ਵਾਹਿਗੁਰੂ ਵਿਚ ਜੁੜਨ ਦੀ ਜੁਗਤੀ ਵਿਚਾਰਦਾ ਹੈ। ੧। ਰਹਾਉ।

ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ ਜਿਸ ਮਨੁੱਖ ਦੇ ਹਿਰਦੇ ਅੰਦਰ (ਗੁਰੂ) ਸਚਾ ਨਾਮ ਵਸਾ ਦੇਂਦਾ ਹੈ। (ਉਹ ਪੁਰਖ) ਜੋਗ ਦੀ ਜੁਗਤੀ ਦੀ ਕੀਮਤ (ਕਦਰ) ਪਾਉਂਦਾ ਹੈ। ੨।

ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥ (ਅਜੇਹੇ ਜੋਗੀ ਨੂੰ) ਸੂਰਜ ਤੇ ਚੰਦ (ਤਪਸ਼ ਤੇ ਠੰਢ), ਘਰ ਤੇ ਜੰਗਲ ਇਕੋ ਜਿਹੇ ਦਿਸਦੇ ਹਨ; ਸੂਰਜ ਵਿਚ, ਚੰਦ ਵਿਚ, ਘਰ ਵਿਚ, ਉਜਾੜ ਵਿਚ ਇਕ ਵਾਹਿਗੁਰੂ ਦਾ ਹੀ ਪ੍ਰਕਾਸ਼ ਨਜਰ ਆਉਂਦਾ ਹੈ। ਪ੍ਰਭੂ ਦੀ ਸਿਫਤ ਸਲਾਹ ਦੀ ਕਰਨੀ (ਉਸ ਲਈ) ਸਧਾਰਨ ਕਰਮਾਂ ਦੇ ਸਮਾਨ ਹੈ (ਰੱਬ ਦਾ ਜਸ ਤੇ ਘਰ ਦੇ ਸਧਾਰਨ ਕਰਮ ਇਕ ਬਰਾਬਰ ਕਰਦਾ ਹੈ ਭਾਵ ਰੱਬੀ ਜਸ ਘਰੇਲੂ ਕਰਮ ਬਣ ਗਿਆ। ੩।

ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ (ਉਹ) ਇਕੋ ਸ਼ਬਦ ਦਾ ਅਭਿਆਸ ਕਰਦਾ ਹੈ ਅਤੇ ਇਕ ਨਾਮ ਦੀ ਹੀ ਭਿਖਿਆ ਮੰਗਦਾ ਹੈ (ਦਰ ਦਰ ਮੰਗਦਾ ਨਹੀਂ ਫਿਰਦਾ। ਜਿਸ ਕਰਕੇ ਉਸ ਦੇ ਅੰਦਰ) ਸਚ ਜਾਗ ਪੈਂਦਾ

All Rights Reserved by Harjinder Singh Gyani | www.GuruGranthVakhyaan.org

ਹੈ (ਜਿਸ ਤੋਂ ਉਸ ਜੋਗੀ ਨੂੰ) ਰੱਬੀ ਗਿਆਨ, ਰੱਬ ਦਾ ਧਿਆਨ ਤੇ ਜੋਗ ਦੀ ਜੁਗਤੀ ਸੁਤੇ ਹੀ ਪ੍ਰਾਪਤ ਹੋ ਜਾਂਦੀ ਹੈ।੪।

ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥ (ਉਹ ਜੋਗੀ ਪ੍ਰਭੂ ਦੇ) ਭੈ ਵਿਚ ਰਚਿਆ ਰਹਿੰਦਾ ਹੈ ਤੇ (ਭੈ ਤੋਂ) ਬਾਹਰ ਨਹੀਂ ਜਾਂਦਾ।(ਅਜੇਹੇ ਜੋਗੀ ਦੀ) ਕੀਮਤ ਕੌਣ ਪਾ ਸਕਦਾ ਹੈ? (ਜਿਹੜਾ ਪ੍ਰਭੂ ਵਿਚ) ਲਿਵ ਲਾ ਰਿਹਾ ਹੈ।੫।

ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥ (ਜਿਸ ਨੂੰ ਪ੍ਰਭੂ ਗੁਰੂ ਨਾਲ) ਆਪੇ ਮਿਲਾ ਦੇਂਦਾ ਹੈ (ਅਤੇ ਉਸ ਜੋਗੀ ਦਾ) ਭਰਮ ਵੀ ਦੂਰ ਕਰ ਦੇਂਦਾ ਹੈ।(ਉਹ ਜੋਗੀ) ਗੁਰੂ ਦੀ ਕ੍ਰਿਪਾ ਨਾਲ ਪਰਮ ਪਦ ਪਾ ਲੈਂਦਾ ਹੈ।੬।

ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥ (ਅਜੇਹਾ ਜੋਗੀ) ਗੁਰੂ ਦੀ ਸੇਵਾ ਕਰਦਾ ਹੈ ਤੇ (ਗੁਰੂ ਦੇ) ਸ਼ਬਦ ਨੂੰ ਅਪਣੀ ਵਿਚਾਰ ਬਣਾਉਂਦਾ ਹੈ।(ਸ਼ਬਦ ਦੀ ਵਿਚਾਰ ਕਰਕੇ) ਹਉਮੈ ਨੂੰ ਮਾਰਦਾ ਹੈ, (ਇਹ ਜੋਗੀ ਦੀ) ਉਤਮ ਕਰਣੀ ਹੈ।੭।

ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਅਜੇਹੇ ਜੋਗੀ ਲਈ) ਬੇਅੰਤ ਪ੍ਰਭੂ ਨੂੰ ਮੰਨ ਲੈਣਾ ਹੀ ਜਪ ਤਪ ਸੰਜਮ, ਧਰਮ ਗ੍ਰੰਥਾਂ ਦਾ ਪਾਠ ਤੇ ਪੁਰਾਣ ਆਦਿ ਹਨ।੮।੬।

ਪਦਾਰਥ = ਅਧਿਆਤਮ ਕਰਮ–ਆਤਮਕ ਉਨਤੀ (ਜਾਂ ਰੱਬ ਦੀ ਪ੍ਰਾਪਤੀ) ਲਈ ਕੀਤੇ ਜਾਣ ਵਾਲੇ ਕਰਮ।ਭੇਦੁ–ਗੁੱਝੀ ਗੱਲ।ਕਾਚਾ–ਸ਼ਰਧਾ ਹੀਣ (ਜਿਸ ਨੂੰ ਭਰੋਸਾ ਨਹੀਂ); ਅਗਿਆਨੀ।੧।ਜੁਗਤਿ–ਤਰੀਕਾ; ਜੀਵਨ ਜਾਚ।ਪੰਚ–ਪੰਜ ਕਾਮਾਦਿਕ।ਉਰਿ–ਹਿਰਦੇ ਵਿਚ।ਧਾਰੈ–ਟਿਕਾਉਂਦਾ ਹੈ।੧।ਰਹਾਉ।ਅੰਤਰਿ–ਹਿਰਦੇ ਅੰਦਰ।ਜੋਗ ਜੁਗਤਿ–ਰੱਬ ਵਿਚ ਜੁੜਨ ਦਾ ਤਰੀਕਾ; ਜੋਗਾ ਅਭਿਆਸ। ਕੀਮਤਿ–ਕਦਰ।੨।ਰਵਿ–ਸੂਰਜ (ਤਪਸ਼; ਸੱਜੀ ਸੁਰ ਪਿੰਗਲਾ)।ਸਸਿ–ਚੰਦ (ਠੰਢ; ਖੱਬੀ ਸੁਰ ਇੜਾ)।ਗ੍ਰਿਹ–ਘਰ।ਉਦਿਆਨੈ–ਜੰਗਲ।ਸਮਾਨੈ–ਬਰਾਬਰ; ਸਮਤਾ ਦ੍ਰਿਸਟੀ; ਸ਼ਮਨ।੩।ਭਿਖਿਆ–ਖੈਰ; ਦਾਨ।ਜੁਗਤਿ–ਰਹੁ ਰੀਤੀ।ਜਾਗੈ–ਜਾਗਦਾ ਹੈ।੪।ਰਚਿ –ਜੁੜ ਕੇ; ਲੀਨ ਹੋ ਕੇ।੫।ਚੁਕਾਏ–ਦੂਰ ਕਰਦਾ ਹੈ।ਪਰਸਾਦਿ–ਕ੍ਰਿਪਾ ਨਾਲ।ਪਰਮ ਪਦੁ–ਸਭ ਤੋਂ ਉਚੀ ਆਤਮਕ ਪਦਵੀ।੬। ਮਾਰੇ–ਮਰਦਾ ਹੈ।ਸਾਰੁ–ਸ੍ਰੇਸਟ।੭।ਜਪ–ਮੰਤ੍ਰਾਂ ਦਾ ਜਾਪ।ਤਪ–ਸਰੀਰ ਨੂੰ ਤਪਾਉਣਾ।ਸੰਜਮ–ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕਣ ਦਾ ਜਤਨ।ਅਪਰੰਪਰ–ਵੰਸ਼ ਰਹਿਤ ਪ੍ਰਭੂ; ਪ੍ਰਭੂ ਜੋ ਪਰੇ ਤੋਂ ਪਰੇ ਹੈ।ਮਾਨੁ–ਮੰਨਣਾ।੮।੬।

ਕਰਣੀ ਕੀਰਤਿ ਕਰਮ ਸਮਾਨੈ = (ਅਜੇਹੇ ਜੋਗੀ ਦਾ) ਕੀਰਤਨ ਕਰਨਾ ਕਰਮ ਬਣ ਗਿਆ; ਕੀਰਤਨ ਕਰਦਿਆਂ ਸਮਤਾ ਦ੍ਰਿਸ਼ਟੀ ਬਣ ਗਈ; ਕੀਰਤੀ ਕਰਦਿਆਂ ਕਰਮ ਸ਼ਮਨ (ਨਾਸ਼ ਹੋ) ਗਏ।

ਵਿਆਖਿਆ = ਗੁਰੂ ਜੀ ਨੇ ਜੋਗ ਮੱਤ ਦੇ ਕਰਮਾਂ ਨੂੰ ਅਧਿਆਤਮਕ ਕਰਮ ਨਹੀਂ ਮੰਨਿਆ।ਜੋਗੀ ਹਠ ਕਰਮ ਸਰੀਰ ਦੀ ਪੁਸ਼ਟੀ ਤੇ ਉਮਰ ਵਧਾਉਣ ਜਾਂ ਕਰਾਮਾਤਾਂ ਪੈਦਾ ਕਰਨ ਲਈ ਕਰਦਾ ਹੈ।ਇਹ ਕਰਮ ਸਰੀਰਕ ਲਾਭ ਲਈ ਹਨ, ਆਤਮਕ ਉਨਤੀ ਲਈ ਨਹੀਂ ਹਨ।ਜੋਗ ਦਾ ਭੇਖ ਧਾਰ ਕੇ ਕਈ ਲੋਕ ਮੰਗਦੇ ਫਿਰਦੇ ਹਨ, ਕਿੰਗਰੀ ਵਜਾਉਂਦੇ ਹਨ, ਇਹ ਸਾਰੇ ਕਰਮ ਕੇਵਲ ਪੇਟ ਪਾਲਣ ਦੇ ਹਨ।ਜਿਹੜਾ ਜੋਗੀ ਪੰਜ ਕਾਮਾਦਿਕਾਂ ਨੂੰ ਕਾਬੂ ਕਰਦਾ ਹੈ, ਹਿਰਦੇ ਵਿਚ ਨਾਮ ਨੂੰ ਵਸਾਉਂਦਾ ਹੈ, ਉਹ ਸੱਚਾ ਜੋਗੀ ਹੈ।ਜਿਹੜੇ ਜੋਗੀ ਪ੍ਰਾਣਾਯਾਮ, ਨਿਉਲੀ ਕਰਮ ਕਰਦੇ ਹਨ, ਹਵਾ ਵਿਚ ਬੈਠੇ ਸਮਾਧੀ ਲਾਉਂਦੇ ਹਨ ਅਤੇ ਹੋਰ ਅਨੇਕਾਂ ਸਾਧਨ ਕਰਦੇ ਹਨ।ਅਜੇਹੇ ਜੋਗੀ ਨਾਮ ਨਾਲ ਜੁੜੇ ਜੋਗੀ ਦੀ ਕੀਮਤ ਨਹੀ ਪਾ ਸਕਦੇ।ਸੱਚੇ ਜੋਗੀ ਦੀ ਅਸਲੀ ਕਰਣੀ ਹੈ ਰਬ ਦੀ ਕੀਰਤੀ।ਉਹ ਕੀਰਤੀ ਵਾਸਤੇ ਉਹ ਕੋਈ ਜਤਨ ਨਹੀ ਕਰਦਾ, ਇਹ ਨਿਰਯਤਨ ਪ੍ਰਵਾਹ ਹੈ ਭਾਵ ਕੀਰਤੀ ਸੁਤੇ ਸਿੱਧ ਹੋ ਰਹੀ ਹੁੰਦੀ ਹੈ।ਕੀਰਤੀ ਕਰਕੇ ਉਹ ਕਿਸੇ ਫਲ ਦੀ ਇੱਛਾ ਨਹੀਂ ਕਰਦਾ।ਸੂਰਜ ਮੰਡਲ ਜਾਂ ਚੰਦ ਲੋਕ ਵਿਚ ਜਾਣ ਦੀ ਇਛਾ ਨਹੀਂ ਕਰਦਾ, ਉਸ ਨੂੰ ਬ੍ਰਹਮੰਡ ਵਿਚ ਹਰ ਥਾਂ ਇਕ ਸਮਾਨ ਦਿਸਦੀ ਹੈ।ਸੂਰਜ ਚੰਦ, ਘਰ ਤੇ ਉਜਾੜ ਵਿਚ ਇਕ ਪ੍ਰਭੂ ਨੂੰ ਵਿਆਪਕ ਜਾਣਦਾ ਹੈ।ਜੋਗ ਭੇਖ ਧਾਰ ਕੇ ਘਰ ਘਰ ਭਿਖਿਆ ਮੰਗਣੀ ਜਰੂਰੀ ਹੁੰਦੀ ਹੈ, ਸੱਚਾ ਜੋਗੀ ਕੇਵਲ ਨਾਮ ਦੀ ਭਿਖਿਆ ਮੰਗਦਾ ਹੈ।ਇਸ ਨਾਮ ਦੇ ਅਭਿਆਸ ਨਾਲ ਜੋਗੀ ਦੇ ਅੰਦਰ ਸੱਤ ਸਰੂਪ ਦਾ ਪ੍ਰਕਾਸ਼ ਹੋ ਜਾਂਦਾ ਹੈ, ਜਿਸ ਤੋਂ ਗਿਆਨ, ਧਿਆਨ ਤੇ ਜੋਗ ਦੀਆਂ ਜੁਗਤੀਆਂ ਆਪਣੇ ਆਪ ਮਿਲ ਜਾਂਦੀਆਂ ਹਨ।ਫਿਰ ਉਹ ਬਾਹਰ ਮੱਠਾਂ, ਤੀਰਥਾਂ ਤੇ ਹੋਰ ਦੇਸ਼ ਦਿਸਾਂਤ੍ਰਾਂ ਵਿਚ ਨਹੀਂ ਭੌਂਦਾ ਫਿਰਦਾ।ਉਹ ਭੈ ਵਿਚ ਰਹਿ ਕੇ ਪ੍ਰਭੂ ਵਿਚ ਲਿਵ ਜੋੜੀ ਰਖਦਾ ਹੈ।ਅਜੇਹੀ ਸਾਰੀ ਆਤਮਕ ਅਵਸਥਾ ਗੁਰੂ ਦੇ ਸ਼ਬਦ ਦੀ ਬਿਚਾਰ ਕਰਕੇ ਹਉਮੈ ਨੂੰ ਮਾਰਨ ਨਾਲ ਮਿਲਦੀ ਹੈ।ਅਖੀਰ ਵਿਚ ਦਸਦੇ ਹਨ ਕਿ ਅਜੇਹਾ ਜੋਗੀ ਪ੍ਰਭੂ ਵਿਚ ਨਿਸਚੇ ਨੂੰ ਜਪ ਤਪ, ਸੰਜਮ ਤੇ ਧਰਮ ਗ੍ਰੰਥਾਂ ਦੇ ਪਾਠ ਤੋਂ ਸ੍ਰੋਮਣੀ ਮੰਨਦਾ ਹੈ।

ਗਉੜੀ ਮਹਲਾ ੧ ॥ ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨ ਜਮ ਦੋਖੰ ॥ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥

All Rights Reserved by Harjinder Singh Gyani | www.GuruGranthVakhyaan.org

(ਜਿਸ ਜੋਗੀ ਦਾ ਜਿਕਰ ਪਿਛਲੀ ਅਸਟਪਦੀ ਵਿਚ ਕੀਤਾ ਹੈ ਉਸ ਨੇ) ਖਿਮਾ ਗ੍ਰਹਿਣ ਕੀਤੀ ਹੈ ਅਤੇ ਸ਼ਾਂਤ ਸੁਭਾਵ ਤੇ ਸੰਤੋਖ ਦਾ ਬਰਤ ਰੱਖਿਆ ਹੈ।(ਉਸ ਨੂੰ ਹੰਕਾਰ ਦਾ) ਰੋਗ ਨਹੀਂ ਲਗਦਾ ਤੇ ਨਾ ਹੀ ਜਮਾਂ ਦਾ ਦੁਖ ਲਗਦਾ ਹੈ।(ਜਿਸ ਪ੍ਰਭੂ ਦਾ ਕੋਈ) ਰੂਪ ਤੇ ਰੇਖ ਨਹੀਂ, (ਉਸ ਨੂੰ ਪ੍ਰਾਪਤ ਕਰਕੇ ਅਜੇਹੇ ਜੋਗੀ) ਮੁਕਤ ਹੋ ਗਏ ਹਨ।੧।

ਜੋਗੀ ਕਉ ਕੈਸਾ ਡਰੁ ਹੋਇ ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥੧॥ਰਹਾਉ॥ (ਜਿਸ ਜੋਗੀ ਨੂੰ) ਉਹ ਪ੍ਰਭੂ ਰੁੱਖਾਂ ਬ੍ਰਿਛਾਂ, ਘਰ ਵਿਚ ਤੇ ਬਾਹਰ ਸਭ ਜਗ੍ਹਾ ਵਿਆਪਕ ਦਿਸਦਾ ਹੈ (ਵਿਸ਼ਿਆਂ ਤੋਂ ਡਰ ਉਹ ਜੋਗੀ ਘਰ ਬਾਰ ਛਡ ਕੇ ਬਾਹਰ ਨਹੀਂ ਦੌੜ ਜਾਂਦਾ) (ਅਜੇਹੇ) ਜੋਗੀ ਨੂੰ ਕਿਸ ਤਰ੍ਹਾਂ ਦਾ ਕੋਈ ਡਰ ਹੋ ਸਕਦਾ ਹੈ? ਭਾਵ ਕੋਈ ਡਰ ਨਹੀਂ।੧।ਰਹਾਉ।

ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥੨॥ ਡਰ ਤੋਂ ਰਹਿਤ ਹੋਇਆ (ਅਜੇਹਾ) ਜੋਗੀ ਮਾਇਆ ਤੋਂ ਨਿਰਲੇਪ ਵਾਹਿਗੁਰੂ ਨੂੰ ਧਿਆਉਂਦਾ ਹੈ।ਹਰ ਰੋਜ (ਉਹ ਨਾਮ ਸਿਮਰਨ ਵਿਚ) ਜਾਗਦਾ ਹੈ ਤੇ ਸਚੇ ਪ੍ਰਭੂ ਵਿਚ ਲਿਵ ਲਾਉਂਦਾ ਹੈ।(ਗੁਰੂ ਜੀ ਆਖਦੇ ਹਨ ਕਿ) ਉਹ ਜੋਗੀ ਮੇਰੇ ਮਨ ਵਿਚ ਚੰਗਾ ਲਗਦਾ ਹੈ।੨।

ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥ ਆਪਿ ਤਰੈ ਪਿਤਰੀ ਨਿਸਤਾਰੇ ॥੩॥ (ਉਹ ਜੋਗੀ) ਬ੍ਰਹਮ ਗਿਆਨ ਦੀ ਅਗਨੀ ਨਾਲ ਕਾਲ ਰੂਪ ਜਾਲ ਨੂੰ ਸਾੜ ਦੇਂਦਾ ਹੈ।(ਉਹ) ਹੰਕਾਰ ਨੂੰ ਦੂਰ ਕਰ ਦੇਂਦਾ ਹੈ, (ਜਿਸ ਕਰਕੇ ਉਸ ਜੋਗੀ ਦਾ) ਮੌਤ ਤੇ ਬੁਢੇਪੇ ਦਾ ਦੁਖ ਨਾਸ਼ ਹੋ ਜਾਂਦਾ ਹੈ।(ਉਹ) ਆਪ ਤਰ ਜਾਂਦਾ ਹੈ ਤੇ ਪਿਤਰਾਂ ਨੂੰ ਵੀ ਤਾਰ ਲੈਂਦਾ ਹੈ।੩।

ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥੪॥ ਉਹ (ਅਸਲੀ) ਜੋਗੀ ਹੁੰਦਾ ਹੈ, (ਜਿਹੜਾ) ਸਤਿਗੁਰੂ ਦੀ ਸੇਵਾ ਕਰਦਾ ਹੈ।(ਜੋ) ਪ੍ਰਭੂ ਦੇ ਭੈ ਵਿਚ ਰਚਿਆ ਰਹਿੰਦਾ ਹੈ, ਉਹ (ਜੋਗੀ ਮੌਤ ਦੇ) ਭੈ ਤੋਂ ਰਹਿਤ ਹੋ ਜਾਂਦਾ ਹੈ।ਜਿਹੋ ਜਿਹੇ (ਇਸ਼ਟ ਦੀ ਕੋਈ) ਸੇਵਾ ਕਰਦਾ ਹੈ, (ਉਹ) ਉਹੋ ਜਿਹਾ ਹੀ ਹੋ ਜਾਂਦਾ ਹੈ (ਵਾਹਿਗੁਰੂ ਦੀ ਸੇਵਾ ਕਰਨ ਵਾਲਾ ਪੁਰਖ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ)।੪।

ਪਦਾਰਥ = ਗਹੀ–ਗ੍ਰਹਿਣ (ਧਾਰਨ) ਕੀਤੀ।ਬ੍ਰਤੁ–ਨਿਤ ਦਾ ਨਿਯਮ; ਭੋਜਨ ਨਾ ਖਾਣਾ।ਸੀਲ–ਸ਼ਾਂਤ ਸੁਭਾਵ।ਨ ਬਿਆਪੈ–ਨਹੀਂ ਲਗਦਾ।ਜਮ ਦੋਖੰ–ਜਮਾਂ ਦਾ ਦੁਖ।ਭਏ–ਹੋ ਗਏ।ਰੂਪ–ਅਕਾਰ।ਰੇਖੰ–ਚਿੰਨ੍ਹ; ਨਿਸ਼ਾਨ; ਲਕੀਰਾਂ।੧।ਰੂਖਿ–ਰੁੱਖਾਂ ਵਿਚ।ਬਿਰਖਿ–ਬ੍ਰਿਛਾਂ ਵਿਚ।ਗ੍ਰਿਹਿ–ਘਰ ਵਿਚ।ਬਾਹਰਿ–(ਘਰ ਤੋਂ) ਬਾਹਰ ਜੰਗਲਾਂ ਜਾਂ ਪਹਾੜਾਂ ਵਿਚ।ਸੋਇ–ਉਹ ਪ੍ਰਭੂ।੧।ਰਹਾਉ।ਨਿਰੰਜਨੁ–ਮਾਇਆ ਦੇ ਅਸਰ ਤੋਂ ਰਹਿਤ ਪ੍ਰਭੂ।ਅਨਦਿਨ–ਹਰ ਰੋਜ।ਜਾਗੈ–ਜਗਦਾ (ਸੁਚੇਤ) ਰਹਿੰਦਾ ਹੈ।ਲਿਵ ਲਾਵੈ–ਧਿਆਨ ਜੋੜਦਾ ਹੈ। ਸੋ–ਉਹ।ਭਾਵੈ–ਚੰਗਾ ਲਗਦਾ ਹੈ।੨।ਕਾਲੁ–ਮੌਤ ਦਾ ਦੁਖ ਜਾਂ ਡਰ।ਜਾਲੁ–(ਫਸਾਉਣ ਵਾਲਾ) ਜਾਲ।ਜਾਰੇ–ਸਾੜਦਾ ਹੈ।ਜਰਾ–ਬੁਢਾਪਾ।ਮਰਣ–ਮੌਤ (ਦਾ ਦੁਖ)।ਗਤੁ–ਨਾਸ਼ ਹੋ ਜਾਂਦਾ ਹੈ।ਗਰਬੁ–ਹੰਕਾਰ।ਨਿਵਾਰੇ–ਦੂਰ ਕਰਦਾ ਹੈ।ਪਿਤਰੀ–ਮਰੇ ਹੋਏ ਮਾਂ ਬਾਪ ਦਾਦਾ ਆਦਿ ਵੱਡੇ ਵਡੇਰਿਆਂ ਨੂੰ।ਨਿਸਤਾਰੇ–ਤਾਰ ਲੈਂਦਾ ਹੈ।੩।ਸੇਵੇ–ਸੇਵਾ ਕਰਦਾ ਹੈ।ਰਚਿ ਰਹੈ–ਰਚਿਆ ਰਹਿੰਦਾ ਹੈ।੪।

ਅੰਗ ੨੨੪ = ਨਰ ਨਿਹਕੇਵਲ ਨਿਰਭਉ ਨਾਉ ॥ ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫ ॥ ਪ੍ਰਭੂ ਦਾ ਨਾਮ ਮਨੁੱਖਾਂ ਨੂੰ ਨਿਰਭਉ ਤੇ ਪਵਿਤ੍ਰ ਕਰਨ ਵਾਲਾ ਹੈ; ਪ੍ਰਭੂ ਪਰਮ ਸ਼ੁੱਧ ਹਸਤੀ ਹੈ ਤੇ ਉਸਦਾ ਨਾਮ (ਮਨੁੱਖ ਨੂੰ) ਭੈ ਰਹਿਤ ਕਰ ਦਿੰਦਾ ਹੈ।ਅਨਾਥਾਂ ਨੂੰ (ਪ੍ਰਭੂ ਸਭ ਦਾ) ਨਾਥ ਬਣਾ ਦਿੰਦਾ ਹੈ, (ਮੈਂ ਉਸ ਤੋਂ) ਬਲਿਹਾਰ ਜਾਂਦਾ ਹਾਂ।(ਜੋ ਉਸਦੇ) ਗੁਣ ਗਾਉਂਦਾ ਹੈ, (ਉਸ ਦਾ) ਮੁੜ ਕੇ ਜਨਮ ਨਹੀਂ ਹੁੰਦਾ।੫।

ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥੬॥ (ਉਪਰ ਦਸੀ ਪ੍ਰਾਪਤੀ ਵਾਲਾ ਮਨੁੱਖ ਸਰੀਰ ਤੇ ਮਨ ਦੇ) ਅੰਦਰ ਤੇ ਬਾਹਰ (ਸਾਰੇ ਵਿਸ਼ਵ ਵਿਚ) ਇਕ ਪ੍ਰਭੂ ਨੂੰ ਵਿਆਪਕ ਜਾਣਦਾ ਹੈ।(ਉਹ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਅਪਣੇ ਆਪੇ ਨੂੰ ਪਛਾਣ ਲੈਂਦਾ ਹੈ।ਸੱਚੇ ਸ਼ਬਦ ਦੁਆਰਾ (ਉਸ ਦੇ ਸਰੀਰ) ਅੰਦਰ ਹੀ ਪ੍ਰਭੂ ਪ੍ਰਗਟ ਹੋ ਜਾਂਦਾ ਹੈ; ਸੱਚੇ ਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਦੇ) ਦਰ ਤੇ (ਪ੍ਰਵਾਨ ਹੋਣ ਦਾ ਉਸ ਦੇ ਮੱਥੇ ਤੇ) ਨਿਸ਼ਾਨ ਪੈ ਜਾਂਦਾ ਹੈ (ਬਖਸ਼ਿਸ਼ ਦਾ ਨਿਸ਼ਾਨ ਪਿਆ ਦੇਖ ਕੇ ਰੱਬ ਦੇ ਦਰ ਤੇ ਕੋਈ ਰੋਕਦਾ ਨਹੀਂ, ਪਹਿਰੇਦਾਰ ਸਨਮਾਨ ਨਾਲ ਲੰਘ ਜਾਣ ਦੇਂਦੇ ਹਨ)।੬।

ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ (ਜੋ ਮਨੁੱਖ) ਸ਼ਬਦ ਦੁਆਰਾ ਆਪਾ ਭਾਵ ਤੋਂ ਮਰਦਾ ਹੈ, (ਉਸਦਾ ਆਤਮ ਸਰੂਪ) ਨਿਜ ਘਰ ਵਿਚ ਵਾਸਾ ਹੁੰਦਾ ਹੈ।(ਉਸਦੀ) ਆਸਾ ਮੁਕ ਜਾਂਦੀ ਹੈ

All Rights Reserved by Harjinder Singh Gyani | www.GuruGranthVakhyaan.org

(ਇਸ ਕਰਕੇ ਉਹ) ਜੰਮਦਾ ਮਰਦਾ ਨਹੀਂ। ਗੁਰੂ ਦੇ ਸ਼ਬਦ ਦੁਆਰਾ (ਉਸਦਾ) ਹਿਰਦਾ ਕਮਲ ਖਿੜ ਜਾਂਦਾ ਹੈ।੭।
ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥ (ਜਗਤ ਵਿਚ ਜੋ ਵੀ ਮਨੁੱਖ) ਦਿਸਦਾ ਹੈ, ਕੋਈ ਆਸਾਂ ਧਾਰਨ ਕਰੀ ਬੈਠਾ ਹੈ ਤੇ ਕੋਈ ਨਿਰਾਸ (ਉਦਾਸ) ਹੈ; ਆਸਾਂ ਵਾਲਾ ਹੋਣ ਕਰਕੇ ਹੀ ਨਿਰਾਸ (ਦੁਖੀ) ਹੈ।(ਕਿਉਂਕਿ ਹਰ ਜੀਵ) ਕਾਮ ਕ੍ਰੋਧ ਤੇ ਵਿਸ਼ੇ ਰੂਪ ਜਹਿਰ ਦਾ ਭੁੱਖਾ ਤੇ ਪਿਆਸਾ ਹੈ {ਬਿਖੈ ਠਗਉਰੀ ਜਿਨਿ ਜਿਨਿ ਖਾਈ ।ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ੧੯੯}। ਹੇ ਨਾਨਕ! ਵਿਰਲੇ ਮਨੁੱਖ ਮਿਲਦੇ ਹਨ (ਜੋ ਗ੍ਰਿਹਸਤ ਵਿਚ ਰਹਿੰਦੇ ਹੋਏ ਕਾਮ ਕ੍ਰੋਧ ਆਦਿ ਵਿਕਾਰਾਂ ਤੋਂ) ਨਿਰਲੇਪ ਰਹਿੰਦੇ ਹਨ।੮।੭।
ਪਦਾਰਥ = ਨਰ-ਮਨੁੱਖ; ਪਰਮ ਹਸਤੀ ਪ੍ਰਭੂ। ਨਿਹਕੇਵਲ-ਪਰਮ ਸ਼ੁੱਧ। ਅਨਾਥਹ-ਯਤੀਮਾਂ ਨੂੰ; ਜਿਸਦਾ ਕੋਈ ਵਾਲੀ ਵਾਰਸ ਨਹੀਂ। ਨਾਥ-ਮਾਲਕ। ਬਲਿ ਜਾਉ-ਸਦਕੇ ਜਾਂਦਾ ਹਾਂ। ਪੁਨਰਪਿ-ਮੁੜ ਦੁਬਾਰਾ।੫। ਆਪੁ-ਅਪਣੇ ਆਪੇ ਨੂੰ। ਦਰਿ-ਰੱਬ ਦੇ ਦਰ ਉਤੇ। ਨੀਸਾਣੈ-ਪ੍ਰਗਟ ਹੁੰਦਾ ਹੈ; ਨਿਸ਼ਾਨ ਪੈ ਜਾਂਦਾ ਹੈ।੬। ਮਰੈ-ਆਪਾ ਭਾਵ ਜਾਂ ਵਿਕਾਰਾਂ ਵੱਲੋਂ ਮਰਦਾ ਹੈ। ਨਿਜ ਘਰਿ-ਆਤਮ ਸਰੂਪ ਵਿਚ। ਚੁਕੈ-ਮੁੱਕ ਜਾਂਦੀ ਹੈ। ਕਮਲੁ-ਹਿਰਦਾ ਕਮਲ। ਪਰਗਾਸਾ-ਖਿੜ ਜਾਂਦਾ ਹੈ।੭। ਆਸ ਨਿਰਾਸਾ-ਆਸਾਂ ਤੋਂ ਨਿਰਾਸ ਹੈ (ਆਸ ਪੂਰੀ ਨਹੀਂ ਹੁੰਦੀ)। ਬਿਖੁ-ਵਿਸ਼ੇ ਰੂਪ ਜਹਿਰ। ਉਦਾਸਾ-ਉਪਰਾਮ; ਵੈਰਾਗਵਾਨ; ਮੋਹ ਰਹਿਤ।੮।੭।
ਗਉੜੀ ਮਹਲਾ ੧ ॥ ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥ (ਜਿਸ ਮਨੁੱਖ ਨੂੰ ਕੋਈ ਰੱਬ ਦਾ ਪਿਆਰਾ) ਇਹੋ ਜਿਹਾ ਸੇਵਕ ਮਿਲ ਜਾਵੇ, ਤਾਂ ਅਨੰਦ ਪ੍ਰਾਪਤ ਹੁੰਦਾ ਹੈ। ਉਹ ਸਚੇ ਪ੍ਰਭੂ ਨੂੰ ਪਾ ਲੈਂਦਾ ਹੈ ਤੇ ਦੁਖ ਭੁੱਲ ਜਾਂਦਾ ਹੈ।੧।
ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥੧॥ਰਹਾਉ॥ (ਹਰੀ ਦੇ ਦਾਸ ਦੇ) ਦਰਸ਼ਨ ਦੇਖ ਕੇ ਮਤਿ ਪੂਰੀ (ਸੂਝ ਬੂਝ ਵਾਲੀ) ਹੋ ਜਾਂਦੀ ਹੈ (ਅਤੇ ਉਸ ਦੇ) ਚਰਨਾਂ ਦੀ ਧੂੜ ਅਟਾਹਟ ਤੀਰਥਾਂ ਦੇ ਇਸ਼ਨਾਨ ਦੇ ਬਰਾਬਰ ਹੈ।੧। ਰਹਾਉ।
ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥ ਇਕ ਪ੍ਰਭੂ ਵਿਚ ਲਗਾਤਾਰ ਲਿਵ ਲਗਾਉਣ ਨਾਲ ਮੇਰੀਆਂ ਅੱਖਾਂ ਸੰਤੁਸਟ ਹੋ ਗਈਆਂ ਹਨ (ਰੱਜ ਗਈਆਂ ਹਨ, ਪਰਾਇਆ ਰੂਪ ਨਹੀਂ ਦੇਖਦੀਆਂ)। ਹਰੀ ਦਾ ਨਾਮ ਰਸ ਸੰਭਾਲਣ ਨਾਲ ਜੀਭ ਸੁੱਚੀ ਹੋ ਗਈ ਹੈ; (ਸਾਰੇ ਰਸਾਂ ਦਾ) ਤੱਤ ਨਿਚੋੜ ਹਰੀ ਦਾ ਨਾਮ ਰਸ ਹੈ, ਉਸ ਨੂੰ ਪ੍ਰਾਪਤ ਕਰਕੇ ਜੀਭ ਸੁੱਚੀ ਹੋ ਗਈ ਹੈ।੨।
ਸਚੁ ਕਰਣੀ ਅਭ ਅੰਤਰਿ ਸੇਵਾ ॥ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥ ਹਿਰਦੇ ਦੇ ਅੰਦਰ ਜੋ ਹਰੀ ਹੈ, ਉਸ ਦੀ ਸੇਵਾ ਸਾਡੀ ਸੱਚੀ ਕਰਣੀ ਬਣ ਗਈ। ਅਲੱਖ ਤੇ ਅਭੇਵ ਪ੍ਰਭੂ ਦਾ ਸਿਮਰਨ ਕਰ ਕੇ ਮਨ ਤ੍ਰਿਪਤ ਹੋ ਗਿਆ ਹੈ।੩।
ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥ (ਰੱਬ ਦੇ ਦਾਸ ਦੀ ਸੰਗਤ ਕਰਕੇ) ਜਿਥੇ ਜਿਥੇ ਮੈਂ ਦੇਖਦਾ ਹਾਂ, ਉਥੇ ਉਥੇ ਮੈਨੂੰ ਸੱਚਾ ਪ੍ਰਭੂ ਦਿਸਦਾ ਹੈ।(ਇਸ ਗੁੱਝੇ ਭੇਦ ਨੂੰ) ਸਮਝੇ ਬਿਨਾਂ ਕੱਚਾ ਜਗਤ ਝਗੜਦਾ ਰਹਿੰਦਾ ਹੈ (ਗਿਆਨ ਹੀਣ ਲੋਕ ਰੱਬ ਦੀ ਹੋਂਦ ਬਾਰੇ ਫਜੂਲ ਦੀਆਂ ਬਹਿਸਾਂ ਕਰਦੇ ਰਹਿੰਦੇ ਹਨ)।੪।
ਪਦਾਰਥ = ਦਾਸ-ਪ੍ਰਭੂ ਦਾ ਸੇਵਕ (ਗੁਰੂ)। ਸਚੁ-ਸੱਚਾ ਪ੍ਰਭੂ। ਸੁਖੁ-ਆਤਮਕ ਅਨੰਦ। ਸੋਈ-ਉਹ (ਮਨੁੱਖ)।੧। ਭਈ-ਹੋਈ। ਮਤਿ ਪੂਰੀ-ਪੂਰੀ ਸੂਝ ਬੂਝ ਵਾਲੀ ਅਕਲ; ਪੂਰਨ ਗਿਆਨ। ਅਠਸਠਿ-ਅਠਾਹਟ ਤੀਰਥ। ਮਜਨੁ-ਇਸ਼ਨਾਨ। ਚਰਨਹ-ਚਰਨਾਂ ਦੀ। ਧੂਰੀ -ਧੂੜ।੧। ਰਹਾਉ। ਨੇਤ੍ਰ-ਅੱਖਾਂ। ਸੰਤੋਖੇ-ਰੱਜ ਗਏ। ਏਕ-ਇਕ ਪ੍ਰਭੂ ਦੀ। ਲਿਵ ਤਾਰਾ-ਲਗਾਤਾਰ ਲਿਵ ਲਾਉਣ ਨਾਲ। ਜਿਹਵਾ-ਜੀਭ। ਸੂਚੀ-ਪਵਿਤ੍ਰ। ਸਾਰਾ-ਸੰਭਾਲਣ ਨਾਲ; ਸ੍ਰੇਸਟ; ਤੱਤ ਨਿਚੋੜ।੨। ਅਭ ਅੰਤਰਿ-ਹਿਰਦੇ ਅੰਦਰ। ਤ੍ਰਿਪਤਾਸਿਆ-ਰੱਜ ਗਿਆ ।ਅਲਖ-ਅਦ੍ਰਿਸਟ; ਪ੍ਰਭੂ ਜੋ ਮਨ ਕਰਕੇ ਜਾਣਿਆ ਨ ਜਾਵੇ। ਅਭੇਵਾ-ਜਿਸਦਾ ਭੇਦ ਜਾਣਿਆ ਨ ਜਾਵੇ; ਜੋ ਭਿੰਨ (ਜੁਦਾ) ਨਾ ਹੋਵੇ ।੩। ਜਹ ਜਹ-ਜਿੱਥੇ ਜਿਥੇ। ਤਹ ਤਹ-ਉਥੇ ਉਥੇ। ਸਾਚਾ-ਸੱਚਾ ਪ੍ਰਭੂ। ਕਾਚਾ-ਜੋ ਪੱਕਿਆ ਨਹੀਂ; ਸ਼ਰਧਾ ਹੀਣ; ਅਗਿਆਨੀ।੪।
ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥ (ਸੱਚੇ ਪ੍ਰਭੂ ਦੀ) ਸੋਝੀ ਉਸੇ ਮਨੁੱਖ ਨੂੰ ਹੁੰਦੀ ਹੈ, ਜਿਸ ਨੂੰ ਗੁਰੂ ਸਮਝਾ ਦੇਵੇ। ਕੋਈ ਵਿਰਲਾ ਗੁਰਮੁਖ (ਇਸ ਭੇਦ ਨੂੰ) ਸਮਝਦਾ ਹੈ।੫।
ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥ (ਅਰਦਾਸ ਕਰਦੇ ਹਨ) ਹੇ ਰਖਵਾਲੇ ਵਾਹਿਗੁਰੂ! ਕ੍ਰਿਪਾ ਕਰਕੇ (ਜੀਵਾਂ ਦੀ) ਰਖਿਆ ਕਰੋ।(ਕਿਉਂਕਿ ਅਗਿਆਨੀ ਜੀਵ) ਸਮਝ ਤੋਂ ਬਿਨਾ ਪਸ਼ੂ ਤੇ ਭੂਤ ਬ੍ਰਿਤੀ ਵਾਲੇ ਬਣੇ ਹੋਏ ਹਨ।੬।
ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥ (ਮੈਨੂੰ) ਗੁਰੂ ਨੇ ਦਸਿਆ (ਉਪਦੇਸ਼ ਦਿਤਾ) ਹੈ ਕਿ

All Rights Reserved by Harjinder Singh Gyani | www.GuruGranthVakhyaan.org

ਵਾਹਿਗੁਰੂ ਤੋਂ ਬਿਨਾ ਦੂਜਾ ਹੋਰ ਕੋਈ ਹੈ ਹੀ ਨਹੀਂ।(ਫਿਰ) ਦੱਸੋ ਮੈਂ ਕਿਸ ਨੂੰ ਦੇਖ ਕੇ ਹੋਰ ਕਿਸੇ ਦੀ ਪੂਜਾ ਕਰਾਂ?।੭।
ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥ ਤਿੰਨੇ ਲੋਕ ਪ੍ਰਭੂ ਨੇ ਸੰਤਾਂ ਲਈ ਰਚੇ ਹਨ (ਤਾਂ ਕਿ ਸੰਤ ਜੀਵਾਂ ਨੂੰ ਰੱਬ ਨਾਲ ਜੋੜਨ, ਪਰ ਸੰਤ ਉਹ ਹੈ, ਜੋ) ਆਤਮਾ ਨੂੰ ਪਛਾਣਦਾ ਹੈ ਤੇ ਪ੍ਰਮਾਤਮ ਤੱਤ ਨੂੰ ਬਿਚਾਰਦਾ ਹੈ।੮।
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥ (ਜਿਸ ਸੰਤ ਦੇ) ਹਿਰਦੇ ਵਿਚ ਸੱਚਾ ਨਾਮ ਹੈ ਤੇ ਸੱਚੇ ਪ੍ਰੇਮ ਦਾ ਨਿਵਾਸ ਹੈ।ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਸੀਂ ਉਸ (ਸੰਤ) ਦੇ ਦਾਸ ਹਾਂ।੯।੮।
ਪਦਾਰਥ = ਸੋਝੀ-ਸਮਝ।ਬੁਝੈ-ਬੁੱਝਦਾ ਹੈ।੫।ਰਖਵਾਲੇ-ਹੇ ਰੱਖਿਆ ਕਰਨ ਵਾਲੇ ਪ੍ਰਭੂ!।ਭਏ-ਹੋ ਗਏ।ਬੇਤਾਲੇ-ਭੂਤ।੬।ਅਵਰ -ਹੋਰ।ਕਹੁ-ਦੱਸੋ।ਅਨ-ਕਿਸੇ ਹੋਰ ਦੀ।੭।ਹੇਤਿ-ਵਾਸਤੇ; ਪ੍ਰੇਮ।ਤ੍ਰਿਭਵਣ-ਤਿੰਨ ਲੋਕ।ਧਾਰੇ-ਰਚੇ ਹਨ; ਪੈਦਾ ਕੀਤੇ।ਚੀਨੈ-ਪਛਾਣਦਾ ਹੈ।ਸੁ-ਉਹ।ਤਤੁ-ਪ੍ਰਮਾਤਮ ਤੱਤ ਨੂੰ; ਜਗਤ ਦੀ ਅਸਲੀਅਤ ਨੂੰ (ਜਗਤ ਦਾ ਵਜੂਦ ਪ੍ਰਮਾਤਮ ਤੱਤ ਕਰਕੇ ਹੀ ਕਾਇਮ ਹੈ)।੮।ਰਿਦੈ-ਹਿਰਦੇ ਵਿਚ।ਪ੍ਰਣਵਤਿ-ਸਤਕਾਰ ਨਾਲ ਉਚਾਰਦਾ ਹੈ; ਬੇਨਤੀ ਕਰਦਾ ਹੈ।ਤਾ ਕੇ-ਉਸ ਦੇ। ੯।੮।
ਸੰਤ ਹੇਤਿ = ੧. ਸੰਤ ਪੈਦਾ ਕਰਨ ਲਈ ਦੁਨੀਆਂ ਦੀ ਖੇਡ ਰਚੀ ਹੈ।੨. ਜਿਸ ਪ੍ਰਭੂ ਨੇ ਤਿੰਨੇ ਭਵਣ ਬਣਾਏ ਹਨ, ਸੰਤਾਂ ਦਾ ਉਸ ਵਿਚ ਪ੍ਰੇਮ ਹੈ।੩. ਤਿੰਨਾਂ ਭਵਨਾਂ ਦੀ ਕਲਿਆਣ ਵਾਸਤੇ ਪ੍ਰਭੂ ਨੇ ਸੰਤ ਪੈਦਾ ਕੀਤੇ ਹਨ।(ਪਰ ਉਪਰ ਲਿਖੇ ਅਰਥ ਠੀਕ ਹਨ)।
ਵਿਆਖਿਆ = ਕਈ ਲੋਕ ਕਹਿੰਦੇ ਸੁਣੇ ਗਏ ਹਨ ਕਿ ਸੰਸਾਰ ਦਾ ਖੇਲ ਰਚਿਆ ਹੀ ਕਿਉਂ ਗਿਆ ਹੈ? ਰੱਬ ਤੋਂ ਭੁਲਾ ਦੇਣ ਵਾਲਾ ਜਾਂ ਕਹੋ ਅਗਿਆਨਤਾ ਦੇ ਹਨ੍ਹੇਰੇ ਵਿਚ ਪਾਉਣ ਵਾਲਾ ਸੰਸਾਰ ਰਚਣ ਦੀ ਲੋੜ ਹੀ ਕੀ ਸੀ? ਤਿੰਨ ਲੋਕ ਜੋ ਧਾਰਨ ਕਰ ਰੱਖੇ ਹਨ, ਇਹ ਮਾਇਆ (ਪ੍ਰਕ੍ਰਿਤੀ) ਵਾਲੇ ਹਨ।ਮਾਇਆ ਜੀਵ ਨੂੰ ਅਪਣੇ ਜਾਲ ਵਿਚ ਫਸਾਈ ਰਖਦੀ ਹੈ।ਜੋ ਮਾਇਆ ਦੇ ਜਾਲ ਵਿਚੋਂ ਨਿਕਲਣ ਦਾ ਯਤਨ ਕਰਕੇ ਮਾਇਆ ਤੇ ਫਤ੍ਹੇ ਪਾ ਲੈਂਦਾ ਹੈ, ਉਹ ਆਤਮ ਸਰੂਪ ਨੂੰ ਪਾ ਲੈਂਦਾ ਹੈ।ਅਜੇਹਾ ਪੁਰਖ ਸੰਤ ਹੈ।ਜਿਵੇਂ ਮੱਲਾਂ ਦਾ ਅਖਾੜਾ ਹੈ, ਅਖਾੜਾ ਘੁਲਨ ਵਾਸਤੇ ਰਚਿਆ ਜਾਂਦਾ ਹੈ।ਘੁਲਨਾ ਕਸ਼ਟ ਹੈ, ਕਸਰਤ ਹੈ, ਮਿਹਨਤ ਹੈ, ਕਿਸੇ ਵੇਲੇ ਸੱਟ ਲੱਗਣ ਕਰਕੇ ਪੀੜ ਵੀ ਹੁੰਦੀ ਹੈ।ਅਖਾੜੇ ਵਿਚ ਘੁਲ ਕੇ ਜੋ ਵਿਜਈ ਹੁੰਦਾ ਹੈ, ਉਹ ਉਚ ਦੁਮਾਲੜਾ ਪ੍ਰਾਪਤ ਕਰਦਾ ਹੈ।ਜੇ ਅਖਾੜਾ ਹੋਵੇ ਹੀ ਨਾ, ਤੇ ਮੱਲ ਘੁਲਨ ਹੀ ਨਾ, ਤਾਂ ਉਚ ਦੁਮਾਲੜੇ ਵਾਲਾ ਕੌਣ ਬਣੇਗਾ? ਮਾਇਕ ਸੰਸਾਰ ਇਸੇ ਵਾਸਤੇ ਰਚਿਆ ਹੈ ਕਿ ਸੰਤ ਪੈਦਾ ਹੋਵੇ।ਮਾਇਕ ਅੰਧਕਾਰ ਵਿਚੋਂ ਕੋਈ ਉਚਾ ਉਠੇ, ਜੋ ਆਤਮਾ ਨੂੰ ਪਛਾਣ ਲਵੇ।ਅਖਾੜਾ ਰਚਿਆ ਹੈ, ਮੱਲ ਪੈਦਾ ਕਰਨ ਲਈ ਤੇ ਸੰਸਾਰ ਰਚਿਆ ਹੈ ਸੰਤ ਪੈਦਾ ਕਰਨ ਲਈ।ਅਜੇਹਾ ਸੰਤ ਕ੍ਰੋੜਾਂ ਲੋਕਾਂ ਦਾ ਉਧਾਰ ਕਰ ਦੇਂਦਾ ਹੈ।
ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ ਬ੍ਰਹਮਾ ਨੇ ਹੰਕਾਰ ਕੀਤਾ (ਕਿ ਮੈਂ ਅਪਣੇ ਆਪ ਪੈਦਾ ਹੋਇਆ ਹਾਂ, ਪਰ ਪੈਦਾ ਕਰਨ ਵਾਲੇ ਵਾਹਿਗੁਰੂ ਨੂੰ) ਨਹੀਂ ਜਾਣਿਆ।(ਜਦ ਉਸ ਨੂੰ) ਬੇਦਾਂ (ਦੇ ਗੁਆਚਣ) ਦੀ ਬਿਪਤਾ ਪਈ ਤਾਂ (ਬ੍ਰਹਮਾ ਬਹੁਤ) ਪਛਤਾਇਆ।(ਇਸ ਪਸਚਾਤਾਪ ਵਿਚ ਉਸ ਨੇ) ਜਦ ਪ੍ਰਭੂ ਨੂੰ ਯਾਦ ਕੀਤਾ, ਤਦ (ਪ੍ਰਭੂ ਵਿਚ ਉਸ ਦਾ) ਮਨ ਪਤੀਜ ਗਿਆ (ਕਿ ਰਚਣਹਾਰ ਮੈਂ ਨਹੀਂ, ਪ੍ਰਭੂ ਹੈ)।੧।
ਬ੍ਰਹਮਾ = ਹਿੰਦੂ ਤ੍ਰਿਮੂਰਤੀ ਦਾ ਪ੍ਰਥਮ ਦੇਵਤਾ, ਕਿਹਾ ਜਾਂਦਾ ਹੈ ਕਿ ਵਿਸ਼ਨੂੰ ਦੀ ਨਾਭੀ ਵਿਚੋਂ ਇਕ ਕਮਲ ਫੁੱਲ ਪੈਦਾ ਹੋਇਆ।ਉਸ ਕਮਲ ਫੁੱਲ ਦੀ ਨਾਲੀ ਵਿਚੋਂ ਬ੍ਰਹਮਾ ਪੈਦਾ ਹੋਇਆ।ਬ੍ਰਹਮਾ ਇਹ ਮੰਨਣ ਨੂੰ ਤਿਆਰ ਨ ਹੋਇਆ ਕਿ ਉਸਦਾ ਜਨਮ ਕਮਲ ਫੁਲ ਦੀ ਨਾਲੀ ਵਿਚੋਂ ਹੋਇਆ ਹੈ।ਤੇ ਆਪਣੇ ਆਪ ਦਾ ਰਚਣਹਾਰ ਤੇ ਸ੍ਰਿਸਟੀ ਰਚਣ ਵਾਲਾ ਆਪਣੇ ਆਪ ਨੂੰ ਮੰਨਣ ਲਗ ਪਿਆ।ਅਸਲੀ ਰਚਣਹਾਰ ਪ੍ਰਭੂ ਨੂੰ ਭੁੱਲ ਗਿਆ, ਇਸ ਦਾ ਹੰਕਾਰ ਤੋੜਨ ਲਈ ਕਰਤਾਰ ਨੇ ਇਕ ਖੇਡ ਰਚੀ।ਬ੍ਰਹਮਾ ਦੇ ਸੁੱਤੇ ਪਏ ਤੇ ਸੰਖਾਸੁਰ ਬੇਦ ਚੁਰਾ ਕੇ ਪਤਾਲ ਵਿਚ ਚਲਾ ਗਿਆ।ਜਦ ਬ੍ਰਹਮਾ ਜਾਗਿਆ ਤਾਂ ਬੇਦਾਂ ਦੇ ਚੋਰੀ ਹੋਣ ਦੀ ਬਿਪਤਾ ਪਈ ਅਤੇ ਬਹੁਤ ਪਛਤਾਇਆ ।ਇਸ ਨੇ ਪ੍ਰਭੂ ਨੂੰ ਚੇਤੇ ਕੀਤਾ, ਪ੍ਰਭੂ ਨੇ ਵਿਸ਼ਨੂੰ ਨੂੰ ਕਿਹਾ ਕਿ ਬ੍ਰਹਮਾ ਨੂੰ ਬੇਦ ਲਿਆ ਕੇ ਦਿਓ।ਵਿਸ਼ਨੂੰ ਨੇ ਮੱਛ ਅਵਤਾਰ ਧਾਰ ਕੇ ਸੰਖਾਸੁਰ ਨੂੰ ਮਾਰ ਕੇ ਬੇਦ ਵਾਪਸ ਲਿਆ ਦਿਤੇ।ਸੰਖਾਸੁਰ ਮਾਰੇ ਬੇਦ ਉਧਾਰੇ, ਸਤ੍ਰ ਸੰਘਾਰੇ ਜਸੁ ਲੀਨੋ।ਦੇਵੇਸੁ ਬੁਲਾਯੋ ਰਾਜ ਬਿਠਾਯੋ ,ਛਤ੍ਰ ਫਿਰਾਯੋ ਸੁਖ ਦੀਨੋ।(ਦਸਮ ਗ੍ਰੰਥ ੧੫੯)
ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ, ਤਿਸੁ ਗਰਬੁ ਨਿਵਾਰੈ ॥੧॥ਰਹਾਉ॥ ਸੰਸਾਰ ਵਿਚ ਅਜੇਹਾ ਹੰਕਾਰ ਕਰਨਾ ਬੁਰਾ ਹੈ (ਜਿਸ ਤਰ੍ਹਾਂ ਦਾ ਇਸ ਅਸਟਪਦੀ ਵਿਚ ਆਏ ਪੁਰਖਾਂ ਨੇ ਕੀਤਾ ਹੈ)।ਜਿਸ ਪੁਰਖ ਨੂੰ ਗੁਰੂ ਮਿਲਦਾ ਹੈ, (ਗੁਰੂ) ਉਸ ਪੁਰਖ ਦਾ

All Rights Reserved by Harjinder Singh Gyani | www.GuruGranthVakhyaan.org

ਹੰਕਾਰ ਨੂੰ ਦੂਰ ਕਰ ਦੇਂਦਾ ਹੈ।੧।ਰਹਾਉ।

ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ ਰਾਜਾ ਬਲ ਮਾਇਆ ਦਾ ਬਹੁਤ ਹੰਕਾਰੀ ਸੀ।ਉਸ ਨੇ ਬੜੇ ਜੱਗ ਕੀਤੇ, (ਜੱਗ ਤੇ ਦਾਨ ਦੇ ਹੰਕਾਰ ਨਾਲ) ਆਫਰ ਕੇ ਬੁਹਤ ਭਾਰਾ ਹੋ ਗਿਆ।(ਸ਼ੁਕਰ) ਗੁਰੂ ਦੀ ਸਲਾਹ ਪੁੱਛੇ ਬਿਨਾ (ਬਾਵਨ ਅਵਤਾਰ ਨੂੰ ਦਾਨ ਦੇ ਦਿਤਾ, ਜਿਸ ਕਰਕੇ ਬਲ ਰਾਜਾ) ਪਤਾਲ ਵਿਚ ਜਾ ਪਿਆ।੨।

ਬਲਿ ਰਾਜਾ = ਪ੍ਰਹਿਲਾਦ ਦਾ ਪੋਤਾ, ਬਹੁਤ ਤਾਕਤਵਰ ਰਾਜਾ, ਇਸ ਨੂੰ ਹੰਕਾਰ ਹੋ ਗਿਆ ਕਿ ਮੇਰੇ ਜਿੰਨੇ ਜੱਗ ਕਰਨ ਵਾਲਾ ਸੰਸਾਰ ਵਿਚ ਕੋਈ ਨਹੀਂ।ਇੰਦ੍ਰ ਨੂੰ ਜਿਤਣ ਲਈ ਇਸ ਨੇ ਇਕੋਤ੍ਰ ਸੌ ਜਗ ਕੀਤੇ।ਇੰਦ੍ਰ ਤੇ ਹੋਰ ਦੇਵਤਿਆਂ ਦੇ ਕਹੇ ਤੇ ਵਿਸ਼ਨੂੰ ਬ੍ਰਹਾਮਣ ਦਾ ਰੂਪ ਧਾਰ ਕੇ ਇਸ ਨੂੰ ਛਲਣ ਆਇਆ ਤੇ ਢਾਈ ਕਰਮਾਂ ਧਰਤੀ ਦਾਨ ਵਿਚ ਮੰਗੀ।ਬਲਿ ਦੇ ਗੁਰੂ ਸ਼ੁੱਕਰ ਨੇ ਸਮਝਾਇਆ ਕਿ ਬ੍ਰਾਹਮਣ ਦੇ ਛਲ ਜਾਲ ਵਿਚ ਨਾ ਫਸੀਂ।ਪਰ ਹੰਕਾਰ ਦੇ ਕਾਰਣ ਇਸ ਨੇ ਅਪਣੇ ਗੁਰੂ ਦੀ ਗੱਲ ਨਾ ਮੰਨੀ।ਬਲਿ ਜਦ ਦਾਨ ਦੇਣਾ ਮੰਨ ਗਿਆ ਤਾਂ ਬਾਵਨ ਬ੍ਰਾਹਮਣ ਨੇ ਵਿਰਾਟ ਰੂਪ ਧਾਰ ਕੇ ਦੋ ਕਰਮਾਂ ਵਿਚ ਸਾਰੀ ਧਰਤੀ ਮਿਣ ਲਈ।ਅੱਧਾ ਕਰਮ ਹੋਰ ਲੈਣ ਲਈ ਬਲਿ ਰਾਜੇ ਦੇ ਸਰੀਰ ਤੇ ਪੈਰ ਰਖਿਆ ਤੇ ਪਤਾਲ ਵਿਚ ਧੱਕ ਦਿਤਾ।

ਹਰੀਚੰਦੁ ਦਾਨ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥੩॥ ਰਾਜਾ ਹਰੀ ਚੰਦ ਦਾਨ ਕਰਦਾ ਸੀ, (ਇਸ ਦਾਨ ਦੇ ਬਦਲੇ ਲੋਕਾਂ ਦਾ) ਜਸ ਲੈਂਦਾ ਸੀ (ਜਸ ਲੈਣ ਵਿਚ ਹੀ ਮਸਤ ਰਹਿੰਦਾ ਸੀ।ਉਹ ਵੀ) ਗੁਰੂ ਤੋਂ ਬਿਨਾ ਭੇਦ ਰਹਿਤ ਵਾਹਿਗੁਰੂ ਦਾ ਅੰਤ ਨਹੀਂ ਪਾ ਸਕਿਆ (ਸਮਝਿਆ ਨਹੀਂ ਕਿ ਸੰਸਾਰ ਵਿਚ ਮੇਰੇ ਤੋਂ ਵੀ ਵੱਡੇ ਵੱਡੇ ਦਾਨੀ ਹੋ ਚੁੱਕੇ ਹਨ, ਬ੍ਰਹਮ ਦ੍ਰਿਸਟੀ ਨਾਲ ਦੇਖੀਏ ਤਾਂ) ਪ੍ਰਭੂ ਆਪ ਭੁਲਾ ਦੇਂਦਾ ਹੈ ਤੇ ਆਪ ਹੀ ਸ਼ੁੱਭ ਮੱਤ ਦੇਂਦਾ ਹੈ।੩।

ਰਾਜਾ ਹਰੀ ਚੰਦ = ਸੂਰਜ ਵੰਸ ਦਾ ਅਠਾਈਵਾਂ ਰਾਜਾ, ਜੋ ਤ੍ਰਿਸ਼ੰਕੁ ਦਾ ਪੁਤ੍ਰ ਸੀ।ਇਹ ਰਹਿਮ ਦਿਲੀ, ਨਿਆਂ ਤੇ ਬਹੁਤਾ ਦਾਨ ਦੇਣ ਦੇ ਕਾਰਣ ਇੰਦ੍ਰ ਲੋਕ ਨੂੰ ਪ੍ਰਾਪਤ ਹੋਇਆ।ਵਿਸ਼ਵਾਮਿਤ੍ਰ ਨੇ ਬ੍ਰਾਹਮਣ ਦਾ ਵੇਸ ਵਟਾ ਕੇ ਇਸ ਪਾਸੋਂ ਸਾਰਾ ਧਨ ਤੇ ਰਾਜ ਦਾਨ ਵਿਚ ਮੰਗ ਲਿਆ।ਵਿਸ਼ਵਾਮਿਤ੍ਰ ਨੂੰ ਰਾਜ ਸੌਂਪ ਕੇ ਖਾਲੀ ਹੱਥ ਕੰਗਾਲ ਦਸ਼ਾ ਵਿਚ ਰਾਜਾ ਹਰੀ ਚੰਦ ਬਨਾਰਸ ਨੂੰ ਚਲਾ ਗਿਆ।ਉਥੇ ਵੀ ਵਿਸ਼ਵਾਮਿਤ੍ਰ ਨੇ ਇਸਦਾ ਪਿੱਛਾ ਨਹੀਂ ਛਡਿਆ ਅਤੇ ਦਾਨ ਮੰਗਿਆ।ਜਿਸ ਵਿਚ ਰਾਜੇ ਨੇ ਅਪਣੇ ਸਮੇਤ ਰਾਣੀ ਤਾਰਾ ਤੇ ਪੁਤ੍ਰ ਰੋਹਿਤ ਦੇ ਦਿਤੇ।ਵਿਸ਼ਵਾਮਿਤ੍ਰ ਨੇ ਰਾਜੇ ਨੂੰ ਚੰਡਾਲ ਕੋਲ ਮੁਰਦੇ ਫੂਕਣ ਲਈ ਵੇਚ ਦਿਤਾ, ਰਾਣੀ ਤੇ ਪੁਤ੍ਰ ਨੂੰ ਇਕ ਬ੍ਰਾਹਮਣ ਨੇ ਖ੍ਰੀਦ ਲਿਆ ।ਪੁਤ੍ਰ ਰੋਹਿਤ ਸੱਪ ਲੜਨ ਕਰਕੇ ਮਰ ਗਿਆ, ਰਾਣੀ ਫੂਕਣ ਲਈ ਆਈ।ਚੰਡਾਲ ਦਾ ਹੁਕਮ ਸੀ ਕਿ ਬਿਨਾ ਮਸੂਲ ਲਏ ਕਿਸੇ ਨੂੰ ਮੁਰਦਾ ਸਾੜਨ ਨਹੀ ਦੇਣਾ।ਪਰ ਰਾਣੀ ਕੋਲ ਮਸੂਲ ਦੇਣ ਲਈ ਕੁਝ ਨਹੀ ਸੀ।ਪਰ ਸੱਤਵਾਦੀ ਰਾਜੇ ਨੇ ਬਿਨਾ ਮਸੂਲ ਤੋਂ ਪੁਤ੍ਰ ਸਾੜਨ ਨਹੀਂ ਦਿਤਾ।ਇਸ ਕਰੜੀ ਪ੍ਰੀਖਿਆ ਤੇ ਪ੍ਰਭੂ ਨੇ ਪ੍ਰਸੰਨ ਹੋ ਕੇ ਰਾਜੇ ਦਾ ਸਾਰਾ ਦੁਖ ਦੂਰ ਕੀਤਾ।

ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ ਖੋਟੀ ਮੱਤ ਵਾਲਾ (ਦੈਂਤ ਰਾਜਾ) ਹਰਣਾਖਸ ਖੋਟੇ ਕਰਮ ਕਰਨ ਵਾਲਾ ਸੀ (ਹੰਕਾਰ ਵਿਚ ਵਧੀਕਿਆਂ ਕਰਦਾ ਰਿਹਾ)।ਸਰਬ ਵਿਆਪਕ ਪ੍ਰਭੂ ਹੰਕਾਰੀਆਂ ਦਾ ਨਾਸ਼ ਕਰਨ ਵਾਲਾ ਹੈ (ਜਿਸ ਨੇ ਨਰ ਸਿੰਘ ਰੂਪ ਵਿਚ ਨਹੁੰਆਂ ਨਾਲ ਪਾੜ ਕੇ ਹਰਣਾਖਸ ਨੂੰ ਮਾਰਿਆ।ਉਸ ਨੇ) ਕ੍ਰਿਪਾ ਧਾਰ ਕੇ (ਪਿਤਾ ਹਣਾਖਸ ਦੇ ਕਸ਼ਟਾਂ ਤੋਂ) ਪ੍ਰਹਲਾਦ ਨੂੰ ਬਚਾ ਲਿਆ।੪।

ਹਰਣਾਖਸ = ਕਸ਼ਪ ਰਿਖੀ ਦਾ ਪੁਤ੍ਰ, ਜੋ ਦਿਤੀ ਦੇ ਪੇਟੋਂ ਜੰਮਿਆ ਤੇ ਵੱਡਾ ਹੋ ਕੇ ਮੁਲਤਾਨ ਦਾ ਰਾਜਾ ਬਣਿਆ।ਇਹ ਬਹੁਤ ਹੰਕਾਰੀ ਤੇ ਦੁਰਾਚਾਰੀ ਸੀ, ਅਪਣੇ ਪੁਤ੍ਰ ਭਗਤ ਪ੍ਰਹਿਲਾਦ ਨੂੰ ਇਸ ਨੇ ਬੜੇ ਦੁਖ ਦਿਤੇ ਦਿਤੇ।ਪ੍ਰਭੂ ਨੇ ਨਰ ਸਿੰਘ ਰੂਪ ਵਿਚ ਆਕੇ ਅਪਣੇ ਭਗਤ ਦੀ ਰੱਖਿਆ ਕੀਤੀ।ਹਰਣਾਖਸ ਨੂੰ ਅਪਣੇ ਨਹੁੰਆਂ ਨਾਲ ਪਾੜ ਸੁੱਟਿਆ ਤੇ ਪ੍ਰਹਲਾਦ ਨੂੰ ਰਾਜ ਤੇ ਬਿਠਾਇਆ।

ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ (ਅਪਣੇ ਸਤਿਗੁਰੂ ਤੋਂ ਬਿਨਾ) ਮੂਰਖ ਰਾਵਣ ਬੇਸਮਝੀ ਵਿਚ (ਰੱਬ ਨੂੰ) ਭੁੱਲ ਗਿਆ ਸੀ।(ਉਸ ਦੀ ਰਾਜਧਾਨੀ) ਲੰਕਾ (ਰਾਵਣ ਦੇ) ਸਿਰ ਦੇ ਸਮੇਤ ਲੁੱਟੀ ਗਈ।ਸਤਿਗੁਰੂ ਦੇ ਪ੍ਰੇਮ ਤੋਂ ਬਿਨਾ ਹੋਣ ਕਰਕੇ (ਰਾਵਣ) ਹੰਕਾਰ ਵਿਚ ਹੀ ਤਬਾਹ ਹੋ ਗਿਆ।੫।

ਰਾਵਣ = ਲੰਕਾ ਦਾ ਰਾਜਾ, ਹੰਕਾਰ ਤੇ ਮੂਰਖਤਾ ਦੇ ਕਾਰਣ ਤ੍ਰੇਤੇ ਜੁਗ ਦੇ ਅਵਤਾਰ ਰਾਮ ਜੀ ਦੀ ਪਤਨੀ ਸੀਤਾ ਨੂੰ ਚੁਕ ਕੇ ਲੰਕਾ ਲੈ ਗਿਆ।ਜਿਸ ਕਰਕੇ ਰਾਮ ਜੀ ਦੇ ਹੱਥੋਂ ਜੁੱਧ ਵਿਚ ਮਾਰਿਆ ਗਿਆ।

All Rights Reserved by Harjinder Singh Gyani | www.GuruGranthVakhyaan.org

ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ ਹਜਾਰਾਂ ਬਾਹਾਂ ਵਾਲਾ (ਅਰਜਨ ਨਾਮ ਦੇ ਰਾਜੇ ਨੂੰ ਪਰਸ ਰਾਮ ਨੇ ਮਾਰਿਆ), ਮਧੂ ਤੇ ਕੈਟਭ (ਨਾਮ ਦੇ ਰਾਖਸ਼ ਨੂੰ ਵਿਸ਼ਨੂ ਨੇ ਮਾਰਿਆ) ਤੇ ਝੋਟੇ ਦਾ ਸਿਰ ਵਾਲੇ ਮਹਿਖਾਸੁਰ ਦੈਂਤ (ਨੂੰ ਦੁਰਗਾ ਨੇ ਮਾਰਿਆ)। ਹਰਣਾਖਸ ਨੂੰ (ਨਰ ਸਿੰਘ ਭਗਵਾਨ ਨੇ ਅਪਣੇ ਹੱਥਾਂ ਵਿਚ) ਲੈ ਕੇ ਨਹੁੰਆਂ ਨਾਲ ਪਾੜ ਦਿਤਾ। ਭਗਤੀ ਦੇ ਅਭਿਆਸ ਤੋਂ ਬਾਂਝੇ ਹੋਣ ਕਰਕੇ (ਹੰਕਾਰ ਵਿਚ ਇਹ ਸਾਰੇ) ਦੈਂਤ ਮਾਰੇ ਗਏ ਸਨ।੬।

ਸਹਸਬਾਹੁ = ਹਜਾਰਾਂ ਬਾਹਾਂ ਦੇ ਬਲ ਵਾਲਾ ਚੰਦ੍ਰਵੰਸੀ ਰਾਜਾ ਅਰਜੁਨ, ਜੋ ਕ੍ਰਿਤਵੀਰਜ ਦਾ ਪੁਤ੍ਰ ਸੀ। ਇਸ ਦੀ ਪਤਨੀ ਰਾਣੀ ਸੀਤਾ ਤੇ ਰਿਖੀ ਜਮਦਗਨ ਦੀ ਪਤਨੀ ਰੇਣਕਾ ਆਪਸ ਵਿਚ ਭੈਣਾਂ ਸਨ। ਇਕ ਵਾਰ ਰਾਜਾ ਸਹਸਬਾਹੁ ਫੌਜਾਂ ਸਣੇ ਰਿਖੀ ਦੇ ਆਸ਼ਰਮ ਵਿਚ ਗਿਆ ਤੇ ਰਿਖੀ ਨੇ ਕਾਮਧੇਨ ਗਾਂ ਦੀ ਸ਼ਕਤੀ ਦੇ ਸਹਾਰੇ ਰਾਜੇ ਦੀ ਬਹੁਤ ਸੇਵਾ ਕੀਤੀ। ਰਾਜੇ ਦੇ ਕਾਮਧੇਨ ਗਾਂ ਮੰਗਣ ਤੇ ਰਿਖੀ ਨੇ ਜੁਆਬ ਦੇ ਦਿਤਾ। ਇਸ ਰੋਹ ਵਿਚ ਰਾਜੇ ਨੇ ਰਿਖੀ ਨੂੰ ਮਾਰ ਦਿਤਾ। ਵੱਡਾ ਹੋ ਕੇ ਰਿਖੀ ਦੇ ਪੁਤ੍ਰ ਪਰਸਰਾਮ ਨੇ ਬਦਲਾ ਲਿਆ, ਪਰਸ ਰਾਮ ਦੇ ਹੱਥੋਂ ਰਾਜਾ ਮਾਰਿਆ ਗਿਆ।

ਮਧੁ ਤੇ ਕੈਟਭ = ਇਹ ਦੋਵੇਂ ਦੈਂਤ ਆਪਸ ਵਿਚ ਭਰਾ ਸਨ। ਵਿਸ਼ਨੂੰ ਦੇ ਕੰਨ ਦੀ ਮੈਲ ਤੋਂ ਪੈਦਾ ਹੋਏ ਦੱਸੇ ਜਾਂਦੇ ਹਨ। ਜਦ ਕਮਲ ਦੀ ਨਾਲੀ ਵਿਚੋਂ ਬ੍ਰਹਮਾ ਪੈਦਾ ਹੋਇਆ ਤਾਂ ਇਹ ਦੋਵੇਂ ਭਰਾ ਬ੍ਰਹਮਾ ਨੂੰ ਮਾਰਨ ਪਏ। ਬ੍ਰਹਮਾ ਨੇ ਵਿਸ਼ਨੂੰ ਦੀ ਮੱਦਦ ਮੰਗੀ, ਜਿਸ ਤੋਂ ਇਹ ਦੋਵੇਂ ਵਿਸ਼ਨੂੰ ਹੱਥੋਂ ਮਾਰੇ ਗਏ, ਜਿਸ ਤੋਂ ਵਿਸ਼ਨੂੰ ਦਾ ਨਾਮ ਮਧੁਸੂਦਨ ਪਿਆ।

ਮਹਿਖਾਸਾ = ਮਹਿਖਾਸੁਰ ਝੋਟੇ ਦੀ ਸ਼ਕਲ ਦਾ ਦੈਂਤ, ਜੋ ਰੰਭ ਦਾ ਪੁਤ੍ਰ ਤੇ ਮੱਝ ਦੀ ਕੁਖੋਂ ਜੰਮਿਆ। ਇਸ ਨੂੰ ਦੁਰਗਾ ਨੇ ਮਾਰਿਆ।

ਪਦਾਰਥ = ਬ੍ਰਹਮੈ–ਬ੍ਰਹਮਾ ਨੇ। ਗਰਬੁ–ਹੰਕਾਰ। ਕੀਆ–ਕੀਤਾ। ਬਿਪਤਿ–ਬਿਪਤਾ। ਪੜੀ–ਪਈ। ਜਹ–ਜਦ। ਤਹੀ–ਉਸੇ ਵੇਲੇ; ਤਦ। ਮਨੁ ਮਾਨਿਆ–ਮਨ ਪਤੀਜ ਗਿਆ; ਮਨ ਵਿਸ਼ਵਾਸ ਵਾਲਾ ਹੋ ਗਿਆ।੧। ਸੰਸਾਰੈ–ਸੰਸਾਰ ਵਿਚ। ਨਿਵਾਰੈ–ਦੂਰ ਕਰਦਾ ਹੈ।੧। ਰਹਾਉ। ਜਗਨ–ਯੱਗ। ਅਫਾਰੀ–ਆਫਰ ਕੇ। ਪਇਆਰੀ–ਪਤਾਲ ਵਿਚ।੨। ਜਸੁ ਲੇਵੈ–ਸੋਭਾ ਖੱਟਦਾ ਸੀ। ਅਭੇਵੈ–ਭੇਦ ਰਹਿਤ ਪ੍ਰਭੂ ਦਾ।੩। ਦੁਰਮਤਿ–ਖੋਟੀ ਮੱਤ ਵਾਲਾ। ਦੁਰਾਚਾਰੀ–ਕੁਕਰਮੀ; ਬਦਚਲਨ। ਪ੍ਰਹਾਰੀ–ਨਾਸ਼ ਕਰਨ ਵਾਲਾ। ਉਧਾਰੇ–ਉਧਾਰ ਕੀਤਾ; ਬਚਾ ਕੀਤਾ। ਧਾਰੀ–ਕੀਤੀ।੪। ਮੁਗਧੁ–ਮੂਰਖ। ਅਚੇਤਿ–ਬੇਸਮਝੀ ਵਿਚ; ਮੂਰਖਤਾ ਵਿਚ। ਸੀਸ–ਸਿਰ। ਹੇਤਿ–ਪ੍ਰੇਮ; ਦੇ ਕਾਰਣ।੫। ਨਖਹੁ–ਨਹੁੰਆਂ ਨਾਲ। ਬਿਧਾਸਾ–ਪਾੜ ਦਿਤਾ। ਸੰਘਾਰੇ–ਮਾਰੇ ਗਏ।੬।

ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥ ਜਰਾਸੰਧ ਤੇ ਕਾਲਯਮਨ (ਕ੍ਰਿਸ਼ਨ ਜੀ ਹੱਥੋਂ) ਮਾਰੇ ਗਏ। ਰਕਤਬੀਜ (ਦੁਰਗਾ ਦੇ ਹੱਥੋਂ) ਮਰਿਆ ਤੇ ਕਾਲਨੇਮ (ਵਿਸ਼ਨੂ ਦੇ ਸੁਦਰਸ਼ਨ ਚੱਕਰ ਨਾਲ) ਚੀਰਿਆ ਗਿਆ। (ਹੰਕਾਰੇ ਹੋਏ) ਦੈਂਤਾਂ ਨੂੰ ਮਾਰ ਕੇ (ਪ੍ਰਭੂ ਨੇ) ਸੰਤਾਂ ਦਾ ਉਧਾਰ ਕੀਤਾ।੭।

ਜਰਾਸੰਧ = ਬ੍ਰਿਹਦਰਥ ਦਾ ਪੁਤ੍ਰ ਤੇ ਮਗਧ (ਬਿਹਾਰ ਉੜੀਸਾ) ਦਾ ਰਾਜਾ ਸੀ। ਬ੍ਰਿਹਦਰਥ ਦੀਆਂ ਦੋ ਪਤਨੀਆਂ ਨੂੰ ਇਹ ਅੱਧਾ ਅੱਧਾ ਜੰਮਿਆ। ਅਪਸ਼ਗਨ ਜਾਣ ਕੇ ਬਾਹਰ ਸੁੱਟ ਦਿਤਾ, ਜਰਾ ਨਾਮ ਦੀ ਰਾਖਸ਼ਣੀ ਨੇ ਜੋੜ ਦਿਤਾ ਤੇ ਨਾਮ ਜਰਾਸੰਧ ਪੈ ਗਿਆ। ਰਾਜੇ ਨੂੰ ਪਤਾ ਲਗਣ ਤੇ ਜਰਾ ਨੇ ਇਹ ਜੋੜਿਆ ਬੱਚਾ ਰਾਜੇ ਨੂੰ ਦੇ ਦਿਤਾ। ਜਰਾਸੰਧ ਕੰਸ ਦਾ ਸਹੁਰਾ ਸੀ। ਜਦ ਕੰਸ ਕ੍ਰਿਸ਼ਨ ਜੀ ਹਥੋਂ ਮਾਰਿਆ ਗਿਆ ਤਾਂ ਜਰਾਸੰਧ ਨੇ ਕ੍ਰਿਸ਼ਨ ਜੀ ਉਪਰ ਅਠਾਰਾਂ ਵਾਰ ਹਮਲਾ ਕੀਤਾ। ਭੀਮ ਨੇ ਕ੍ਰਿਸ਼ਨ ਜੀ ਦੀ ਮੱਦਤ ਨਾਲ ਇਸ ਨੂੰ ਮਾਰਿਆ।

ਕਾਲਜਮੁਨ = ਗੁਪਾਲੀ ਅਪੱਸਰਾ ਦੇ ਪੇਟੋਂ ਗਾਰਗਯ ਮੁਨੀ ਦਾ ਕਾਲੇ ਰੰਗ ਦਾ ਪੁਤ੍ਰ, ਜੋ ਯੁਨਾਨ ਦਾ ਰਾਜਾ ਸੀ। ਇਹ ਜਰਾਸੰਧ ਦਾ ਦੋਸਤ ਸੀ ਤੇ ਜਰਾਸੰਧ ਦੀ ਮਦਤ ਵਿਚ ਕ੍ਰਿਸ਼ਨ ਜੀ ਨੂੰ ਮਾਰਨ ਲਈ ਕਾਲਯਮਨ ਨੇ ਮਥਰਾ ਤੇ ਹਮਲਾ ਕੀਤਾ। ਪਰ ਕ੍ਰਿਸ਼ਨ ਜੀ ਦੌੜ ਗਏ ਤੇ ਕਾਲਜਮੁਨ ਨੇ ਪਿਛਾ ਕੀਤਾ। ਕ੍ਰਿਸ਼ਨ ਜੀ ਇਕ ਗੁਫਾ ਵਿਚ ਵੜ ਗਏ ਜਿਥੇ ਮੁਚਕੰਦ ਰਿਖੀ ਸਮਾਧੀ ਲਾਈ ਬੈਠਾ ਸੀ। ਕ੍ਰਿਸ਼ਨ ਜੀ ਮੁਚਕੰਦ ਉਪਰ ਅਪਣਾ ਕਪੜਾ ਪਾ ਕੇ ਲੁਕ ਗਏ। ਕਾਲਜਮਨ ਨੇ ਮੁਚਕੰਦ ਨੂੰ ਕ੍ਰਿਸ਼ਨ ਸਮਝ ਕੇ ਜੋਰ ਦੀ ਲੱਤ ਮਾਰੀ। ਜਿਸ ਤੇ ਮੁਚਕੰਦ ਦੀ ਕ੍ਰੋਧ ਭਰੀ ਅੱਗ ਨਾਲ ਕਾਲਜਮਨ ਭਸਮ ਹੋ ਗਿਆ।

ਰਕਤਬੀਜ = ਰਾਜੇ ਸੁੰਭ ਦਾ ਸੈਨਾਪਤੀ, ਕਿਹਾ ਜਾਂਦਾ ਹੈ ਕਿ ਜੰਗ ਦੇ ਦੌਰਾਨ ਇਸ ਦੇ ਲਹੂ ਦੇ ਜਿਤਨੇ ਕਤਰੇ ਧਰਤੀ ਤੇ ਡਿਗਦੇ, ਉਨ੍ਹਾਂ ਤੋਂ ਹੋਰ ਦੈਂਤ ਪੈਦਾ ਹੋ ਜਾਂਦੇ ਸਨ। ਦੁਰਗਾ ਨੇ ਅਪਣੇ ਮੱਥੇ ਦੇ ਤੇਜ ਤੋਂ ਕਾਲੀ ਪੈਦਾ ਕੀਤੀ ਜੋ ਰਕਤਬੀਜ ਦੇ ਡਿਗਦੇ ਲਹੂ ਦੇ ਕਤਰਿਆਂ ਨਾਲੋ ਨਾਲ ਨੂੰ ਚੱਟ ਜਾਂਦੀ। ਫਿਰ ਕੋਈ ਹੋਰ ਦੈਂਤ ਪੈਦਾ ਨਾ ਹੋਇਆ ਤੇ ਇਸ ਨੂੰ ਦੁਰਗਾ ਨੇ ਮਾਰ ਦਿਤਾ।

All Rights Reserved by Harjinder Singh Gyani | www.GuruGranthVakhyaan.org

ਕਾਲਨੇਮ = ਰਾਵਣ ਦਾ ਮਾਮਾ, ਰਾਵਣ ਨੇ ਇਸ ਨੂੰ ਅੱਧਾ ਰਾਜ ਦੇਣ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਹਨੂਮਾਨ ਨੂੰ ਸੰਜੀਵਨੀ ਬੂਟੀ ਲਿਆਉਣ ਤੋਂ ਰੋਕੇ। ਇਹ ਰੂਪ ਵਟਾ ਕੇ ਸੰਜੀਵਨੀ ਬੂਟੀ ਲਿਆ ਰਹੇ ਹਨੂੰਮਾਨ ਨੂੰ ਮਿਲਿਆ। ਹਨੂੰਮਾਨ ਇਸ ਦੀ ਚਾਲ ਨੂੰ ਜਾਣ ਗਿਆ ਤੇ ਕਾਲਨੇਮ ਨੂੰ ਮਾਰ ਦਿਤਾ। ਦੂਜਾ ਕਾਲਨੇਮ ਹਿਰਨਕਸ਼ਪ ਦਾ ਪੁਤ੍ਰ ਸੀ। ਇਸ ਨੇ ਸੁਰਗ ਵਿਚੋਂ ਸਾਰੇ ਦੇਵਤੇ ਕੱਢ ਦਿਤੇ ਤੇ ਕਬਜਾ ਜਮਾ ਲਿਆ। ਇਸ ਨੂੰ ਵਿਸ਼ਨੂੰ ਨੇ ਮਾਰਿਆ। ਦੂਜੇ ਜਨਮ ਵਿਚ ਇਹ ਕੰਸ ਬਣ ਕੇ ਜਨਮਿਆ (ਮ.ਕੋ.)।

ਅੰਗ ੨੨੫ = ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ (ਪ੍ਰਭੂ) ਆਪੇ ਸਤਿਗੁਰੂ ਰੂਪ ਹੈ ਅਤੇ (ਆਪ ਹੀ ਸਿੱਖ ਰੂਪ ਹੋ ਕੇ ਸਤਿਗੁਰੂ ਦੇ) ਸ਼ਬਦ ਨੂੰ ਵਿਚਾਰਦਾ ਹੈ। (ਪ੍ਰਭੂ ਨੇ ਆਪੇ) ਦੁਐਤ ਭਾਵ ਵਿਚ ਫਸਾ ਕੇ ਦੈਤ ਮਾਰ ਦਿਤੇ। (ਆਪੇ ਹੀ) ਗੁਰਮੁਖਾਂ ਨੂੰ ਸੱਚ ਤੇ ਭਗਤੀ ਵਿਚ ਜੋੜ ਕੇ ਤਾਰ ਦਿਤਾ।੮।

ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਦੁਰਯੋਧਨ (ਰਾਜਾ ਵੀ ਹੰਕਾਰ ਵਿਚ) ਡੁਬ ਗਿਆ ਭਾਵ ਤਬਾਹ ਹੋ ਗਿਆ ਤੇ (ਅਪਣੀ) ਇੱਜਤ ਗੁਆ ਲਈ। (ਉਸ ਨੇ) ਸਰਬ ਵਿਆਪਕ ਰਾਮ ਨੂੰ ਨਹੀਂ ਜਾਣਿਆ ਕਿ ਉਹ ਹੀ ਜਗਤ ਖੇਲ ਦਾ ਕਰਤਾ ਹੈ (ਹੰਕਾਰ ਵਿਚ ਆਕੇ ਦ੍ਰੋਪਤੀ ਦੀ ਬੇਪਤੀ ਕਰਨੀ ਚਾਹੀ)। ਹਰੀ ਦੇ ਦਾਸਾਂ ਨੂੰ ਜੋ ਦੁਖ ਦੇਂਦਾ ਹੈ, ਉਹ ਦੁਖੀ ਹੋ ਕੇ ਖ਼ੁਆਰ ਹੁੰਦਾ ਹੈ।੯।

ਦੁਰਯੋਧਨ = ਚੰਦ੍ਰ ਵੰਸੀ ਰਾਜਾ ਧ੍ਰਿਤਰਾਸਟਰ ਦਾ ਵੱਡਾ ਪੁਤ੍ਰ ਤੇ ਕੌਰਵਾਂ ਦਾ ਮੁਖੀ। ਇਸਨੇ ਪਾਂਡਵਾਂ ਨਾਲ ਬਹੁਤ ਅਨਿਆਂ ਕੀਤਾ। ਰਾਜ ਵਿਚ ਯੋਗ ਹਿਸਾ ਨਾ ਦਿਤਾ। ਰਾਜਾ ਪਾਂਡੂ ਦੀ ਮੌਤ ਤੋਂ ਬਾਦ ਕੁੰਤੀ ਅਪਣੇ ਪੁਤ੍ਰਾਂ ਪੰਜੇ ਪਾਂਡਵਾਂ ਨੂੰ ਲੈ ਕੇ ਧ੍ਰਿਤਰਾਸਟਰ ਕੋਲ ਆ ਗਈ। ਧ੍ਰਿਤਰਾਸਟਰ ਨੇ ਬਹੁਤ ਸੁਆਗਤ ਕੀਤਾ, ਪਰ ਦੁਰਜੋਧਨ ਦੀ ਕੋਸ਼ਿਸ਼ ਸੀ ਉਹ ਕਿ ਪਾਂਡਵਾਂ ਨੂੰ ਦੂਰ ਕਰਕੇ ਉਹ ਇਕੱਲਾ ਰਾਜ ਦਾ ਮਾਲਕ ਬਣ ਜਾਵੇ। ਇਕ ਵਾਰ ਰਾਜਾ ਦਰੋਪਦ ਦੀ ਸਹਾਇਤਾ ਨਾਲ ਪਾਂਡਵਾਂ ਨੇ ਅੱਧਾ ਰਾਜ ਲੈ ਲਿਆ ਅਤੇ ਇੰਦ੍ਰਪ੍ਰਸਤ (ਦਿੱਲੀ) ਨੂੰ ਰਾਜਧਾਨੀ ਬਣਾਇਆ। ਇਥੇ ਪਾਂਡਵਾਂ ਨੇ ਰਾਜਸੂ ਜੱਗ ਕੀਤਾ, ਜਿਸ ਦੀ ਸਫਲਤਾ ਤੇ ਦੁਰਜੋਧਨ ਈਰਖਾ ਵਿਚ ਜਲ ਉਠਿਆ। ਅਪਣੇ ਮਾਮੇ ਸ਼ਕੁਨਿ ਦੀ ਸਹਾਇਤਾ ਨਾਲ ਪਾਂਡਵਾਂ ਨੂੰ ਜੂਆ ਖੇਡਣ ਲਈ ਤਿਆਰ ਕਰਕੇ ਧੋਖੇ ਨਾਲ ਰਾਜ ਤੇ ਦ੍ਰੋਪਤੀ ਜਿੱਤ ਲਈ। ਫਿਰ ਸਭਾ ਵਿਚ ਦ੍ਰੋਪਤੀ ਦੀ ਬੇਇਜਤੀ ਵੀ ਕੀਤੀ, ਪਾਂਡਵਾਂ ਨੂੰ ੧੩ ਸਾਲ ਦੇ ਬਨਵਾਸ ਲਈ ਭੇਜ ਦਿਤਾ। ਬਨਵਾਸ ਤੋਂ ਵਾਪਸ ਆਉਣ ਤੇ ਰਾਜ ਵਿਚੋਂ ਆਪਣਾ ਹਿੱਸਾ ਮੰਗਣ ਤੇ ਦੁਰਜੋਧਨ ਨੇ ਨਾਂਹ ਕਰ ਦਿਤੀ। ਕ੍ਰਿਸ਼ਨ ਜੀ ਨੇ ਰਾਜੀਨਾਮਾ ਕਰਾਉਣਾ ਚਾਹਿਆ, ਪਰ ਦੁਜੋਧਨ ਫਿਰ ਵੀ ਨਾ ਮੰਨਿਆ। ਜਿਸ ਕਰਕੇ ਮਹਾਂਭਾਰਤ ਦਾ ਜੁੱਧ ਹੋਇਆ, ਜਿਸ ਵਿਚ ਕੌਰਵ ਹਾਰ ਗਏ ਤੇ ਭੀਮ ਨੇ ਦ੍ਰੋਪਤੀ ਦੀ ਬੇਇਜਤੀ ਕਰਨ ਦਾ ਬਦਲਾ ਦੁਰਜੋਧਨ ਦੇ ਪੱਟ ਗਦਾ ਨਾਲ ਚੂਰਨ ਕਰਕੇ ਲਿਆ।

ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛਤਾਨਿਆ ॥੧੦॥ ਰਾਜਾ ਜਨਮੇਜੇ ਨੇ (ਬਿਆਸ) ਗੁਰੂ ਦੇ ਬਚਨ ਨੂੰ ਨਾ ਜਾਣਿਆ (ਭਵਿਖਤ ਵਾਕ ਨੂੰ ਸੱਤ ਕਰਕੇ ਨਾ ਮੰਨਿਆ। ਫਿਰ ਉਹ) ਕਿਸ ਤਰ੍ਹਾਂ ਸੁਖ ਪਾ ਸਕਦਾ ਸੀ? (ਉਹ) ਭਰਮ ਵਿਚ ਭੁਲਾ ਰਿਹਾ। ਇਕ ਤਿਲ ਮਾਤ੍ਰ ਭੁੱਲ ਕੀਤੀ, (ਦੁੱਖ ਲੱਗਣ ਤੇ) ਫਿਰ ਪਛਤਾਇਆ।੧੦।

ਰਾਜਾ ਜਨਮੇਜਾ = ਇਹ ਅਰਜਨ ਦਾ ਪੜਪੋਤਾ, ਅਭਿਮੰਨੂੰ ਦਾ ਪੋਤਰਾ ਤੇ ਪ੍ਰੀਖਤ ਦਾ ਪੁਤ੍ਰ ਸੀ। ਰਾਜਾ ਜਨਮੇਜਾ ਦੇ ਪਿਤਾ ਪ੍ਰੀਖਤ ਦੀ ਮੌਤ ਸੱਪ ਲੜਨ ਦੇ ਕਾਰਣ ਹੋਈ ਸੀ। ਜਿਸ ਕਰਕੇ ਇਸ ਨੇ ਬਦਲਾ ਲੈਣ ਲਈ ਸਰਪ ਮੇਧ ਜੱਗ ਕਰ ਕੇ ਬੇਅੰਤ ਸੱਪਾਂ ਨੂੰ ਨਾਸ਼ ਕੀਤਾ। ਉਪਰੰਤ ਇਸ ਨੇ ਬਿਆਸ ਰਿਖੀ ਤੋਂ ਮਹਾਂ ਭਾਰਤ ਦਾ ਪਾਠ ਸੁਣਿਆ। ਸਾਰਾ ਇਤਹਾਸ ਸੁਣਨ ਪਿੱਛੋਂ ਇਸ ਨੇ ਬਿਆਸ ਨੂੰ ਪੁਛਿਆ ਕਿ ਇਤਨੇ ਬੁੱਧੀਵਾਨ ਹੋਣ ਦੇ ਬਾਵਜੂਦ ਕੌਰਵਾਂ ਤੇ ਪਾਂਡਵਾਂ ਨੇ ਜੂਆ ਕਿਉਂ ਖੇਡਿਆ? ਬਿਆਸ ਨੇ ਉਤਰ ਦਿਤਾ ਕਿ ਨਿਰੀ ਸਿਆਣਪ ਕੁਝ ਨਹੀਂ ਕਰਦੀ, ਹੋਣੀ ਅਟੱਲ ਹੈ। ਜਨਮੇਜੇ ਨੂੰ ਤਸੱਲੀ ਨਹੀਂ ਹੋਈ, ਮਨੁੱਖ ਅੱਗੇ ਹੋਣੀ ਕੀ ਹੈ? ਮਨੁੱਖ ਜੋ ਮਰਜੀ ਹੈ ਕਰ ਸਕਦਾ ਹੈ। ਬਿਆਸ ਨੇ ਇਸਦਾ ਭਵਿਖ ਦੇਖ ਕੇ ਆਉਣ ਵਾਲੀ ਬਿਪਤਾ ਬਾਰੇ ਦਸਿਆ ਕਿ ਤੂੰ ਜੱਗ ਵਿਚ ਆਏ ਅਠਾਰਾਂ ਬ੍ਰਹਾਮਣਾਂ ਦਾ ਕਤਲ ਕਰੇਂਗਾ। ਜਿਸ ਤੇ ਬ੍ਰਹਮਣ ਹੱਤਿਆ ਦੇ ਪਾਪ ਵੱਜੋਂ ਤੈਨੂੰ ਕੋੜ੍ਹ ਹੋਵੇਗਾ। ਰਾਜੇ ਨੇ ਆਉਣ ਵਾਲੀ ਬਿਪਤਾ ਤੋਂ ਬਚਣ ਲਈ ਕਈ ਜਤਨ ਕੀਤੇ, ਪਰ ਹੋਣੀ ਫਿਰ ਵੀ ਨਾ ਟਲੀ।

ਰਾਜਾ ਜਨਮੇਜਾ ਦੇ ਮਤੀ, ਬਰਜਿ ਬਿਆਸਿ ਪੜਾਇਆ। ਤਿਨਿ ਕਰਿ ਜਗ ਅਠਾਰਹ ਘਾਏ, ਕਿਰਤੁ ਨ ਚਲੈ ਚਲਾਇਆ। (੧੩੪੪)।

ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਕੰਸ, ਕੇਸੀ ਤੇ

All Rights Reserved by Harjinder Singh Gyani | www.GuruGranthVakhyaan.org

ਚੰਡੂਰ ਵਰਗਾ (ਤਕੜਾ) ਕੋਈ ਨਹੀਂ ਸੀ।(ਇਨ੍ਹਾਂ ਨੇ ਵੀ ਹੰਕਾਰ ਦੇ ਕਾਰਣ) ਨਹੀਂ ਜਾਣਿਆ ਕਿ (ਤਾਕਤ ਦੇਣ ਵਾਲਾ) ਪ੍ਰਭੂ ਹੈ, (ਇਸ ਕਰਕੇ) ਅਪਣੀ ਪੱਤ ਗਵਾ ਲਈ।ਜਗਤ ਦੇ ਮਾਲਕ ਪ੍ਰਭੂ ਤੋਂ ਬਿਨਾ ਕੋਈ ਵੀ ਰੱਖਿਆ ਨਹੀ ਕਰ ਸਕਦਾ।੧੧।

ਕੰਸੁ = ਉਗ੍ਰਸੈਣ ਦਾ ਪੁਤ੍ਰ ਜੋ ਮਥਰਾ ਦਾ ਬੜਾ ਜਾਲਮ ਰਾਜਾ ਸੀ।ਜਰਾਸੰਧ ਦਾ ਜਵਾਈ ਸੀ, ਕ੍ਰਿਸ਼ਨ ਦਾ ਮਾਮਾ ਤੇ ਕ੍ਰਿਸ਼ਨ ਦਾ ਵੱਡਾ ਦੁਸ਼ਮਣ ਸੀ।ਕੰਸ ਨੇ ਜਦ ਅਪਣੀ ਭੈਣ ਦੇਵਕੀ ਵਾਸਦੇਵ ਨੂੰ ਵਿਆਹੀ, ਤਾਂ ਉਸ ਵੇਲੇ ਅਕਾਸ਼ ਬਾਣੀ ਹੋਈ ਕਿ ਕੰਸ ਦੀ ਮੌਤ ਦੇਵਕੀ ਦੀ ਕੁਖੋਂ ਪੈਦਾ ਹੋਣ ਵਾਲੇ ਅੱਠਵੇਂ ਗਰਭ ਦੇ ਹੱਥੋਂ ਹੋਵੇਗੀ।ਇਸ ਕਰਕੇ ਕੰਸ ਨੇ ਅਪਣੀ ਭੈਣ ਦੇਵਕੀ ਤੇ ਵਾਸਦੇਵ ਕੈਦ ਕਰ ਲਏ।ਦੇਵਕੀ ਦੇ ਪੈਦਾ ਹੋਣ ਵਾਲੇ ਸਾਰੇ ਬੱਚੇ ਕੰਸ ਹੱਥੋਂ ਮਾਰੇ ਜਾਂਦੇ ਰਹੇ।ਸੱਤਵਾਂ ਪੁਤ੍ਰ ਬਲਰਾਮ ਗੋਕਲ ਵਿਚ ਚੋਰੀ ਭੇਜ ਦਿਤਾ ਗਿਆ, ਜਿਥੇ ਰੋਹਿਣੀ ਨੇ ਉਸ ਨੂੰ ਪਾਲਿਆ।ਅਠਵੇਂ ਪੁਤ੍ਰ ਕ੍ਰਿਸ਼ਨ ਦਾ ਜਨਮ ਹੋਇਆ ਤਾਂ ਵਾਸਦੇਵ ਨੇ ਗੋਕਲ ਵਿਖੇ ਨੰਦ ਗੋਪ ਕੋਲ ਪਹੁੰਚਾ ਦਿਤਾ।ਜਿਥੇ ਨੰਦ ਦੀ ਵਹੁਟੀ ਤੋਂ ਜਨਮੀ ਲੜਕੀ ਲਿਆ ਕੇ ਕੰਸ ਨੂੰ ਦੇ ਦਿਤੀ ਗਈ।ਕੰਸ ਨੇ ਇਹ ਲੜਕੀ ਪੱਥਰ ਤੇ ਪਟਕਾ ਕੇ ਮਾਰ ਦਿਤੀ।ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਦੇ ਬੜੇ ਜਤਨ ਕੀਤੇ, ਪਰ ਸਫਲ ਨ ਹੋਇਆ।ਅੰਤ ਕ੍ਰਿਸ਼ਨ ਜੀ ਨੇ ਕੰਸ ਨੂੰ ਕੇਸਾਂ ਤੋਂ ਫੜ ਕੇ ਪਟਕਾ ਕੇ ਮਾਰ ਦਿਤਾ ਅਤੇ ਨਾਨਾ ਉਗ੍ਰਸੈਣ ਨੂੰ ਰਾਜ ਗੱਦੀ ਤੇ ਬਿਠਾਇਆ।

ਕੇਸੁ = ਇਹ ਦੈਂਤ ਜੋ ਕੰਸ ਦਾ ਭਲਵਾਨ ਸੀ, ਇਹ ਕੰਸ ਦੀ ਆਗਿਆ ਨਾਲ ਘੋੜੇ ਦੀ ਸ਼ਕਲ ਵਿਚ ਕ੍ਰਿਸ਼ਨ ਜੀ ਨੂੰ ਮਾਰਨ ਆਇਆ।ਕ੍ਰਿਸ਼ਨ ਜੀ ਨੇ ਇਸ ਦੇ ਮੂੰਹ ਵਿਚ ਅਪਣੀ ਬਾਂਹ ਪਾ ਕੇ ਇਸ ਨੂੰ ਮਾਰ ਦਿਤਾ।

ਚਾਂਡੂਰ = ਕੰਸ ਦਾ ਭਲਵਾਨ, ਜਿਸ ਨੂੰ ਕ੍ਰਿਸ਼ਨ ਨੇ ਅਖਾੜੇ ਵਿਚ ਮਾਰ ਦਿਤਾ {ਚੰਡੂਰੁ ਕੰਸੁ ਕੇਸੁ ਮਾਰਾਹਾ ੬੦੬}

ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ (ਹੇ ਭਾਈ!) ਗੁਰੂ ਦੇ ਉਪਦੇਸ਼ ਤੋਂ ਬਿਨਾ ਹੰਕਾਰ ਮੇਟਿਆ ਨਹੀਂ ਜਾ ਸਕਦਾ।ਗੁਰਮਤਿ ਦੁਆਰਾ ਧਰਮ, ਧੀਰਜ ਤੇ ਹਰੀ ਦਾ ਨਾਮ ਪ੍ਰਾਪਤ ਹੁੰਦੇ ਹਨ; ਗੁਰਮਤਿ ਦੁਆਰਾ ਹਰੀ ਦੇ ਨਾਮ ਵਿਚ ਜੁੜ ਕੇ (ਮਨੁੱਖ) ਧੀਰਜ ਰੂਪ ਧਰਮ ਧਾਰਣ ਕਰਦਾ ਹੈ (ਡਾ. ਤਾਰਨ ਸਿੰਘ)।ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, (ਜਿਸ ਪੁਰਖ ਨੂੰ ਗੁਰੂ ਤੋਂ) ਨਾਮ ਮਿਲ ਜਾਂਦਾ ਹੈ, (ਉਹ ਹਰੀ ਦੇ) ਗੁਣ ਗਾ ਕੇ (ਅਪਣਾ ਹੰਕਾਰ ਦੂਰ ਕਰ ਲੈਂਦਾ ਹੈ ਤੇ ਸੁਖੀ ਹੋ ਕੇ ਜੀਵਨ ਬਿਤਾਉਂਦਾ ਹੈ)।੧੨।੯।

ਪਦਾਰਥ = ਕਾਲਜਮੁਨ-ਜਰਾਸੰਧ ਦਾ ਮਿਤ੍ਰ।ਬਿਦਾਰੇ-ਚੀਰ ਦਿਤਾ ਗਿਆ।ਨਿਸਤਾਰੇ-ਉਧਾਰ ਕੀਤਾ।੭।ਦੂਜੈ ਭਾਇ-ਦੁਐਤ ਭਾਵ ਵਿਚ (ਹਰੀ ਦੇ ਪ੍ਰੇਮ ਤੋਂ ਬਿਨਾ ਕਿਸੇ ਹੋਰ ਦੇ ਪ੍ਰੇਮ ਵਿਚ ਹੋਣ ਕਰਕੇ)।੮।ਬੂਡਾ-ਡੁੱਬ (ਨਿਘਰ) ਗਿਆ।ਪਤਿ-ਇੱਜਤ।ਖੋਈ-ਗੁਆ ਲਈ।ਸੋਈ-ਉਹ ਹੀ।ਜਨ-ਸੇਵਕ ਜਨ।ਕਉ-ਨੂੰ।ਪਚੈ-ਖੁਆਰ (ਨਾਸ਼) ਹੁੰਦਾ ਹੈ।੯।ਇਕ ਤਿਲੁ-ਥੋੜਾ ਜਿਹਾ ਸਮਾਂ। ਬਹੁਰਿ-ਫਿਰ; ਪਿਛੋਂ।੧੦।ਨ ਚੀਨਿਆ-ਨਹੀਂ ਜਾਣਿਆ।ਜਗਦੀਸ-ਜਗਤ ਦਾ ਮਾਲਕ ਪ੍ਰਭੂ।੧੧।ਗੁਰਮਤਿ-ਗੁਰੂ ਦੀ ਸਿਖਿਆ ਦੁਆਰਾ।ਨਾਇ-ਨਾਮ ਸਿਮਰਨ ਵਿਚ ਜੁੜ ਕੇ।ਗਾਇ-ਗਾ ਕੇ।੧੨।੯।

ਗਉੜੀ ਮਹਲਾ ੧ ॥ ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥ (ਹੇ ਭਾਈ! ਜੇ ਮੈਂ ਅਪਣੇ) ਸਰੀਰ ਉਤੇ ਅਤਰ ਤੇ ਚੰਦਨ ਚੜ੍ਹਾ (ਲਗਾ) ਲਵਾਂ।ਸੂਤੀ ਤੇ ਰੇਸ਼ਮੀ ਬਸਤ੍ਰ ਪਹਿਨ ਕੇ ਹੰਢਾ ਲਵਾਂ। (ਪਰ) ਹਰੀ ਦੇ ਨਾਮ ਤੋਂ ਬਿਨਾ ਮੈਂ ਕਿਥੋਂ ਸੁਖ ਪਾਵਾਂ? (ਨਾਮ ਜਪੇ ਬਿਨਾ ਆਤਮਕ ਸੁਖ ਨਹੀਂ ਮਿਲ ਸਕਦਾ)।੧।

ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ਰਹਾਉ॥ (ਮਨ ਦੀ ਖੁਸ਼ੀ ਲਈ ਗਹਿਣੇ ਆਦਿ) ਕੀ ਪਹਿਨਾਂ, (ਦੁਨੀਆਂ ਨੂੰ ਸੋਹਣਾ ਲੱਗਣ ਲਈ) ਕੀ ਪਹਿਨ ਕੇ ਦਿਖਾਵਾਂ? (ਇਨ੍ਹਾਂ ਚੀਜਾਂ ਨਾਲ ਆਤਮਕ ਸੁਖ ਨਹੀਂ ਮਿਲਦਾ)। ਜਗਤ ਦੇ ਮਾਲਕ ਵਾਹਿਗੁਰੂ (ਨੂੰ ਮਿਲੇ) ਤੋਂ ਬਿਨਾ ਆਤਮਕ ਸੁਖ ਕਿਥੋਂ ਪਾਵਾਂ?।੧।ਰਹਾਉ।

ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ (ਭਾਵੇਂ ਮੇਰੇ) ਕੰਨਾਂ ਵਿਚ ਸੋਨੇ ਦੇ ਬਾਲੇ ਪਏ ਹੋਣ, ਗਲ ਵਿਚ ਮੋਤੀਆਂ ਦੀ ਮਾਲਾ ਪਈ ਹੋਵੇ।(ਸੌਣ ਲਈ ਹੇਠਾਂ) ਲਾਲ ਰੰਗ ਦੀ ਤੁਲਾਈ ਵਿਛੀ ਹੋਵੇ ਤੇ (ਉਸ ਉਤੇ) ਲਾਲ ਗੁਲਾਬ ਦੇ ਫੁੱਲ ਵਿਛੇ ਹੋਣ।(ਪਰ) ਜਗਦੀਸ਼ ਦੇ ਬਿਨਾ ਮਿਲੇ ਕਿਥੋਂ ਸੁਖ ਲੱਭ ਲਵਾਂ?।੨।

ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥ ਸੁੰਦਰ ਅੱਖਾਂ ਵਾਲੀ ਸੁੰਦਰ ਇਸਤ੍ਰੀ (ਮੇਰੇ ਘਰ ਵਿਚ) ਹੋਵੇ।(ਉਹ) ਸੋਲ੍ਹਾਂ ਤਰ੍ਹਾਂ ਦੇ ਸ਼ਿੰਗਾਰ ਕਰਦੀ ਹੋਵੇ ਤੇ (ਮੈਨੂੰ) ਬਹੁਤ ਪਿਆਰੀ ਲੱਗਦੀ ਹੋਵੇ।ਜਗਤ

All Rights Reserved by Harjinder Singh Gyani | www.GuruGranthVakhyaan.org

ਦੇ ਮਾਲਕ ਵਾਹਿਗੁਰੂ ਦਾ ਨਾਮ ਭਜੇ ਬਿਨਾ (ਇਹੋ ਜਿਹੇ ਭੋਗਾਂ ਨਾਲ) ਹਰ ਰੋਜ ਖੱਜਲ ਖੁਆਰੀ ਹੀ ਹੁੰਦੀ ਹੈ।੩।

ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮੁ ਸੁ ਦੇਹ ਦੁਖਾਲੀ ॥੪॥ (ਜੇ ਮੇਰੇ ਕੋਲ) ਘਰ ਦੇ ਅੰਦਰ ਸੁਖਦਾਈ ਸੇਜ ਉਤੇ ਇਸਤ੍ਰੀ ਪਈ ਹੋਵੇ (ਸੰ.ਸ.); ਸੋਹਣੇ ਦਰਵਾਜਿਆਂ ਵਾਲੇ ਘਰ ਤੇ ਮਹਲ ਮਾੜੀਆਂ ਹੋਣ, (ਉਨ੍ਹਾਂ ਅੰਦਰ) ਸੁਖ ਦੇਣ ਵਾਲਾ ਪਲੰਘ ਹੋਵੇ।(ਉਸ ਸੇਜ ਉਤੇ) ਮਾਲੀ ਦਿਨ ਰਾਤ ਫੂਲ ਵਿਛਾਉਂਦਾ ਰਹੇ।(ਪਰ) ਹਰੀ ਦੇ ਨਾਮ ਤੋਂ ਬਿਨਾ (ਇਨ੍ਹਾਂ ਸਾਧਨਾਂ ਨਾਲ) ਸੋਹਣੀ ਦੇਹ ਦੁੱਖੀ ਹੀ ਰਹਿੰਦੀ ਹੈ।੪।

ਪਦਾਰਥ = ਚੋਆ-ਅਗਰ ਦੀ ਲੱਕੜੀ ਤੋਂ ਚੋਇਆ ਤੇਲ (ਅਤਰ)।ਅੰਕਿ-ਸਰੀਰ ਉਤੇ।ਚੜਾਵਉ-ਮੈਂ ਲਗਾਵਾਂ।ਪਾਟ ਪਟੰਬਰ-ਸੂਤੀ ਤੇ ਰੇਸ਼ਮੀ ਕਪੜੇ।ਹੰਢਾਵਉ-ਹੰਢਾਵਾਂ (ਪਹਿਨਾਂ)।ਕਹਾ-ਕਿਥੇ।੧।ਓਢਿ-ਪਹਿਨ ਕੇ; (ਸਰੀਰ) ਉਪਰ ਲੈ ਕੇ।ਜਗਦੀਸ-ਜਗਤ ਦਾ ਮਾਲਕ ਵਾਹਿਗੁਰੂ।੧।ਰਹਾਉ।ਕਾਨੀ-ਕੰਨਾਂ ਵਿਚ।ਕੁੰਡਲ-(ਕੰਨਾਂ ਵਿਚ ਪਾਉਣ ਵਾਲੇ ਸੋਨੇ ਦੇ) ਬਾਲੇ।ਗਲਿ-ਗਲ ਵਿਚ।ਨਿਹਾਲੀ-ਤੁਲਾਈ।ਗੁਲਾਲਾ-ਲਾਲ ਰੰਗ ਦੇ ਫੁੱਲ।ਭਾਲਾ-ਲੱਭ ਲਵਾਂ।੨।ਨੈਨ-ਅੱਖਾਂ।ਸਲੋਨੀ-ਮਨ ਨੂੰ ਖਿਚ ਪਾਉਣ ਵਾਲੇ ਮਟਕੀਲੇ ਚੰਚਲ (ਬਹੁਤ ਸੁੰਦਰ)।ਨਾਰੀ-ਇਸਤ੍ਰੀ।ਖੋੜ-ਸੋਲ੍ਹਾਂ।ਅਤਿ-ਬਹੁਤ।ਬਿਨੁ ਭਜੇ-ਸਿਮਰੇ ਬਿਨਾ।ਖੁਆਰੀ-ਖੱਜਲ ਖੁਆਰੀ।੩।ਦਰ-ਅੰਦਰ; ਦਰਵਾਜੇ।ਮਹਲਾ-ਇਸਤ੍ਰੀ; ਮਹਿਲ ਮਾੜੀਆਂ।ਸੇਜ-ਪਲੰਘ; ਸੌਣ ਵਾਲਾ ਬਿਸਤਰਾ।ਸੁਖਾਲੀ-ਸੁਖ ਦੇਣ ਵਾਲੀ।ਅਹਿ ਨਿਸਿ-ਦਿਨ ਰਾਤ।ਸੁ ਦੇਹ-ਸੋਹਣੀ ਦੇਹ।ਦੁਖਾਲੀ-ਦੁਖੀ; ਦੁਖ ਦੇਣ ਵਾਲੀ।੪।

ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠੇ ਦਿਵਾਜੇ ॥੫॥ (ਚਾਹੇ) ਵਧੀਆ ਕਿਸਮ ਦੇ ਘੋੜੇ, ਵਧੀਆ ਕਿਸਮ ਦੇ ਹਾਥੀ ਹੋਣ, ਨੇਜੇ ਬਰਦਾਰ ਫੌਜ ਹੋਵੇ ਅਤੇ (ਮੇਰੇ ਜਾਣ ਵੇਲੇ ਅੱਗੇ) ਵਾਜੇ ਵਜਦੇ ਹੋਣ।ਫੋਜਾਂ, ਨਾਇਬ, ਸ਼ਾਹੀ ਨੌਕਰ ਤੇ ਹੋਰ ਦਿਖਾਵੇ ਹੋਣ।(ਪਰ) ਜਗਤ ਦੇ ਮਾਲਕ ਵਾਹਿਗੁਰੂ ਤੋਂ ਬਿਨਾ (ਇਹ ਸਾਰੇ) ਝੂਠੇ ਦਿਖਾਵੇ ਹਨ।੫।

ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥ (ਜੇ ਮੈਂ ਅਪਣੇ ਆਪ ਨੂੰ) ਸਿਧ ਕਹਾਵਾਂ ਅਤੇ ਰਿਧੀਆਂ ਸਿਧੀਆਂ ਨੂੰ (ਅਪਣੇ ਕੋਲ ਜਦ ਚਾਹਾਂ) ਬੁਲਾ ਲਵਾਂ।(ਅਪਣੇ) ਸਿਰ ਉਤੇ ਸ਼ਾਹੀ ਤਾਜ ਦੀ ਟੋਪੀ ਪਹਿਨ ਕੇ ਛਤਰ ਝੁਲਾ ਲਵਾਂ।(ਪਰ) ਜਗਤ ਦੇ ਮਾਲਕ ਵਾਹਿਗੁਰੂ ਤੋਂ ਬਿਨਾ ਸੱਚ ਕਿਥੋਂ ਪ੍ਰਾਪਤ ਕਰ ਸਕਾਂ?।੬।

ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥ (ਚਾਹੇ ਮੈਂ ਅਪਣੇ ਆਪ ਨੂੰ) ਖਾਨ ਜਾਂ ਬਾਦਸ਼ਾਹ ਜਾਂ ਰਾਜਾ ਕਹਾ ਲਵਾਂ।(ਇਹ ਸਾਰੇ) ਹੁਕਮ ਕਰਨ ਵਾਲੇ; ਨੌਕਰਾਂ ਨੂੰ ਨਿਰਾਦਰੀ ਦੇ ਬੋਲ ਬੋਲਣੇ ਫਜੂਲ ਦੇ ਝੂਠੇ ਦਿਖਾਵੇ ਹਨ।(ਸੱਚ ਇਹ ਹੈ ਕਿ) ਗੁਰੂ ਦੇ ਸ਼ਬਦ ਤੋਂ ਬਿਨਾ (ਜੀਵਨ ਦੀ ਸਫਲਤਾ ਦਾ) ਕਾਰਜ ਨਹੀਂ ਸੰਵਰ ਸਕਦਾ।੭।

ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥ ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥ (ਅਪਣੇ ਦੁਆਰਾ ਉਪਦੇਸ਼ ਦੇਂਦੇ ਹਨ ਕਿ ਮੈਂ) ਗੁਰੂ ਦੇ ਸ਼ਬਦ ਦੁਆਰਾ ਹਉਮੈ ਮਮਤਾ ਭੁਲਾ ਦਿਤੀ ਹੈ।ਗੁਰੂ ਦੀ ਮੱਤ ਦੁਆਰਾ ਹਿਰਦੇ ਵਿਚ ਪ੍ਰਭੂ ਨੂੰ ਜਾਣ ਲਿਆ ਹੈ।ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ (ਕਿ ਹੇ ਪ੍ਰਭੂ ! ਮੈਂ) ਤੇਰੀ ਸਰਣ ਵਿਚ ਆਇਆ ਹਾਂ।੮।੧੦।

ਪਦਾਰਥ = ਹੈਵਰ-ਵਧੀਆ ਘੋੜੇ।ਗੈਵਰ-ਵਧੀਆ ਹਾਥੀ।ਨੇਬ-ਵਜੀਰ; ਚੋਬਦਾਰ (ਰਾਜੇ ਨੂੰ ਮਿਲਣ ਆਏ ਲੋਕਾਂ ਨੂੰ ਸਭਾ ਵਿਚ ਲਿਜਾਣ ਵਾਲਾ)।ਖਵਾਸੀ-ਸ਼ਾਹੀ ਨੌਕਰ।ਪਾਜੇ-ਦਿਖਾਵਾ।ਦਿਵਾਜੇ-ਦਿਖਾਵੇ।੫।ਸਿਧ-ਕਰਾਮਾਤੀ ਜੋਗੀ।ਰਿਧਿ ਸਿਧਿ-ਕਰਾਮਾਤੀ ਸ਼ਕਤੀਆਂ।ਤਾਜ ਕੁਲਹ-ਤਾਜ ਦੀ ਟੋਪੀ।ਸਿਰਿ-ਸਿਰ ਉਤੇ।ਬਨਾਵਉ-ਸਜਾ (ਝੁਲਾ) ਲਵਾਂ।੬।ਖਾਨੁ-ਪਠਾਣਾਂ ਦੀ ਉਪਾਧੀ।ਮਲੂਕੁ-ਬਾਦਸ਼ਾਹ।ਅਬੇ ਤਬੇ-ਕਿਸੇ ਵੱਡੇ ਵਲੋਂ ਛੋਟੇ ਨੂੰ ਅਬੇ ਤਬੇ ਕਰਕੇ ਸੱਦਣਾ; ਅਪਮਾਨ ਜਨਕ ਸ਼ਬਦ; ਐਵੇਂ ਫਜੂਲ; ਹੁਣ ਤੇ ਫਿਰ ਭਾਵ ਸਦਾ।ਨ ਸਵਰਸਿ-ਸਿਰੇ ਨਹੀਂ ਚੜ੍ਹਦਾ।੭।ਮਮਤਾ-ਮੇਰਾਪਣ; ਅਪਣੱਤ।ਵਿਸਾਰ-ਭੁਲਾ ਦਿਤੀ।ਮੁਰਾਰੀ-ਪ੍ਰਭੂ।ਪ੍ਰਣਵਤਿ-ਬੇਨਤੀ ਕਰਦਾ ਹੈ।੮।੧੦।

ਵਿਆਖਿਆ = ਇਸ ਅਸਟਪਦੀ ਦਾ ਵਿਸ਼ਾ ਵਸਤੂ ਉਹੋ ਹੀ ਹੈ, ਜਿਹੜਾ ਵਿਸ਼ਾ ਸਿਰੀ ਰਾਗ ਦੇ ਅੰਗ ੧੪ ਤੇ 'ਮੋਤੀ ਤ ਮੰਦਰ ਊਸਰਹਿ' ਵਾਲੇ ਸ਼ਬਦ ਦਾ ਹੈ।ਅੰਕ ੧ ਤੇ ੨ ਵਿਚ ਦੁਨੀਆਂ ਦੀ ਧਨ ਸੰਪਦਾ ਦਾ ਜਿਕਰ ਹੈ।ਅੰਕ ੩ ਤੇ ੪ ਵਿਚ ਸਰੀਰਕ ਭੋਗਾਂ ਦਾ ਜਿਕਰ ਹੈ।ਅੰਕ ੬ ਵਿਚ ਕਰਾਮਾਤੀ ਤਾਕਤਾਂ ਅਤੇ ਅੰਕ ੫ ਤੇ ੭ ਵਿਚ ਰਾਜ ਭਾਗ ਦਾ ਵਰਨਣ ਹੈ।ਅੰਕ ੮ ਵਿਚ ਗੁਰਮਤ ਦੁਆਰਾ ਸ਼ਬਦ ਅਭਿਆਸ ਨਾਲ ਹਉਮੈ ਦਾ ਨਾਸ਼ ਕਰਕੇ ਪ੍ਰਭੂ ਪ੍ਰਾਪਤੀ ਦਾ ਜਿਕਰ ਹੈ।ਜਿਸ ਐਸ਼ ਪ੍ਰਸਤੀ, ਧਨ ਸੰਪਦਾ, ਕਰਾਮਾਤੀ

All Rights Reserved by Harjinder Singh Gyani | www.GuruGranthVakhyaan.org

ਸ਼ਕਤੀਆਂ ਅਤੇ ਰਾਜ ਭਾਗ ਹਾਸਲ ਕਰਨ ਲਈ ਲੋਕਾਂ ਵਿਚ ਲਾਲਸਾ ਹੈ, ਇਨ੍ਹਾਂ ਵਿਚ ਅਸਲੀ ਸੁਖ ਨਹੀ। ਸਦੀਵੀ ਸੁਖ ਵਾਹਿਗੁਰੂ ਦੀ ਸ਼ਰਣ ਪ੍ਰਾਪਤ ਕੀਤਿਆਂ ਮਿਲਦਾ ਹੈ।

ਗਉੜੀ ਮਹਲਾ ੧ ॥ ਸੇਵਾ ਏਕ ਨ ਜਾਨਸਿ ਅਵਰੇ ॥ ਪਰਪੰਚ ਬਿਆਧਿ ਤਿਆਗੈ ਕਵਰੇ ॥ ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥ ਹੇ ਭਾਈ! (ਪ੍ਰਭੂ ਦਾ ਭਗਤ) ਇਕ ਪ੍ਰਭੂ ਦੀ ਸੇਵਾ ਕਰਦਾ ਹੈ, (ਪ੍ਰਭੂ ਦੇ ਬਰਾਬਰ ਉਹ) ਹੋਰ ਕਿਸੇ ਨੂੰ ਨਹੀਂ ਜਾਣਦਾ। ਸੰਸਾਰ ਦੇ ਭੋਗਾਂ ਨੂੰ ,ਜੋ ਰੋਗ ਪੈਦਾ ਕਰਦੇ ਹਨ, ਉਹ ਕੌੜੇ ਜਾਣ ਕੇ ਛਡ ਦਿੰਦਾ ਹੈ। ਪ੍ਰਭੂ ਦੇ ਪ੍ਰੇਮ ਵਿਚ ਜੁੜ ਕੇ ਸੱਚੇ ਪ੍ਰਭੂ ਨੂੰ ਮਿਲਦਾ ਹੈ, ਸੱਚੇ ਪ੍ਰਭੂ ਦੀ ਕ੍ਰਿਪਾ ਨਾਲ ਸੱਚੇ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ।੧।

ਐਸਾ ਰਾਮ ਭਗਤੁ ਜਨੁ ਹੋਈ ॥ ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ਰਹਾਉ॥ ਪ੍ਰਭੂ ਦਾ ਭਗਤ, ਪ੍ਰਭੂ ਦਾ ਸੇਵਕ ਇਹੋ ਜਿਹਾ ਹੁੰਦਾ ਹੈ। (ਜੋ) ਹਰੀ ਦੇ ਗੁਣ ਗਾ ਕੇ (ਮਨ ਵਿਚ ਲੱਗੀ ਹੋਈ ਵਿਕਾਰਾਂ ਦੀ) ਮੈਲ ਧੋ ਕੇ ਹਰੀ ਨੂੰ ਮਿਲ ਪੈਂਦਾ ਹੈ।੧।ਰਹਾਉ।

ਊਂਧੋ ਕਵਲੁ ਸਗਲ ਸੰਸਾਰੈ ॥ ਦੁਰਮਤਿ ਅਗਨਿ ਜਗਤ ਪਰਜਾਰੈ ॥ ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥ (ਅਜੇਹੇ ਭਗਤਾਂ ਤੋਂ ਬਿਨਾ) ਸਾਰੇ ਸੰਸਾਰ ਦਾ ਹਿਰਦਾ ਕਮਲ ਪੁੱਠਾ ਹੈ (ਵਾਹਿਗੁਰੂ ਤੋਂ ਬੇਮੁਖ ਹੈ)। ਖੋਟੀ ਮੱਤ ਦੀ ਅੱਗ ਜਗਤ (ਦੇ ਲੋਕਾਂ) ਨੂੰ ਬੁਰੀ ਤਰ੍ਹਾਂ ਸਾੜਦੀ ਹੈ। (ਇਸ ਅੱਗ ਤੋਂ) ਉਹ ਬਚਦਾ ਹੈ, (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਨੂੰ ਬਿਚਾਰਦਾ ਹੈ।੨।

ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ ਮਿਰਗੁ ਮਰੈ ਸਹਿ ਅਪੁਨਾ ਕੀਨਾ ॥ ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥ (ਜਿਵੇਂ) ਭੌਰੇ, ਪਤੰਗਾ, ਹਾਥੀ, ਮੱਛੀ ਅਤੇ ਹਿਰਨ (ਪੰਜੇ ਇਕ ਇਕ ਵਿਸ਼ੇ ਵਿਚ ਫਸੇ ਹੋਣ ਕਰਕੇ) ਮਰ ਜਾਂਦੇ ਹਨ, (ਉਹ ਸਾਰੇ) ਆਪੋ ਅਪਣੇ ਕੀਤੇ (ਕਰਮਾਂ ਦਾ ਦੁਖ) ਸਹਾਰਦੇ ਹਨ। (ਤਿਵੇਂ ਮਨੁੱਖ ਨੇ) ਤ੍ਰਿਸ਼ਨਾ ਵਿਚ ਰਚ ਕੇ ਤੱਤ ਸਰੂਪ ਪ੍ਰਭੂ ਨੂੰ ਨਹੀ ਪਛਾਣਿਆ।੩।

ਪ੍ਰਮਾਣ = ਕਾਮ ਰੋਗਿ ਮੈਗਲੁ ਬਸਿ ਲੀਨਾ। ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ। ਨਾਦ ਰੋਗਿ ਖਪਿ ਗਏ ਕੁਰੰਗਾ। ...ਜਿਹਵਾ ਰੋਗਿ ਮੀਨੁ ਗ੍ਰਸਿਆਨੋ। ਬਾਸਨ ਰੋਗਿ ਭਵਰੁ ਬਿਨਸਾਨੋ। (ਅੰਗ ੧੧੪੦)।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ। ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ। (ਅੰਗ ੪੮੬)

ਕਾਮੁ ਚਿਤੈ ਕਾਮਣਿ ਹਿਤਕਾਰੀ ॥ ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥ (ਜਿਵੇਂ) ਇਸਤ੍ਰੀ ਦਾ ਪ੍ਰੇਮੀ ਕਾਮ ਵਾਸ਼ਨਾ ਚਿਤਵਦਾ ਰਹਿੰਦਾ ਹੈ। ਸਾਰੇ ਵਿਕਾਰੀਆਂ (ਮਨੁੱਖਾਂ ਦੇ ਜੀਵਨ) ਨੂੰ ਕ੍ਰੋਧ ਨਾਸ਼ ਕਰਦਾ ਹੈ। (ਅਜੇਹੇ ਖੋਟੀ ਮੱਤ ਵਾਲੇ ਮਨੁੱਖ) ਪ੍ਰਭੂ ਦੇ ਨਾਮ ਨੂੰ ਭੁਲਾ ਕੇ ਅਪਣੀ ਇੱਜਤ ਤੇ ਅਕਲ ਗੁਆ ਲੈਂਦੇ ਹਨ।੪।

ਪਦਾਰਥ = ਏਕ–ਇਕ ਰੱਬ ਦੀ। ਅਵਰੇ–ਹੋਰ ਦੂਜੇ ਦੀ। ਪਰਪੰਚ–ਪੰਜਾਂ ਤੱਤਾਂ ਦਾ ਬਣਿਆ ਸੰਸਾਰ ; ਛਲ ਰੂਪ ਸੰਸਾਰ। ਬਿਆਧਿ–ਰੋਗ। ਕਵਰੇ–ਕੌੜੇ। ਭਾਇ–ਪ੍ਰੇਮ ਵਿਚ। ਰੇ–ਹੇ ਭਾਈ!।੧। ਗਾਇ–ਗਾ ਕੇ। ਮਲੁ–ਮੈਲ। ਧੋਈ–ਧੋ ਕੇ।੧। ਰਹਾਉ। ਊਂਧੋ–ਪੁੱਠਾ। ਕਵਲੁ–ਹਿਰਦਾ। ਸਗਲ–ਸਾਰਾ। ਸੰਸਾਰੈ–ਸੰਸਾਰ ਦਾ। ਦੁਰਮਤਿ–ਖੋਟੀ ਮੱਤ। ਪਰਜਾਰੈ–ਬੁਰੀ ਤਰ੍ਹਾਂ ਸਾੜਦੀ ਹੈ। ਸੋ–ਉਹ–ਉਬਰੈ–ਬਚਦਾ ਹੈ।੨। ਭ੍ਰਿੰਗ–ਭੌਰੇ। ਪਤੰਗੁ–ਭਮੱਕੜ। ਕੁੰਚਰੁ–ਹਾਥੀ। ਅਰੁ–ਅਤੇ। ਮੀਨਾ–ਮੱਛਲੀ। ਮਿਰਗੁ–ਹਿਰਣ। ਸਹਿ–ਸਹਾਰਦੇ ਹਨ। ਰਾਚਿ–ਫਸ ਕੇ। ਤਤੁ–ਮੂਲ ਰੂਪ ਪ੍ਰਭੂ ਨੂੰ। ਬੀਨਾ–ਪਛਾਣਿਆ; ਦੇਖਿਆ।੩। ਚਿਤੈ–ਚਿਤਵਦਾ ਹੈ। ਕਾਮਣਿ–ਇਸਤ੍ਰੀ ਦਾ। ਹਿਤਕਾਰੀ –ਪ੍ਰੇਮੀ। ਵਿਕਾਰੀ–ਵਿਕਾਰੀਆਂ ਨੂੰ। ਪਤਿ–ਇੱਜਤ। ਮਤਿ–ਅਕਲ। ਖੋਵਹਿ–ਗੁਆ ਲੈਂਦੇ ਹਨ। ਵਿਸਾਰੀ–ਭੁਲਾ ਕੇ।੪।

ਊਂਧੋ ਕਵਲ = ਜਿਵੇਂ ਸੂਰਜ ਅੱਗੇ ਕਮਲ ਸਿੱਧਾ ਖਿੜਦਾ ਹੈ, ਤਿਵੇਂ ਹਰੀ ਵਿਚ ਹਿਰਦਾ ਸਿੱਧਾ ਹੋ ਕੇ ਖਿੜਦਾ ਨਹੀ, ਪੁੱਠਾ ਹੈ।

ਅੰਗ ੨੨੬ = ਪਰ ਘਰਿ ਚੀਤੁ ਮਨਮੁਖਿ ਡੋਲਾਇ ॥ ਗਲਿ ਜੇਵਰੀ ਧੰਧੈ ਲਪਟਾਇ ॥ ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥੫॥ ਮਨਮੁਖ ਦਾ ਚਿਤ ਪਰਾਈ ਇਸਤ੍ਰੀ ਉਤੇ ਡੋਲਦਾ ਹੈ। (ਅਜੇਹੇ ਮਨੁੱਖ ਦੇ) ਗਲ ਵਿਚ (ਵਿਸ਼ਿਆਂ ਦੀ) ਫਾਹੀ ਪੈਂਦੀ ਹੈ, (ਕਿਉਂਕਿ ਉਹ ਝੂਠੇ) ਧੰਧਿਆਂ ਵਿਚ ਫਸਦਾ ਹੈ। (ਪਰ) ਗੁਰਮੁਖ ਹਰੀ ਦੇ ਗੁਣ ਗਾ ਕੇ (ਅਜੇਹੇ ਸਾਰੇ ਵਿਕਾਰਾਂ ਤੋਂ) ਛੁਟ ਜਾਂਦਾ ਹੈ।੫।

ਜਿਉ ਤਨੁ ਬਿਧਵਾ ਪਰ ਕਉ ਦੇਈ ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥ ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥ ਜਿਵੇਂ ਵਿਧਵਾ ਇਸਤ੍ਰੀ ਅਪਣਾ ਸਰੀਰ ਪਰਾਏ ਮਨੁੱਖ ਨੂੰ ਦੇਂਦੀ ਹੈ। ਉਹ (ਇਸਤ੍ਰੀ) ਕਾਮ ਤੇ ਪੈਸਿਆਂ (ਦੇ ਲਾਲਚ) ਲਈ ਅਪਣਾ ਚਿਤ ਪਰਾਏ ਵਸ ਕਰਦੀ ਹੈ। (ਪਰ) ਪਤੀ ਤੋਂ ਬਿਨਾ (ਉਹ ਇਸਤ੍ਰੀ) ਕਦੇ ਵੀ ਤ੍ਰਿਪਤ ਨਹੀਂ ਹੁੰਦੀ (ਜਿਵੇਂ ਮਨੁੱਖ ਕਾਮਨਾ ਤੇ ਧਨ ਵਾਸਤੇ

All Rights Reserved by Harjinder Singh Gyani | www.GuruGranthVakhyaan.org

ਅਪਣੇ ਮਨ ਨੂੰ ਦੇਵੀ ਦੇਵਤਿਆਂ ਅੱਗੇ ਭੇਟ ਕਰਦਾ ਹੈ।ਜਾਂ ਧਨ ਅਤੇ ਕਾਮ ਵਾਸ਼ਨਾ ਨਾਲ ਕਦੇ ਮਨੁੱਖ ਰੱਜਦਾ ਨਹੀਂ, ਵਾਹਿਗੁਰੂ ਦਾ ਨਾਮ ਸਿਮਰਨ ਕੀਤੇ ਬਿਨਾ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ)।੬।

ਪੜਿ ਪੜਿ ਪੋਥੀ ਸਿਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥ ਬਿਨੁ ਰਸ ਰਾਤੇ ਮਨ ਬਹੁ ਨਾਟਾ ॥੭॥ (ਵਿਦਵਾਨ ਪੰਡਤ) ਪੋਥੀਆਂ ਪੜ੍ਹ ਪੜ੍ਹ ਕੇ ਤੇ ਸਿਮ੍ਰਤੀਆਂ ਦੇ ਪਾਠ ਪੜ੍ਹਦਾ ਹੈ।ਬੇਦ ਪੁਰਾਣਾਂ ਦੀ ਰਚਨਾ ਪੜ੍ਹਦਾ ਹੈ ਤੇ ਸੁਣਦਾ ਹੈ।(ਪਰ ਨਾਮ) ਰਸ ਵਿਚ ਰੰਗੇ ਬਿਨਾ ਇਹ ਮਨ (ਚੰਚਲ ਹੋ ਕੇ) ਨਟਾਂ ਵਾਂਗ ਨੱਚਦਾ ਟੱਪਦਾ ਰਹਿੰਦਾ ਹੈ (ਭਾਵ ਟਿਕਦਾ ਨਹੀਂ)।੭।

ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ ਜਿਉ ਮੀਨਾ ਜਲ ਮਾਹਿ ਉਲਾਸਾ ॥ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥ ਜਿਵੇਂ ਪਪੀਹੇ ਦਾ ਜਲ (ਸ੍ਵਾਂਤੀ ਬੂੰਦ) ਨਾਲ ਪ੍ਰੇਮ ਹੈ ਅਤੇ (ਪਪੀਹਾ ਸ੍ਵਾਂਤੀ ਬੂੰਦ ਦਾ) ਪਿਆਸਾ ਰਹਿੰਦਾ ਹੈ।ਜਿਵੇਂ ਮੱਛੀ ਪਾਣੀ ਵਿਚ ਪ੍ਰਸੰਨ ਹੁੰਦੀ ਹੈ।ਹੇ ਨਾਨਕ! (ਤਿਵੇਂ ਪ੍ਰਭੂ ਦਾ ਭਗਤ) ਹਰੀ ਦਾ ਨਾਮ ਰਸ ਪੀ ਕੇ ਤ੍ਰਿਪਤ ਹੁੰਦਾ ਹੈ।੮।੧੧।

ਪਦਾਰਥ = ਪਰ ਘਰਿ-ਪਰਾਇਆ ਘਰ; ਪਰਾਈ ਇਸਤ੍ਰੀ।ਜੇਵਰੀ-ਫਾਹੀ।ਧੰਧੈ-ਜੰਜਾਲ ਵਿਚ।ਲਪਟਾਇ-ਫਸਦਾ ਹੈ।੫।ਬਿਧਵਾ -ਵੇਸਵਾ; ਜਿਸਦਾ ਪਤੀ ਮਰ ਗਿਆ ਹੋਵੇ।ਪਰ ਕਉ-ਪਰਾਏ ਮਨੁੱਖ ਨੂੰ।ਦੇਈ-ਦੇਂਦੀ ਹੈ।ਕਾਮਿ-ਕਾਮ ਵਾਸ਼ਨਾ ਕਰਕੇ।ਦਾਮਿ-ਧਨ ਦੇ (ਲਾਲਚ ਵਿਚ)।ਪਰ ਵਸਿ-ਪਰਾਏ ਵਸ ਵਿਚ।ਸੇਈ-ਉਹ (ਬਿਧਵਾ)।ਪਿਰ-ਪਤੀ।ਤ੍ਰਿਪਤਿ-ਸੰਤੋਖ; ਸ਼ਾਂਤੀ।੬।ਥਾਟਾ-ਬਨਾਵਟ; ਰਚਨਾ; ਪ੍ਰਸੰਗ।ਬਿਨੁ ਰਾਤੇ-ਬਿਨਾ ਰੰਗੇ ਤੋਂ।ਰਸ-ਨਾਮ ਦਾ ਰਸ।ਨਾਟਾ-(ਨਟਾਂ ਵਾਂਗ) ਨੱਚਦਾ ਹੈ।੭।ਚਾਤ੍ਰਿਕ-ਪਪੀਹਾ ।ਜਲ -(ਸ੍ਵਾਂਤੀ ਬੂੰਦ ਦੇ) ਜਲ ਦਾ।ਉਲਾਸਾ-ਖੁਸ਼।ਤ੍ਰਿਪਤਾਸਾ-ਰੱਜ ਜਾਂਦਾ ਹੈ।੮।੧੧।

ਗਉੜੀ ਮਹਲਾ ੧ ॥ ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥ (ਹੇ ਭਾਈ! ਜੇ ਕੋਈ ਮਨੁੱਖ) ਹੱਠ ਕਰ ਕੇ (ਅੱਗ ਵਿਚ ਸੜ) ਮਰਦਾ ਹੈ, (ਉਹ ਕਿਸੇ) ਗਿਣਤੀ ਵਿਚ ਨਹੀਂ ਪੈਂਦਾ ਭਾਵ ਦਰਗਾਹ ਵਿਚ ਪ੍ਰਵਾਨ ਨਹੀਂ ਹੁੰਦਾ।(ਭਾਵੇਂ ਕੋਈ) ਬਹੁਤੇ ਭੇਖ ਧਾਰਣ ਕਰ ਲਵੇ ਅਤੇ ਸਰੀਰ ਤੇ ਸੁਆਹ ਲਗਾ ਲਵੇ।ਵਾਹਿਗੁਰੂ ਦਾ ਨਾਮ ਭੁਲਾ ਕੇ (ਮਨੁੱਖ) ਪਿੱਛੋਂ ਪਛਤਾਉਂਦਾ ਹੈ (ਅਜੇਹੇ ਕਰਮ ਕਰਕੇ ਜੀਵਨ ਬਿਅਰਥ ਬੀਤਦਾ ਹੈ)।੧।

ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ਰਹਾਉ॥ (ਹੇ ਭਾਈ!) ਤੂੰ ਮਨ ਵਿਚ ਹਰਿ ਜੀ ਨੂੰ ਵਸਾ ਲੈ, (ਇਸ ਨਾਲ) ਤੂੰ ਮਨ ਕਰਕੇ ਸੁਖ ਪਾਵੇਂਗਾ।(ਪਰ) ਹਰੀ ਦੇ ਨਾਮ ਨੂੰ ਭੁਲਾ ਕੇ ਜਮਾਂ ਦਾ ਦੁਖ ਸਹਾਰੇਂਗਾ।੧।ਰਹਾਉ।

ਚੋਆ ਚੰਦਨ ਅਗਰ ਕਪੂਰਿ ॥ ਮਾਇਆ ਮਗਨੁ ਪਰਮਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥ (ਜਿਹੜਾ ਮਨੁੱਖ ਅਪਣੇ ਸਰੀਰ ਉਤੇ) ਚੁਆਇਆ ਹੋਇਆ ਅਤਰ, ਚੰਦਨ ਅਗਰ ਤੇ ਕਪੂਰ ਆਦਿ ਦੀਆਂ ਸੁਗੰਧੀਆਂ ਮਲਨ ਵਿਚ ਮਸਤ ਹੈ।ਤੇ ਮਾਇਆ ਵਿਚ ਮਗਨ ਹੈ, (ਉਹ) ਪਰਮ ਪਦ ਤੋਂ ਦੂਰ ਹੀ ਰਹਿੰਦਾ ਹੈ।ਨਾਮ ਨੂੰ ਭੁਲਾ ਦੇਣ ਨਾਲ ਇਹ ਸਭ ਝੂਠ ਹੀ ਝੂਠ ਹੈ।੨।

ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥ (ਜੇ ਕੋਈ) ਤਖਤ ਉਤੇ ਬੈਠਾ ਹੈ, (ਸਭ ਜਗ੍ਹਾ ਉਸਦੇ) ਝੰਡੇ ਝੂਲਦੇ ਹਨ, ਬਾਜੇ ਵਜਦੇ ਹਨ ਤੇ (ਲੋਕ) ਸਲਾਮ ਕਰਦੇ ਹਨ।(ਫਿਰ ਹੋਰਾਂ ਦਾ ਰਾਜ ਖੋਹਣ ਦੀ) ਤ੍ਰਿਸ਼ਨਾ ਵਧਦੀ ਹੈ ਤੇ ਕਾਮ ਵਾਸ਼ਨਾ ਵਿਆਪਦੀ ਹੈ।ਹਰੀ ਨੂੰ ਮੰਗੇ (ਲੋੜ ਅਨੁਭਵ ਹੋਣ) ਬਿਨਾ ਨਾ ਨਾਮ ਮਿਲਦਾ ਹੈ ਤੇ ਨਾ ਹੀ ਭਗਤੀ ਪ੍ਰਾਪਤ ਹੁੰਦੀ ਹੈ।੩।

ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥ (ਧਾਰਮਕ) ਵਾਦ ਵਿਵਾਦ ਕਰਨ ਤੇ (ਅਪਣੀ ਵਿਦਿਆ ਦਾ) ਹੰਕਾਰ ਕਰਨ ਨਾਲ ਪ੍ਰਭੂ ਦਾ ਮੇਲ ਨਹੀਂ ਹੁੰਦਾ।(ਪ੍ਰਭੂ ਨੂੰ) ਮਨ ਭੇਟ ਕਰ ਦੇਣ ਨਾਲ ਸੁਖਦਾਈ ਨਾਮ ਪ੍ਰਾਪਤ ਹੁੰਦਾ ਹੈ।ਦ੍ਵੈਤ ਭਾਵ ਵਿਚ ਰਹਿਣ ਨਾਲ ਦੁਖ ਦੇਣ ਵਾਲਾ ਅਗਿਆਨ ਵਧਦਾ ਹੈ।੪।

ਪਦਾਰਥ = ਹਠੁ-ਹਠ ਧਾਰ ਕੇ ਹਠ ਯੋਗ ਆਦਿ ਦੇ ਤਪ ਸਾਧਣੇ ਤੇ ਉਮਰ ਵਧਾਉਣ ਤੇ ਕਰਾਮਾਤਾਂ ਹਾਸਲ ਕਰਨ ਲਈ ਕੀਤੇ ਜਾਣ ਵਾਲੇ ਕਰਮ।ਨ ਲੇਖੈ ਪਾਵੈ-ਕਿਸੇ ਗਿਣਤੀ ਵਿਚ ਨਹੀਂ ਪੈਂਦੇ (ਪ੍ਰਵਾਨ ਨਹੀਂ ਹੁੰਦੇ)।ਵੇਸੁ-ਧਾਰਮਕ ਭੇਖ।ਭਸਮ-ਸੁਆਹ। ਬਿਸਾਰਿ-ਭੁਲਾ ਕੇ।ਬਹੁਰਿ-ਪਿਛੋਂ; ਅੰਤ ਵਿਚ।੧।ਮਨਿ-ਮਨ ਵਿਚ।ਸਹਹਿ-ਸਹਾਰੇਂਗਾ।ਜਮ-ਜਮਾਂ ਦਾ।੧।ਰਹਾਉ।ਚੋਆ ਅਗਰ -ਅਗਰ ਦੀ ਲੱਕੜ ਦਾ ਤੇਲ।ਮਗਨੁ-ਮਸਤ।ਕੂੜੋ ਕੂਰਿ-ਝੂਠ ਹੀ ਝੂਠ ਹੈ।੨।ਨੇਜੇ-ਝੰਡੇ; ਚੋਬਦਾਰ।ਅਧਕੀ-ਅਧਿਕ (ਬਹੁਤ)। ਵਿਆਪੈ-ਵਿਆਪਦਾ ਹੈ।ਕਾਮੁ-ਕਾਮ ਵਾਸ਼ਨਾ।ਬਿਨੁ ਜਾਚੇ-ਮੰਗਣ ਤੋਂ ਬਿਨਾ।੩।ਵਾਦਿ-ਬਹਿਸ ਮੁਬਾਹਸਾ।ਦੇ-ਦੇ ਕੇ।ਸੁਹੇਲਾ-

All Rights Reserved by Harjinder Singh Gyani | www.GuruGranthVakhyaan.org

ਸੁਖਦਾਈ। ਦੂਜੈ ਭਾਇ–ਰੱਬ ਤੋਂ ਬਿਨਾ ਕਿਸੇ ਹੋਰ ਦਾ ਪਿਆਰ। ਦੁਹੇਲਾ–ਦੁਖਦਾਈ।੪।

ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥ ਦਮੜਿਆਂ ਤੋਂ ਬਿਨਾ (ਜਿਵੇਂ) ਹੱਟੀ ਤੋਂ ਸੌਦਾ ਨਹੀਂ ਮਿਲਦਾ। ਜਿਵੇਂ ਜਹਾਜ ਤੋਂ ਬਿਨਾ ਸਮੁੰਦਰ ਦੀ ਵਾਟ ਨਹੀਂ ਲੰਘੀ ਜਾ ਸਕਦੀ। (ਤਿਵੇਂ) ਗੁਰੂ ਦੀ ਸੇਵਾ ਕੀਤੇ ਬਿਨਾ (ਜੀਵਨ ਠੀਕ ਤਰੀਕੇ ਨਾਲ ਨਹੀਂ ਤੁਰਦਾ) ਘਾਟੇ ਹੀ ਘਾਟੇ ਵਿਚ ਰਹੀਦਾ ਹੈ।੫।

ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ (ਹੇ ਭਾਈ!) ਉਸ ਗੁਰੂ ਨੂੰ ਧੰਨ ਧੰਨ ਆਖ, ਜਿਹੜਾ (ਜੀਵਨ ਦਾ) ਰਸਤਾ ਦਿਖਾਉਂਦਾ ਹੈ। ਉਸ ਗੁਰੂ ਨੂੰ ਧੰਨ ਧੰਨ ਆਖ, ਜਿਹੜਾ ਸ਼ਬਦ ਸੁਣਾਉਂਦਾ ਹੈ। ਉਸ ਗੁਰੂ ਨੂੰ ਧੰਨ ਧੰਨ ਆਖ ਜਿਹੜਾ ਪ੍ਰਮੇਸਰ ਦੇ ਮੇਲ ਵਿਚ ਮਿਲਾਉਂਦਾ ਹੈ।੬।

ਵਾਹੁ ਵਾਹੁ ਤਿਸੁ ਕਉ ਜਿਸ ਕਾ ਇਹੁ ਜੀਉ ॥ ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥੭॥ ਉਸ ਪ੍ਰਭੂ ਨੂੰ ਧੰਨ ਧੰਨ ਆਖੋ, ਜਿਸ ਦਾ ਦਿਤਾ ਹੋਇਆ ਇਹ ਜੀਵਨ ਹੈ। ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕੇ ਹਰੀ ਦਾ ਨਾਮ ਅੰਮ੍ਰਿਤ ਪੀਂਦਾ ਰਹੁ। (ਹੇ ਹਰੀ! ਜਿਹੜੇ ਪੁਰਖ) ਤੇਰੇ ਭਾਣੇ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਤੈਂ ਨਾਮ ਦੀ ਵਡਿਆਈ ਦਿਤੀ ਹੈ।੭।

ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥ ਹੇ ਮੇਰੀ ਮਾਂ! ਨਾਮ ਤੋਂ ਬਿਨਾ ਮੈਂ ਕਿਵੇਂ ਜਿਉਂਦਾ ਰਹਿ ਸਕਦਾ ਹਾਂ? (ਹੇ ਪ੍ਰਭੂ! ਕ੍ਰਿਪਾ ਕਰ, ਮੈਂ) ਸ਼ਰਣ ਵਿਚ ਰਹਿ ਕੇ ਦਿਨ ਰਾਤ (ਤੇਰਾ) ਨਾਮ ਜਪਦਾ ਰਹਾਂ। ਹੇ ਨਾਨਕ! (ਜੋ ਪੁਰਖ) ਨਾਮ ਵਿਚ ਰੰਗੇ ਹਨ (ਉਹ ਲੋਕ ਪ੍ਰਲੋਕ ਵਿਚ) ਇੱਜਤ ਪਾਉਂਦੇ ਹਨ।੮।੧੨।

ਪਦਾਰਥ = ਦਮ–ਦਮੜੇ (ਧਨ)। ਹਾਟ–ਹੱਟੀ। ਬੋਹਿਥ–ਸਮੁੰਦਰੀ ਜਹਾਜ। ਬਾਟ–ਰਸਤਾ; ਸਫਰ।੫। ਤਿਸੁ–ਉਸ। ਕਉ–ਨੂੰ। ਵਾਹੁ ਵਾਹੁ–ਧੰਨ ਧੰਨ। ਜਿ–ਜਿਹੜਾ (ਗੁਰੂ)।੬। ਜੀਉ–ਜੀਵਨ। ਪੀਉ–ਪੀਂਦਾ ਰਹੁ। ਮਥਿ–ਰਿੜਕ (ਵਿਚਾਰ) ਕੇ। ਤੁਧੁ–ਤੈਨੂੰ; ਤੇਰਾ। ਭਾਣੈ –ਰਜ਼ਾ ਵਿਚ। ਦੀਉ–ਦਿਤੀ ਹੈ।੭। ਮਾਇ–ਹੇ ਮਾਂ!। ਅਨਦਿਨੁ–ਹਰ ਰੋਜ। ਜਪਤੁ ਰਹਉ–ਜਪਦਾ ਰਹਾਂ। ਰਤੇ–ਰੰਗੇ ਹਨ।੮।੧੨।

ਗਉੜੀ ਮਹਲਾ ੧ ॥ ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥ ਭੇਖ ਧਾਰੀਆਂ ਨੇ (ਭੇਖ ਦੀ) ਹਉਮੈ ਕਰਦਿਆਂ (ਪ੍ਰਭੂ ਨੂੰ) ਨਹੀਂ ਜਾਣਿਆ। (ਹਉਮੈ ਦਾ ਤਿਆਗ ਕਰਕੇ ਕਿਸੇ) ਵਿਰਲੇ ਗੁਰਮੁਖ ਦਾ ਭਗਤੀ ਦੁਆਰਾ (ਪ੍ਰਭੂ ਵਿਚ) ਮਨ ਪਤੀਜਿਆ ਹੈ।੧।

ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ਰਹਾਉ॥ ਹਉਂ ਹਉਂ (ਮੈਂ ਵਡਾ ਸਿੱਧ ਹਾਂ, ਮੇਰਾ ਭੇਖ ਚੰਗਾ ਹੈ, ਆਦਿ) ਕਰਦਿਆਂ ਸੱਚਾ ਪ੍ਰਭੂ ਨਹੀਂ ਪਾਇਆ ਜਾਂਦਾ। (ਜੇ) ਹਉਮੈ ਮਰ ਜਾਵੇ ਤਾਂ ਪਰਮਪਦ ਪਾਈਦਾ ਹੈ।੧।ਰਹਾਉ।

ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥ ਹਉਮੈ ਕਰਕੇ ਰਾਜੇ (ਮਾਇਆ ਪਿੱਛੇ) ਬਹੁਤ ਭੱਜੇ ਫਿਰਦੇ ਹਨ। (ਉਹ ਜਿਉਂਦੇ ਜੀ) ਹਉਮੈ ਵਿਚ ਖਪਦੇ ਹੀ ਹਨ ਤੇ (ਮਰ ਕੇ) ਜਨਮ ਵਿਚ ਆਉਂਦੇ ਹਨ, ਤੇ ਫਿਰ ਮਰਦੇ ਹਨ, (ਫਿਰ ਸੰਸਾਰ ਵਿਚ ਜਨਮ ਲੈ ਕੇ) ਆਉਂਦੇ ਹਨ ਭਾਵ ਬਾਰ ਬਾਰ ਜੰਮਦੇ ਮਰਦੇ ਰਹਿੰਦੇ ਹਨ।੨।

ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥ (ਹਉਮੈ ਕਿਵੇਂ ਦੂਰ ਹੁੰਦੀ ਹੈ? ਜੋ ਮਨੁੱਖ) ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ, (ਉਸਦੀ) ਹਉਮੈ ਦੂਰ ਹੋ ਜਾਂਦੀ ਹੈ। (ਸ਼ਬਦ ਦੇ ਵਿਚਾਰ ਨਾਲ ਮਨੁੱਖ) ਚੰਚਲ ਮੱਤ ਛਡ ਦਿੰਦਾ ਹੈ ਤੇ ਪੰਜ (ਕਾਮਾਦਿਕਾਂ ਵੀ) ਮਾਰ ਲੈਂਦਾ ਹੈ।੩।

ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥ (ਜਿਨ੍ਹਾਂ ਪੁਰਖਾਂ ਦੇ) ਅੰਦਰ ਸੱਚਾ ਨਾਮ ਹੈ, ਉਹ ਗਿਆਨ ਤੇ ਸ਼ਾਂਤੀ ਵਾਲੀ ਅਵਸਥਾ ਵਿਚ ਆ ਵਸਦੇ ਹਨ। ਪ੍ਰਭੂ ਪਾਤਸ਼ਾਹ ਨੂੰ ਜਾਣ ਕੇ ਪਰਮ ਗਤੀ ਪਾ ਲੈਂਦੇ ਹਨ।੪।

ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥ (ਜਿਸ ਪੁਰਖ ਦੀ ਨਾਮ ਸਿਮਰਨ ਦੀ) ਸੱਚੀ ਕਰਣੀ ਹੈ, ਗੁਰੂ ਉਸ ਦਾ ਭਰਮ ਦੂਰ ਕਰ ਦੇਂਦਾ ਹੈ। (ਫਿਰ ਉਹ ਪੁਰਖ) ਨਿਰਭਉ ਪ੍ਰਭੂ ਦੇ ਸਰੂਪ ਵਿਚ ਬ੍ਰਿਤੀ ਜੋੜਦਾ ਹੈ।੫।

ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥ (ਹੇ ਭਾਈ!) ਮੈਂ ਮੈਂ ਕਰਕੇ ਜੋ ਮਰਣਾ ਹੈ, (ਉਸ ਦਾ ਕੋਈ) ਕੀ ਫਲ ਪਾਉਂਦਾ ਹੈ? ਭਾਵ ਹਉਮੈ ਵਾਲੇ ਮਨੁੱਖ ਦੇ ਪੱਲੇ ਕੁਝ ਨਹੀਂ ਪੈਂਦਾ, ਖਾਲੀ ਹੋ ਤੁਰਦਾ ਹੈ, ਪਰ ਜਿਸ ਮਨੁੱਖ ਨੂੰ) ਪੂਰਾ ਗੁਰੂ ਮਿਲ ਪਵੇ, ਉਹ (ਗੁਰੂ ਉਸ ਮਨੁੱਖ ਦਾ ਜਨਮ ਮਰਣ ਦਾ) ਝਗੜਾ ਹੀ ਖਤਮ ਕਰ ਦੇਂਦਾ ਹੈ।੬।

All Rights Reserved by Harjinder Singh Gyani | www.GuruGranthVakhyaan.org

ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥ ਜਿਤਨੀ ਕੁ ਦੁਨੀਆਂ ਦਿਸ ਰਹੀ ਹੈ, ਉਤਨੀ ਅਸਲ ਵਿਚ ਕੁਝ ਵੀ ਨਹੀਂ (ਨਾਸ਼ਵੰਤ ਹੈ, ਪ੍ਰਭੂ ਦੀ ਸੱਤਾ ਕਰਕੇ ਸੱਚੀ ਭਾਸਦੀ ਹੈ); ਜਿਤਨੀ ਕੁ (ਹਉਮੈ ਦੀ ਖੇਡ ਦਿਸਦੀ) ਹੈ, ਉਤਨੀ ਇਹ ਅਸਲ ਵਿਚ ਕੁਝ ਵੀ ਨਹੀਂ (ਡਾ.ਤਾ. ਸਿੰਘ। ਜਿਸ ਮਨੁੱਖ ਨੂੰ) ਗੁਰੂ ਦਾ ਗਿਆਨ ਮਿਲਦਾ ਹੈ (ਉਹ) ਹਰੀ ਦੇ ਗੁਣ ਗਾਉਂਦਾ ਹੈ।੭।

ਅੰਗ ੨੨੭ = ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥ ਹਉਮੈ ਜੀਵਾਂ ਨੂੰ ਬੰਧਨਾਂ ਵਿਚ ਬੰਨ੍ਹ ਕੇ ਆਵਾਗੌਣ ਵਿਚ ਭਵਾਉਂਦੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, (ਕਿ ਜੋ ਪੁਰਖ) ਵਾਹਿਗੁਰੂ ਦੀ ਭਗਤੀ ਕਰਦਾ ਹੈ, (ਉਹ ਹਉਮੈ ਤੋਂ ਬਚਿਆ ਹੋਇਆ ਹੈ, ਇਸ ਕਰਕੇ ਉਹ ਸਦੀਵੀ) ਸੁਖ ਪਾਉਂਦਾ ਹੈ।੮।੧੩।

ਪਦਾਰਥ = ਕਰਤ-ਕਰਦਿਆਂ। ਭੇਖੀ-ਭੇਖ ਧਾਰੀਆਂ ਨੇ; ਧਾਰਮਕ ਭੇਖਾਂ ਨਾਲ। ਮਨੁ ਮਾਨਿਆ-ਮਨ ਪਤੀਜ ਗਿਆ; ਭਗਤੀ ਵਿਚ ਗਿੱਝ ਗਿਆ।੧। ਹਉ ਹਉ-ਮੈਂ ਮੈਂ। ਸਚੁ-ਸੱਚਾ ਪ੍ਰਭੂ। ਪਰਮ ਪਦੁ-ਸਭ ਤੋਂ ਉਚੀ ਆਤਮਕ ਪਦਵੀ।੧। ਰਹਾਉ। ਬਹੁ-ਬਹੁਤ। ਧਾਵਹਿ-ਭੱਜੇ ਫਿਰਦੇ ਹਨ; (ਦੂਜੇ ਰਾਜਿਆਂ ਤੇ) ਹਮਲੇ ਕਰਦੇ ਹਨ। ਖਪਹਿ-ਦੁਖੀ ਹੁੰਦੇ ਹਨ।੨। ਨਿਵਰੈ-ਦੂਰ ਹੁੰਦੀ ਹੈ। ਪੰਚ-ਪੰਜ ਕਾਮਾਦਿਕਾਂ ਨੂੰ। ਸੰਘਾਰੈ-ਮਾਰਦਾ ਹੈ।੩। ਅੰਤਰਿ-ਹਿਰਦੇ ਅੰਦਰ। ਸਾਚੁ-ਸੱਚਾ ਨਾਮ। ਸਹਜ ਘਰਿ-ਪੂਰਨ ਗਿਆਨ ਤੇ ਸ਼ਾਂਤੀ ਵਾਲੀ ਅਵਸਥਾ। ਰਾਜਨੁ-ਪ੍ਰਭੂ ਪਾਤਸ਼ਾਹ। ਪਰਮ ਗਤਿ-ਉਚੀ ਆਤਮਕ ਅਵਸਥਾ।੪। ਸਚੁ ਕਰਣੀ-ਨਾਮ ਸਿਮਰਨ ਦੀ ਸਚੀ ਘਾਲ। ਚੁਕਾਵੈ-ਦੂਰ ਕਰਦਾ ਹੈ। ਘਰਿ-ਸਰੂਪ ਵਿਚ। ਤਾੜੀ-ਬ੍ਰਿਤੀ; ਸਮਾਧੀ।੫। ਭੇਟੇ-ਮਿਲ ਜਾਵੇ। ਸੋ-ਉਹ।੬। ਜੇਤੀ ਹੈ-ਜਿੰਨੀ (ਹਉਮੈ ਜਾਂ ਸ੍ਰਿਸਟੀ) ਹੈ। ਤੇਤੀ-ਉਤਨੀ। ਕਿਹੁ ਨਾਹੀ-ਕੁਝ ਵੀ ਨਹੀਂ। ਭੇਟਿ-ਮਿਲ ਕੇ; ਪ੍ਰਾਪਤ ਕਰ ਕੇ। ਗਾਹੀ-ਗਾਉਂਦਾ ਹੈ।੭। ਬੰਧਨ ਬੰਧਿ-ਬੰਧਨਾਂ ਵਿਚ ਬੰਨ੍ਹ ਕੇ। ਭਵਾਵੈ-ਭਵਾਉਂਦੀ ਹੈ। ਸੁਖੁ-ਆਤਮਕ ਅਨੰਦ।੮।੧੩।

ਗਉੜੀ ਮਹਲਾ ੧ ॥ ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲਿ ਨ ਪਾਇਆ ॥ ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ (ਸਭ ਤੋਂ) ਪਹਿਲਾਂ ਬ੍ਰਹਮਾ ਮੌਤ ਦੇ ਘਰ ਵਿਚ ਆਇਆ; ਸਭ ਤੋਂ ਪਹਿਲਾਂ ਬ੍ਰਹਮਾ ਸੰਸਾਰ ਵਿਚ ਆਇਆ (ਮੰਨਿਆ ਜਾਂਦਾ ਹੈ, ਉਹ ਵੀ) ਮੌਤ ਦੇ ਵਸ ਵਿਚ ਪਿਆ (ਕਿਉਂਕਿ ਜੋ ਜਨਮਿਆ ਹੈ, ਉਹ ਮਰਦਾ ਜਰੂਰ ਹੈ)। ਬ੍ਰਹਮਾ ਜੋ ਕਮਲ ਫੁੱਲ ਤੋਂ ਪੈਦਾ ਹੋਇਆ ਸੀ, (ਉਸ ਕਮਲ ਦੀ ਡੂੰਘਾਈ ਦਾ ਅੰਤ) ਪਤਾਲ ਤਕ ਜਾ ਕੇ ਵੀ ਨਾ ਪਾ ਸਕਿਆ। (ਕਿਉਂਕਿ ਉਸ ਨੇ) ਵਾਹਿਗੁਰੂ ਦੀ ਆਗਿਆ ਨਹੀ ਲਈ (ਭਾਵ ਅਪਣਾ ਕਰਤਾ ਪ੍ਰਭੂ ਨੂੰ ਨਾ ਮੰਨਿਆ) ਤੇ ਭਰਮ ਵਿਚ ਭੁੱਲਿਆ ਫਿਰਦਾ ਰਿਹਾ।੧।

ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ਰਹਾਉ॥ (ਹੇ ਭਾਈ! ਸੰਸਾਰ ਵਿਚ) ਜੋ ਵੀ ਪੈਦਾ ਹੋਇਆ ਹੈ, ਉਹ ਕਾਲ ਨੇ ਮਾਰ ਦਿਤਾ ਹੈ। (ਪਰ ਕਾਲ ਤੋਂ) ਸਾਨੂੰ ਹਰੀ ਨੇ ਬਚਾ ਲਿਆ ਹੈ, (ਕਿਉਂਕਿ ਅਸੀਂ) ਗੁਰੂ ਦੇ ਸ਼ਬਦ ਨੂੰ ਵਿਚਾਰਿਆ ਹੈ।੧। ਰਹਾਉ।

ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥ (ਮਨੁਖ ਦਾ ਕੀ ਕਹਿਣਾ ਹੈ?) ਸਾਰੇ ਦੇਵੀ ਦੇਵਤੇ ਮਾਇਆ ਦੇ ਮੋਹੇ ਹੋਏ ਹਨ। ਗੁਰੂ ਦੀ ਸੇਵਾ ਕੀਤੇ ਬਿਨਾ ਕਾਲ (ਦੇਵਤਿਆਂ ਨੂੰ ਵੀ) ਨਹੀਂ ਛਡਦਾ। ਨਾਸ਼ ਰਹਿਤ (ਕਾਲ ਤੋਂ ਰਹਿਤ ਕੇਵਲ) ਉਹ ਲੱਖਤਾ ਤੇ ਭੇਦ ਰਹਿਤ ਅਕਾਲ ਪੁਰਖ ਹੈ।੨।

ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ (ਚਾਹੇ) ਸੁਲਤਾਨ ਹੋਣ, ਖਾਨ ਜਾਂ ਹੋਣ, (ਬਾਦਸ਼ਾਹ, ਸੁਲਤਾਨ ਤੋਂ ਛੋਟਾ ਹੁੰਦਾ ਹੈ, ਜਗਤ ਵਿਚ ਕਿਸੇ ਨੇ ਸਦਾ) ਨਹੀਂ ਰਹਿਣਾ। (ਜਿਹੜੇ ਲੋਕ) ਨਾਮ ਤੋਂ ਭੁੱਲੇ ਹੋਏ ਹਨ, (ਉਨ੍ਹਾ ਨੂੰ) ਜਮਾਂ ਦਾ ਦੁਖ ਸਹਾਰਨਾ ਪੈਣਾ ਹੈ। ਮੈਂ ਨਾਮ ਨੂੰ ਆਸਰਾ ਬਣਾਇਆ ਹੈ, (ਹੇ ਪ੍ਰਭੂ! ਤੁਸੀਂ ਮੈਨੂੰ) ਜਿਵੇਂ ਰੱਖੋ (ਮੈਂ ਤੇਰੇ ਭਾਣੇ ਵਿਚ ਉਸੇ ਤਰ੍ਹਾਂ ਰਾਜੀ) ਰਹਿਣਾ ਹੈ।੩।

ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ, ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ (ਚਾਹੇ) ਚੌਧਰੀ ਹੋਣ ਜਾਂ ਰਾਜੇ ਹੋਣ, (ਜਗਤ ਵਿਚ ਪੱਕਾ) ਟਿਕਾਣਾ ਕਿਸੇ ਦਾ ਵੀ ਨਹੀਂ ਹੈ। (ਉਹ) ਸ਼ਾਹ ਵੀ ਮਰ ਜਾਂਦੇ ਹਨ, ਜੋ ਧਨ ਮਾਲ ਆਦਿ ਇਕੱਠਾ ਕਰਦੇ ਹਨ। ਹੇ ਪ੍ਰਭੂ! (ਮੇਰੀ ਅਰਦਾਸ ਹੈ, ਤੂੰ) ਮੈਨੂੰ ਅਮਰ ਕਰਨ ਵਾਲਾ ਨਾਮ ਧਨ ਬਖਸ਼ ਦੇਹ।੪।

ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥ (ਜਿਤਨੀ) ਪਰਜਾ ਹੈ, ਚਾਹੇ ਪਿੰਡਾਂ ਦੇ ਲੰਬੜਦਾਰ ਹੋਣ, ਚੌਧਰੀ ਹੋਣ ਜਾਂ ਸਰਦਾਰ ਹੋਣ। ਸੰਸਾਰ ਵਿਚ ਕੋਈ ਵੀ ਅਚੱਲ ਨਹੀਂ ਦਿਸਦਾ। ਅਮੋੜ ਕਾਲ

All Rights Reserved by Harjinder Singh Gyani | www.GuruGranthVakhyaan.org

ਝੂਠੇ ਮਨੁਖ ਦੇ ਸਿਰ ਤੇ (ਅਪਣੀ) ਚੋਟ ਮਾਰਦਾ ਹੈ ਭਾਵ ਲੋਕ ਕੂੜ ਦੇ ਕਾਰਣ ਜੰਮਦੇ ਮਰਦੇ ਰਹਿੰਦੇ ਹਨ।੫।

ਪਦਾਰਥ = ਪ੍ਰਥਮੇ–ਸਭ ਤੋਂ ਪਹਿਲਾਂ।ਕਾਲੈ ਘਰਿ–ਕਾਲ ਦੇ ਘਰ ਵਿਚ (ਮੌਤ ਦੇ ਵਸ ਵਿਚ ਪਿਆ)।ਪਇਆਲਿ–ਪਤਾਲ ਵਿਚ; ਸਿਰੇ ਤਕ; ਹੇਠਾਂ।ਆਗਿਆ–ਰਬ ਦਾ ਹੁਕਮ।੧।ਸੋ–ਉਹ।ਕਾਲਿ–ਕਾਲ ਨੇ।ਸੰਘਾਰਿਆ–ਮਾਰਿਆ ਹੈ।ਹਮ–ਮੈਨੂੰ; ਸਾਨੂੰ।ਰਾਖੇ–ਰੱਖਿਆ; ਬਚਾ ਲਿਆ।੧।ਰਹਾਉ।ਦੇਵਾ–ਦੇਵਤੇ।ਅਬਿਨਾਸੀ–ਨਾਸ਼ ਰਹਿਤ।ਅਲਖ–ਅਦ੍ਰਿਸਟ; ਜੋ ਜਾਣਿਆ ਨਾ ਜਾਵੇ।ਅਭੇਵਾ–ਜਿਸਦਾ ਭੇਦ ਨ ਪਾਇਆ ਜਾ ਸਕੇ।੨।ਖਾਨ–ਪਠਾਣਾਂ ਦੀ ਉਪਾਧੀ।ਨਾਮਹੁ–ਨਾਮ ਤੋਂ।ਧਰ–ਆਸਰਾ।੩।ਮੁਕਾਮੁ–ਪੱਕਾ ਟਿਕਾਣਾ। ਸਾਹ–ਸ਼ਾਹੂਕਾਰ।ਸੰਚਹਿ–ਇਕੱਠਾ ਕਰਦੇ ਹਨ।ਦਾਮ–ਸਿੱਕੇ (ਪੈਸੇ)।੪।ਰਯਤਿ–ਪਰਜਾ।ਮਹਰ–ਲੰਬੜਦਾਰ; ਮੁਖੀਆ।ਮੁਕਦਮ (ਮੁਕੱਦਮ ਬੋਲੋ)–ਚੌਧਰੀ।ਸਿਕਦਾਰੈ–ਸਰਦਾਰ; ਠਾਣੇਦਾਰ।ਨਿਹਚਲੁ–ਸਥਿਰ।ਸੰਸਾਰੈ–ਸੰਸਾਰ ਵਿਚ।ਅਫਰਿਉ–ਅਮੋੜ।੫।

ਕਮਲੁ = ਵਿਸ਼ਨੂੰ ਦੀ ਨਾਭੀ ਵਿਚੋਂ ਕਮਲ ਨਿਕਲਿਆ, ਜਿਸ ਵਿਚੋਂ ਬ੍ਰਹਮਾ ਪੈਦਾ ਹੋਇਆ।ਬ੍ਰਹਮਾ ਨੂੰ ਹੰਕਾਰ ਹੋ ਗਿਆ ਕਿ ਉਹ ਖੁਦ ਪੈਦਾ ਹੋਇਆ ਹੈ, ਉਸਦਾ ਕਰਤਾ ਕੋਈ ਨਹੀਂ।ਅਕਾਸ਼ ਬਾਣੀ ਹੋਈ ਕਿ ਤੇਰਾ ਜਨਮ ਕਮਲ ਵਿਚੋਂ ਹੋਇਆ ਹੈ।ਬ੍ਰਹਮਾ ਨੇ ਕਮਲ ਨੂੰ ਲੱਤ ਮਾਰੀ ਕਿ ਇਹ ਮੇਰਾ ਕਰਤਾ ਕਿਵੇਂ ਹੋ ਸਕਦਾ ਹੈ? ਤਾਂ ਬ੍ਰਹਮਾ ਕਮਲ ਦੀ ਨਾਲੀ ਵਿਚ ਡਿਗ ਪਿਆ ਅਤੇ ਕਈ ਜੁਗ ਕਮਲ ਦੀ ਨਾਲੀ ਵਿਚ ਹੀ ਭਟਕਦਾ ਰਿਹਾ (ਸੰ.ਸ.)।

ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ ਸਦਾ ਸਥਿਰ ਰਹਿਣ ਵਾਲਾ ਉਹ ਹੀ ਇਕ ਸੱਚਾ ਪ੍ਰਭੂ ਹੈ।ਜਿਸ ਪ੍ਰਭੂ ਨੇ ਦੁਨੀਆ ਸਾਜੀ ਹੈ, ਉਸੇ ਪ੍ਰਭੂ ਨੇ ਸਾਰੀ ਦੁਨੀਆਂ ਨੂੰ (ਅੰਤ ਨੂੰ ਅਪਣੇ ਵਿਚ) ਮਿਲਾ ਲੈਣਾ ਹੈ।(ਜੇ ਮਨੁੱਖ ਨੂੰ) ਗੁਰੂ ਦੁਆਰਾ ਉਹ ਪ੍ਰਭੂ ਦਿਸ ਪਵੇ ਤਾਂ (ਰੱਬ ਦੇ ਦਰਬਾਰ ਵਿਚ) ਇਜਤ ਹੁੰਦੀ ਹੈ।੬।

ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ ਕਾਜੀ ਹੋਣ, ਸ਼ੇਖ ਜਾਂ ਭੇਖਾਂ ਵਾਲੇ ਫਕੀਰ ਹੋਣ।(ਜੋ ਵੀ ਅਪਣੇ ਆਪ ਨੂੰ) ਵੱਡੇ ਕਹਾਉਂਦੇ ਹਨ, (ਉਨ੍ਹਾਂ ਦੇ) ਸਰੀਰ ਵਿਚ ਹਉਮੈ ਦਾ ਦਰਦ ਬਣਿਆ ਰਹਿੰਦਾ ਹੈ।ਸਤਿਗੁਰੂ ਦਾ ਧੀਰਜ (ਆਸਰਾ) ਲਏ ਬਿਨਾ ਕਾਲ (ਕਿਸੇ ਨੂੰ ਵੀ) ਨਹੀਂ ਛਡਦਾ।੭।

ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ ਕਾਲ ਰੂਪ ਜਾਲ ਜੀਭ ਦੇ ਸੁਆਦਾਂ ਜਾਂ ਝੂਠ ਬੋਲਣ ਕਰਕੇ ਅਤੇ ਅੱਖਾਂ ਰਾਹੀਂ ਬੁਰੀ ਨਜਰ ਨਾਲ ਪਰਾਇਆ ਰੂਪ ਦੇਖਣ ਕਰਕੇ ਤਣਿਆ ਰਹਿੰਦਾ ਹੈ।ਕੰਨਾਂ ਰਾਹੀਂ ਵਿਸ਼ੇ ਵਿਕਾਰ ਵਾਲੇ ਬਚਨ (ਜੋ ਮਨੁੱਖ) ਸੁਣਦਾ ਹੈ, (ਉਸ ਨੂੰ ਵੀ) ਕਾਲ ਵਿਆਪਦਾ ਹੈ (ਬੁਢੇਪੇ ਵਿਚ ਜੀਭ ਦੀ ਬੋਲਣ ਦੀ ਤਾਕਤ ਤੇ ਅੱਖਾਂ ਦੀ ਨਿਗ੍ਹਾ ਘਟਦੀ ਜਾਂਦੀ ਹੈ।ਕੰਨਾਂ ਤੋਂ ਬੋਲਾ ਹੋ ਜਾਂਦਾ ਹੈ, ਇਹ ਸਭ ਕਾਲ ਦਾ ਹੀ ਜਾਲ ਹੈ)।ਗੁਰੂ ਦੇ ਸ਼ਬਦ ਤੋਂ ਬਿਨਾ (ਲੋਕ ਇਨ੍ਹਾਂ ਇੰਦ੍ਰੀਆਂ ਤੋਂ) ਦਿਨੇ ਰਾਤ ਠੱਗੇ ਜਾ ਰਹੇ ਹਨ (ਜਨਮ ਮਰਣ ਦੇ ਚੱਕਰ ਵਿਚ ਪੈ ਰਹੇ ਹਨ)।੮।

ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ ਸਮਾਇ ॥੯॥੧੪॥ (ਜਿਸ ਮਨੁੱਖ ਦੇ) ਹਿਰਦੇ ਵਿਚ ਹਰੀ ਦਾ ਸੱਚਾ ਨਾਮ ਵਸਦਾ ਹੈ।ਅਤੇ ਹਰੀ ਦੇ ਗੁਣ ਗਾਉਂਦਾ ਹੈ, (ਉਸ ਨੂੰ) ਕਾਲ ਦੇਖ ਵੀ ਨਹੀਂ ਸਕਦਾ।ਗੁਰੂ ਨਾਨਕ ਦੇਵ ਜੀ ਆਖਦੇ ਹਨ (ਕਿ ਅਜੇਹਾ) ਗੁਰਮੁਖ ਸ਼ਬਦ ਦੁਆਰਾ (ਹਰੀ ਵਿਚ) ਲੀਨ ਹੋ ਜਾਂਦਾ ਹੈ।੯।੧੪।

ਪਦਾਰਥ = ਨਿਹਚਲੁ–ਅਟੱਲ; ਸਦਾ ਥਿਰ।ਜਿਨਿ–ਜਿਸ ਪ੍ਰਭੂ ਨੇ।ਸਾਜੀ–ਪੈਦਾ ਕੀਤੀ।ਤਿਨਹਿ–ਉਸੇ ਪ੍ਰਭੂ ਨੇ।ਗੋਈ–ਮਿਲਾ ਲਈ ।ਜਾਪੈ–ਦਿਸ ਪਵੇ; ਜਾਣ ਲਵੇ।ਓਹੁ–ਉਹ ਪ੍ਰਭੂ।ਪਤਿ–ਇੱਜਤ।੬।ਪੀਰਾ–ਦਰਦ।ਧੀਰਾ–ਧੀਰਜ; ਸਹਾਰਾ।੭।ਜਿਹਵਾ–ਜੀਭ। ਅਰੁ–ਅਤੇ।ਨੈਣੀ–ਅੱਖਾਂ ਰਾਹੀਂ।ਕਾਨੀ–ਕੰਨਾਂ ਰਾਹੀਂ।ਬਿਖੁ ਬੈਣੀ–ਵਿਸ਼ੇ ਵਿਕਾਰ ਸਬੰਧੀ ਬਚਨ।ਮੂਠੇ–ਲੁਟੇ ਜਾਂਦੇ ਹਨ।ਰੈਣੀ–ਰਾਤ ।੮।ਨਾਇ–ਨਾਮ।ਨ ਜੋਹਿ ਸਕੈ–ਦੇਖ ਨਹੀਂ ਸਕਦਾ।ਸਮਾਇ–ਲੀਨ ਹੋ ਜਾਂਦਾ ਹੈ।੯।੧੪।

ਵਿਆਖਿਆ = ਅੰਕ ੮ ਵਿਚ ਦਸਿਆ ਹੈ ਕਿ ਕਾਲ ਕਿਵੇਂ ਅਪਣਾ ਜਾਲ ਪਸਾਰਦਾ ਹੈ।ਜੀਭ ਦਾ ਰਸ, ਅੱਖਾਂ ਦਾ ਰਸ ਤੇ ਕੰਨਾਂ ਦਾ ਰਸ ਜੀਵਾਂ ਨੂੰ ਅਪਣੇ ਵਿਚ ਮਗਨ ਰਖਦਾ ਹੈ।ਉਹ ਜੀਵ ਨੂੰ ਹਰੀ ਰਸ ਪ੍ਰਾਪਤ ਕਰਨ ਨਹੀਂ ਦੇਂਦਾ, ਇਸ ਕਰ ਕੇ ਜੀਵ ਕਾਲ ਦੇ ਜਾਲ ਵਿਚੋਂ ਨਿਕਲਦਾ ਨਹੀਂ।ਇਹੋ ਹੀ ਕਾਰਣ ਹੈ ਜੀਵ ਦਾ ਕਾਲ ਦੇ ਜਾਲ ਵਿਚ ਫਸਣ ਦਾ।ਕਾਲ ਦੇ ਜਾਲ ਵਿਚੋਂ ਉਹ ਹੀ ਨਿਕਲ ਸਕਦਾ ਹੈ, ਜੋ ਵਾਹਿਗੁਰੂ ਦਾ ਨਾਮ ਸਿਮਰਦਾ ਹੈ।ਮਨੂ ਸਿਮ੍ਰਤੀ ਅਨੁਸਾਰ ਪ੍ਰਭੂ ਨੇ ਸਭ ਤੋਂ ਪਹਿਲਾਂ ਜਲ ਰਚਿਆ ਤੇ ਜਲ ਵਿਚ ਇਕ ਅੰਡਾ ਪੈਦਾ ਕੀਤਾ, ਉਸ ਅੰਡੇ ਵਿਚੋਂ ਬ੍ਰਹਮਾ ਪੈਦਾ ਹੋਇਆ।ਭਾਗਵਤ ਆਦਿ ਪੁਰਾਣਾਂ ਅਨੁਸਾਰ ਵਿਸ਼ਨੂੰ ਦੇ ਸੁੱਤੇ ਪਏ ਸਮੇਂ

All Rights Reserved by Harjinder Singh Gyani | www.GuruGranthVakhyaan.org

ਉਸ ਦੀ ਨਾਭੀ ਤੋਂ ਕਮਲ ਫੁੱਲ ਪੈਦਾ ਹੋਇਆ ਅਤੇ ਉਸ ਕਮਲ ਵਿਚੋਂ ਬ੍ਰਹਮਾ ਪੈਦਾ ਹੋਇਆ। ਸ਼ਾਸਤ੍ਰਾਂ ਨੇ ਬ੍ਰਹਮਾ ਨੂੰ ਪ੍ਰਭੂ ਤੋਂ ਪੈਦਾ ਹੋਇਆ ਦਸਿਆ ਹੈ। ਇਸੇ ਕਰਕੇ ਗੁਰੂ ਜੀ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੀ ਉਤਪਤੀ ਇਕ ਪ੍ਰਭੂ ਤੋਂ ਹੋਈ ਮੰਨੀ ਹੈ । ਜੋ ਪੈਦਾ ਹੋਇਆ ਹੈ, ਉਸ ਨੇ ਨਾਸ਼ ਜਰੂਰ ਹੋਣਾ ਹੈ। ਬ੍ਰਹਮਾ ਭੁੱਲ ਗਿਆ ਕਿ ਮੈਂ ਵੀ ਪੈਦਾ ਕੀਤਾ ਗਿਆ ਹਾਂ, ਉਸ ਨੇ ਆਪ ਨੂੰ ਅਪਣੇ ਤੋਂ ਪੈਦਾ ਹੋਇਆ ਮੰਨ ਲਿਆ। ਮਨ ਦੀ ਮੱਤ ਵਿਚ ਪੈ ਗਿਆ, ਜਦ ਉਸ ਨੂੰ ਪਤਾ ਲੱਗਾ ਕਿ ਮੈਂ ਕਮਲ ਵਿਚੋਂ ਪੈਦਾ ਹੋਇਆ ਹਾਂ ਤਾਂ ਕਰਤਾਰ ਦੀ ਸ਼ਰਣ ਲੈਣ ਦੀ ਬਜਾਏ ਉਹ ਕਮਲ ਦੀ ਖੋਜ ਵਿਚ ਪੈ ਗਿਆ। ਪਰ ਕਮਲ ਦਾ ਅੰਤ ਨਹੀ ਪਾ ਸਕਿਆ।

ਗਉੜੀ ਮਹਲਾ ੧ ॥ ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰਣਾਈ ॥੧॥ ਗੁਰਮੁਖ ਸੱਚ ਬੋਲਦੇ ਹਨ ਅਤੇ ਰਾਈ ਜਿੰਨਾ ਵੀ ਝੂਠ ਨਹੀਂ ਬੋਲਦੇ ਅਤੇ ਉਹ ਪ੍ਰਭੂ ਦੇ ਹੁਕਮ ਵਿਚ ਚਲਦੇ ਹਨ। (ਸਦਾ ਮਾਇਆ ਤੋਂ) ਨਿਰਲੇਪ ਹੋ ਕੇ ਸੱਚੇ ਪ੍ਰਭੂ ਦੀ ਸ਼ਰਣ ਵਿਚ ਰਹਿੰਦੇ ਹਨ।੧।

ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ਰਹਾਉ॥ ਸੱਚੇ ਪ੍ਰਭੂ ਦੇ ਘਰਿ ਵਿਚ ਬੈਠਣ ਕਰਕੇ (ਗੁਰਮੁਖਾਂ ਨੂੰ) ਕਾਲ ਨਹੀਂ ਤਾੜਦਾ। ਮਨਮੁਖ ਮੋਹ ਵਿਚ ਫਸਿਆ ਹੋਣ ਕਰਕੇ (ਬਾਰ ਬਾਰ) ਜੰਮਦਾ ਮਰਦਾ ਹੈ, (ਉਸ ਨੂੰ ਇਹ) ਦੁੱਖ ਬਣਿਆ ਰਹਿੰਦਾ ਹੈ (ਕਿਉਂਕਿ ਉਹ ਕਾਲ ਦੇ ਘਰ ਵਿਚ ਵਸਦਾ ਹੈ)।੧।ਰਹਾਉ।

ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ (ਹੇ ਭਾਈ! ਆਓ ਨਾਮ) ਅੰਮ੍ਰਿਤ ਪੀਵੀਏ ਅਤੇ ਨਾ ਕਥੇ ਜਾਣ ਵਾਲੇ ਪ੍ਰਭੂ ਨੂੰ ਕਥਦੇ (ਜਸ ਕਰਦੇ) ਰਹੀਏ। ਅਪਣੇ ਆਤਮ ਸਰੂਪ ਵਿਚ ਟਿਕ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰੀਏ। (ਜੋ ਮਨੁੱਖ) ਹਰੀ ਦੇ ਨਾਮ ਰਸ ਵਿਚ ਮਗਨ ਹੋਇਆ ਹੈ, (ਉਸਨੂੰ) ਇਹ ਸੁਖ ਪ੍ਰਾਪਤ ਹੋਇਆ ਕਿਹਾ ਜਾਂਦਾ ਹੈ।੨।

ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ (ਜੋ ਪੁਰਖ) ਗੁਰਮਤ ਦੀ ਮਰਿਆਦਾ ਤੇ ਚਲਦਾ ਹੈ, ਉਹ ਅਡੋਲ ਹੋ ਜਾਂਦਾ ਹੈ, ਡੋਲਦਾ ਨਹੀਂ। ਗੁਰਮਤ ਅਨੁਸਾਰ ਚਲਣ ਵਾਲਾ (ਮਨੁੱਖ) ਸੱਚੇ ਪ੍ਰਭੂ ਵਿਚ ਜੁੜ ਕੇ ਸਹਿਜ ਨਾਲ ਹਰੀ ਦਾ ਨਾਮ ਉਚਾਰਦਾ ਹੈ। (ਉਹ ਨਾਮ) ਅੰਮ੍ਰਿਤ ਪੀਂਦਾ ਹੈ ਤੇ ਆਤਮ ਤੱਤ ਨੂੰ ਵਿਚਾਰਦਾ ਹੈ (ਰਿੜਕ ਕੇ ਆਤਮ ਤੱਤ ਨੂੰ ਦੁਨੀਆਂ ਦੇ ਝੂਠੇ ਪਦਾਰਥਾਂ ਤੋਂ ਵੱਖ ਕਰ ਲੈਂਦਾ ਹੈ)।੩।

ਸਤਿਗੁਰ ਦੇਖਿਆ ਦੀਖਿਆ ਲੀਨੀ। ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥ (ਜਿਸ ਮਨੁੱਖ ਨੇ) ਸਤਿਗੁਰੂ ਦੇ ਦਰਸਨ ਕੀਤੇ ਹਨ ਅਤੇ ਨਾਮ ਮੰਤ੍ਰ ਲਿਆ ਹੈ। (ਉਸ ਨੇ ਗੁਰੂ ਨੂੰ ਅਪਣਾ) ਮਨ ਤਨ ਅਰਪਣ ਕਰ ਦਿਤਾ ਤੇ ਬ੍ਰਿਤੀ ਅੰਤਰ ਮੁਖੀ ਕਰ ਲਈ; (ਗੁਰੂ ਦੀ ਸਿਖਿਆ) ਅੰਦਰਵਾਰ ਕਰ ਲਈ ਭਾਵ ਦਿਲ ਦੇ ਅੰਦਰ ਬਿਠਾ ਲਈ। (ਉਸ ਨੇ) ਆਤਮਾ ਨੂੰ ਪਛਾਣ ਕੇ ਮੁਕਤ ਹੋਣ ਦੀ ਮਰਿਆਦਾ ਪ੍ਰਾਪਤ ਕਰ ਲਈ।੪।

ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥ (ਉਸ ਪੁਰਖ ਲਈ) ਮਾਇਆ ਤੋਂ ਰਹਿਤ ਵਾਹਿਗੁਰੂ ਦਾ ਨਾਮ ਹੀ ਉਤਮ ਭੋਜਨ ਹੈ। ਉਹ ਪਰਮ ਹੰਸ ਹੈ, ਪਾਰ ਰਹਿਤ ਸੱਚੇ ਵਾਹਿਗੁਰੂ ਦੀ ਜੋਤ ਦਾ (ਉਸ ਦੇ ਅੰਦਰ) ਪ੍ਰਕਾਸ਼ ਹੈ। (ਉਹ) ਜਿਥੇ ਦੇਖਦਾ ਹੈ, ਉਥੇ ਨਿਰੰਕਾਰ ਨੂੰ ਹੀ ਦੇਖਦਾ ਹੈ (ਸਭ ਵਿਚ ਹਰੀ ਦਾ ਪ੍ਰਕਾਸ਼ ਦੇਖਦਾ ਹੈ)।੫।

ਪਦਾਰਥ =ਮਿਥਿਆ–ਝੂਠ। ਰਾਈ–ਸਰ੍ਹੋਂ ਦੀ ਜਾਤ ਦਾ ਦਾਣਾ (ਰੱਤਾ ਭਰ)। ਰਜਾਈ–ਰਜ਼ਾ ਦਾ ਮਾਲਕ ਪ੍ਰਭੂ। ਰਹਹਿ–ਰਹਿੰਦੇ ਹਨ। ਅਤੀਤ–ਤਿਆਗੀ; ਨਿਰਲੇਪ।੧। ਸਚ ਘਰਿ–ਸੱਚੇ ਪ੍ਰਭੂ ਦੇ ਘਰ (ਸਤ ਸੰਗਤ) ਵਿਚ; ਸੱਚੇ ਪ੍ਰਭੂ ਦੇ ਸਰੂਪ ਵਿਚ। ਬੈਸੈ–ਬੈਠਣ ਕਰ ਕੇ। ਨ ਜੋਹੈ–ਨਹੀ ਤਾੜਦਾ; ਦੇਖਦਾ ਨਹੀਂ। ਆਵਤ ਜਾਵਤ–ਜੰਮਦਾ ਮਰਦਾ ਹੈ। ਮੋਹੈ–ਮੋਹ ਦੇ ਕਾਰਣ।੧। ਰਹਾਉ। ਅਪਿਉ–ਅੰਮ੍ਰਿਤ। ਪੀਅਉ–ਪੀਵੀਏ; ਪੀਵੋ। ਕਥਿ ਰਹੀਐ–ਕਥਦੇ (ਜਸ ਕਰਦੇ) ਰਹੀਏ। ਨਿਜ ਘਰਿ–ਅਪਣੇ ਆਤਮ ਸਰੂਪ ਵਿਚ। ਬੈਸਿ–ਬੈਠ ਕੇ; ਟਿਕ ਕੇ। ਸਹਜ ਘਰੁ–ਸਹਿਜ ਅਵਸਥਾ ਵਾਲਾ ਟਿਕਾਣਾ; ਪਰਮ ਪਦ। ਲਹੀਐ–ਪ੍ਰਾਪਤ ਕਰੀਏ। ਮਾਤੇ–ਮਸਤ ਹਨ। ਕਹੀਐ–ਕਿਹਾ ਜਾਂਦਾ ਹੈ।੨। ਚਾਲ–ਮਰਿਆਦਾ। ਨਿਹਚਲ–ਅਚੱਲ; ਅਡੋਲ। ਸਾਚਿ–ਸੱਚੇ ਪ੍ਰਭੂ ਵਿਚ ਜੁੜ ਕੇ। ਵਿਰੋਲੈ–ਰਿੜਕਦਾ (ਵਿਚਾਰਦਾ) ਹੈ। ੩। ਦੇਖਿਆ–ਦਰਸ਼ਨ ਕੀਤੇ। ਦੀਖਿਆ–ਸਿਖਿਆ; ਨਾਮ ਮੰਤ੍ਰ। ਲੀਨੀ–ਲਈ। ਅਰਪਿਓ–ਅਰਪਣ ਕੀਤਾ। ਅੰਤਰ ਗਤਿ–ਅੰਤਰ ਮੁਖੀ ਬ੍ਰਿਤੀ; ਵਿਕਾਰਾਂ ਤੋਂ ਹਟ ਕੇ ਮਨ ਦਾ ਟਿਕਾਉ ਹਾਸਲ ਕਰ ਲਿਆ। ਗਤਿ ਮਿਤਿ–ਮੁਕਤੀ ਦੀ ਮਰਿਆਦਾ। ਆਤਮੁ ਚੀਨੀ–ਅਪਣਾ

All Rights Reserved by Harjinder Singh Gyani | www.GuruGranthVakhyaan.org

ਆਪ ਜਾਣ ਲਿਆ।੪।ਨਿਰੰਜਨ-ਮਾਇਆ ਤੋਂ ਨਿਰਲੇਪ ਵਾਹਿਗੁਰੂ ਦਾ।ਸਾਰ-ਸ੍ਰੇਸ਼ਟ।ਪਰਮ ਹੰਸੁ-ਸੱਤ ਅਸੱਤ ਦਾ ਨਿਰਣਾ ਕਰਣ ਵਾਲਾ ਗੁਰਮੁਖ।ਅਪਾਰ-ਪਾਰ ਰਹਿਤ (ਬੇਅੰਤ) ਵਾਹਿਗੁਰੂ।ਜਹ-ਜਿੱਥੇ।ਤਹ-ਉਥੇ।੫।

ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥ ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬ ॥ (ਉਹ ਸੰਸਾਰ ਦੇ ਝੰਝਟਾਂ ਤੋਂ) ਨਿਰਲੇਪ ਰਹਿੰਦਾ ਹੈ ਅਤੇ ਕੇਵਲ ਇਕ ਸੱਚ ਹੀ ਉਸ ਦੀ ਕਰਣੀ ਹੈ।(ਉਸ ਨੇ) ਗੁਰੂ ਦੇ ਚਰਣਾਂ ਦੀ ਸੇਵਾ ਕਰਕੇ ਪਰਮ ਪਦ ਪਾ ਲਿਆ ਹੈ।(ਉਸਦਾ) ਮਨ ਮਨ ਤੋਂ ਹੀ ਪਤੀਜ ਗਿਆ ਅਤੇ ਹੰਕਾਰ ਦੇ ਕਾਰਣ ਜੋ ਭਟਕਣਾ ਲਗੀ ਹੋਈ ਸੀ, ਉਹ ਦੂਰ ਹੋ ਗਈ (ਹੰਕਾਰ ਦੂਰ ਹੋ ਕੇ ਅੰਦਰੋਂ ਹੀ ਆਤਮ ਵਸਤੂ ਦੀ ਲੱਖਤਾ ਹੋ ਗਈ)।੬।

ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ ਹਰਿ ਜਸਿ ਸੰਤ ਭਗਤ ਨਿਸਤਾਰਿਆ ॥ (ਉਪਰ ਦਸੀ) ਇਸ ਬਿਧੀ ਨਾਲ (ਪ੍ਰਭੂ ਨੇ ਸੰਸਾਰ ਸਮੁੰਦਰ ਤੋਂ) ਕੌਣ ਕੌਣ ਨਹੀ ਤਾਰਿਆ? ਪ੍ਰਭੂ ਦੀ ਸਿਫਤ ਸਲਾਹ ਨੇ ਸੰਤਾਂ ਭਗਤਾਂ ਦਾ ਪਾਰ ਉਤਾਰਾ ਕਰ ਦਿਤਾ ਹੈ।

ਅੰਗ ੨੨੮ = ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ (ਇਸ ਤਰ੍ਹਾਂ ਪ੍ਰਮਾਤਮਾ ਦਾ ਜਸ ਕਰਕੇ) ਅਸੀਂ ਪ੍ਰਭੂ ਨੂੰ ਪਾ ਲਿਆ ਹੈ ਅਤੇ ਪ੍ਰਮਾਤਮਾ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਖੋਜਿਆ; ਸਿਰ ਉਤੇ ਹੋਰ ਕਰਮਾਂ ਦਾ ਭਾਰ ਨ ਰਿਹਾ।੭।

ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਗੁਰੂ ਨੇ ਸੱਚੇ ਮਹਲ (ਸ੍ਵੈ ਸਰੂਪ) ਵਿਚ ਪਹੁੰਚਾ ਕੇ ਨਾ ਸਮਝ ਆਉਣ ਵਾਲਾ ਪ੍ਰਭੂ ਜਣਾ ਦਿਤਾ ਹੈ।(ਨਿਜ ਸਰੂਪ ਵਿਚ ਅਲੱਖ ਸਰੂਪ ਦੀ ਲੱਖਤਾ) ਅੱਚਲ ਟਿਕਾਣਾ ਹੈ, ਜਿੱਥੇ ਮਾਇਆ ਦੀ ਛਾਂ ਨਹੀਂ ਭਾਵ ਮਾਇਆ ਦਾ ਅਸਰ ਨਹੀਂ।ਸੱਚੇ ਨਾਮ ਵਿਚ ਜੁੜ ਕੇ (ਜਿਹੜੇ ਪੁਰਖਾਂ ਨੂੰ) ਸੰਤੋਖ ਪ੍ਰਾਪਤ ਹੋਇਆ ਹੈ, (ਮਾਇਆ ਵੱਲੋਂ ਰੱਜ ਗਏ ਹਨ, ਉਨ੍ਹਾਂ ਨੇ) ਭਰਮ ਨੂੰ ਦੂਰ ਕਰ ਦਿਤਾ ਹੈ।੮।

ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥ ਜਿਨ੍ਹਾਂ ਦੇ ਮਨ ਵਿਚ ਸੱਚਾ ਪ੍ਰਭੂ ਵਸਿਆ ਹੈ।ਅਤੇ ਉਨ੍ਹਾਂ ਗੁਰਮੁਖਾਂ ਦੀ ਸੰਗਤ (ਜਿਨ੍ਹਾਂ ਪੁਰਖਾਂ ਨੂੰ) ਹੋਈ ਹੈ।ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ (ਉਨ੍ਹਾਂ ਪੁਰਖਾਂ ਦੀ ਸਾਰੀ) ਮੈਲ ਸੱਚੇ ਨਾਮ ਦੁਆਰਾ ਦੂਰ ਹੋ ਗਈ ਹੈ।੯।੧੫।

ਪਦਾਰਥ = ਨਿਰੰਜਨ-ਮਾਇਆ ਤੋਂ ਨਿਰਲੇਪ ਪ੍ਰਭੂ।ਸਾਰ-ਸ੍ਰੇਸ਼ਟ।ਪਰਮ ਹੰਸੁ-ਸੱਤ ਅਸੱਤ ਦਾ ਨਿਰਣਾ ਕਰਨ ਵਾਲਾ ਗੁਰਮੁਖ। ਅਪਾਰ-ਪਾਰ ਰਹਿਤ (ਬੇਅੰਤ) ਪ੍ਰਭੂ।ਜਹ-ਜਿਥੇ।ਤਹ-ਉਥੇ।੫।ਨਿਰਾਲਮੁ-ਨਿਰਲੇਪ।ਕਰਣੀ-ਨਿੱਤ ਦੀ ਕਿਰਿਆ।ਪਰਮ ਪਦੁ-ਸਭ ਤੋਂ ਉਚੀ ਆਤਮਕ ਪਦਵੀ।ਚੂਕੀ-ਦੂਰ ਹੋ ਗਈ।ਅਹੰ-ਹਉਮੈ।ਭ੍ਰਮਣੀ-ਭਟਕਣਾ।੬।ਇਨ ਬਿਧਿ-ਇਸ ਵਿਧੀ ਨਾਲ। ।ਨਿਸਤਾਰਿਆ-ਪਾਰ ਲੰਘਾ ਦਿਤਾ।ਹਮ-ਅਸੀਂ।ਅਵਰੁ-ਹੋਰ।ਭਾਰਿਆ-ਭਾਲਿਆ (ਖੋਜਿਆ)।੭।ਸਾਚਿ ਮਹਲਿ-ਸ੍ਵੈ ਸਰੂਪ; ਅੰਤਰ ਆਤਮਾ ਵਿਚ, ਜੋ ਪ੍ਰਭੂ ਦਾ ਸੱਚਾ ਟਿਕਾਣਾ ਹੈ।ਅਲਖੁ-ਮਨ ਬਾਣੀ ਕਰਕੇ ਸਮਝ ਵਿਚ ਨਾ ਆਉਣ ਵਾਲਾ ਪ੍ਰਭੂ।ਲਖਾਇਆ -ਜਣਾ ਦਿਤਾ; ਦਿਖਾ ਦਿਤਾ।ਨਿਹਚਲੁ-ਅਚੱਲ।ਛਾਇਆ-ਛਾਂ; ਅਸਰ।ਸੰਤੋਖੇ-ਸੰਤੁਸ਼ਟ; ਰੱਜ ਗਏ।ਚੁਕਾਇਆ-ਦੂਰ ਕੀਤਾ।੮। ਸਚੁ ਸੋਈ-ਉਹ ਸੱਚਾ ਪ੍ਰਭੂ।ਮਲੁ-ਮੈਲ (ਵਿਕਾਰਾਂ ਦੀ)।ਖੋਈ-ਨਾਸ਼ ਹੋ ਗਈ।੯।੧੫।

ਵਿਆਖਿਆ = ਪਿਛਲੀ ਅਸਟਪਦੀ ਵਿਚ ਜੀਵ ਦੇ ਕਾਲ ਦੇ ਘਰ ਵਿਚ ਵਸਣ ਦਾ ਵੇਰਵਾ ਸੀ।ਜੋ ਮਨੁੱਖ ਜਗਤ ਦੇ ਝੂਠ ਵਿਚ ਲੀਨ ਹੋ ਕੇ ਜੀਵਨ ਬਸਰ ਕਰਦਾ ਹੈ, ਉਹ ਮਨਮੁਖ ਹੈ ਤੇ ਕਾਲ ਦੇ ਵਸ ਵਿਚ ਪੈਂਦਾ ਹੈ।ਇਸ ਅਸਟਪਦੀ ਵਿਚ ਵਿਚ ਦਸਿਆ ਹੈ ਕਿ ਜੋ ਮਨੁੱਖ ਨਾਮ ਬਾਣੀ ਦਾ ਅਭਿਆਸ ਕਰਦਾ ਹੈ ਤੇ ਝੂਠ ਤੋਂ ਕਿਨਾਰਾ ਕਰ ਲੈਂਦਾ ਹੈ, ਉਹ ਸੱਚ ਦੇ ਘਰ ਵਿਚ ਵਾਸਾ ਕਰਦਾ ਹੈ। ਅਜੇਹਾ ਗੁਰਮੁਖ ਕਾਲ ਚੱਕਰ ਤੋਂ ਮੁਕਤ ਹੋ ਕੇ ਵਾਹਿਗੁਰੂ ਦੇ ਸਦਾ ਥਿਰ ਟਿਕਾਣੇ ਵਿਚ ਨਿਵਾਸ ਕਰਦਾ ਹੈ।

ਗਉੜੀ ਮਹਲਾ ੧ ॥ ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥ ਜਿਸ ਮਨੁੱਖ ਦਾ ਚਿਤ ਰਾਮ ਦੇ ਨਾਮ ਵਿਚ ਰੰਗਿਆ ਹੋਇਆ ਹੈ।ਉਠਦਿਆਂ ਹੀ (ਸੂਰਜ ਚੜ੍ਹਨ ਸਾਰ ਉਸ ਮਨੁੱਖ ਦਾ) ਦਰਸ਼ਨ ਕਰਨਾ ਚਾਹੀਦਾ ਹੈ (ਕਿਉਂਕਿ ਅਜੇਹੇ ਵੱਡੇ ਭਾਗਾਂ ਵਾਲੇ ਮਨੁੱਖ ਦੀ ਸੰਗਤ ਕਰਨ ਨਾਲ ਸਾਰਾ ਦਿਨ ਰੱਬ ਯਾਦ ਆਉਂਦਾ ਹੈ)।੧।

ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ਰਹਾਉ॥ (ਜੇ ਤੁਸੀਂ) ਰਾਮ ਦਾ ਨਾਮ ਨਹੀਂ ਜਪਦੇ, ਤਾਂ ਤੁਹਾਡੀ ਬਦ ਕਿਸਮਤੀ ਹੈ।ਸਾਰੇ ਰਮਿਆ ਹੋਇਆ ਸਾਡਾ ਪ੍ਰਭੂ ਹਰੇਕ ਜੁਗ ਵਿਚ (ਸਾਰੇ ਪਦਾਰਥਾਂ ਦਾ) ਦਾਤਾ ਹੈ।੧।ਰਹਾਉ।

ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥ (ਜਿਹੜਾ ਮਨੁੱਖ) ਗੁਰਮਤਿ ਦੁਆਰਾ ਵਾਹਿਗੁਰੂ ਦਾ ਨਾਮ

All Rights Reserved by Harjinder Singh Gyani | www.GuruGranthVakhyaan.org

ਜਪਦਾ ਹੈ, ਉਹ ਹੀ ਪੂਰਨ ਪੁਰਖ ਹੈ।ਉਸ ਦੇ ਹਿਰਦੇ ਵਿਚ ਅਨਹਦ ਸ਼ਬਦ ਦਾ ਬਾਜਾ ਵਜਦਾ ਹੈ।੨।
ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥ ਜਿਹੜੇ ਭਗਤ ਜਨ ਵਾਹਿਗੁਰੂ ਦੀ ਭਗਤੀ ਤੇ ਵਾਹਿਗੁਰੂ ਨਾਲ ਪਿਆਰ ਕਰਦੇ ਹਨ।ਉਹ ਪੁਰਖ ਪ੍ਰਭੂ ਨੇ ਕਿਰਪਾ ਧਾਰ ਕੇ (ਜਨਮ ਮਰਣ ਦੇ ਦੁੱਖਾਂ ਤੋਂ) ਬਚਾ ਰੱਖੇ ਹਨ।੩।
ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥ ਜਿਨ੍ਹਾਂ (ਭਗਤਾਂ) ਦੇ ਹਿਰਦੇ ਵਿਚ ਉਹ ਹਰਿ ਹਰਿ ਨਾਮ ਵਸਦਾ ਹੈ।ਉਨ੍ਹਾਂ ਦਾ ਦਰਸਨ ਪਰਸ ਕੇ (ਆਤਮਕ) ਸੁਖ ਪ੍ਰਾਪਤ ਹੁੰਦਾ ਹੈ।੪।
ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥ ਸਾਰੇ ਜੀਵਾਂ ਵਿਚ ਇਕੋ ਵਾਹਿਗੁਰੂ ਵਿਆਪਕ ਹੈ। (ਪਰ) ਮਨਮੁਖ ਹੰਕਾਰੀ ਹੈ, (ਹਰੀ ਤੋਂ ਬੇਮੁਖ ਹੋ ਕੇ) ਜੂਨੀਆਂ ਵਿਚ ਭਟਕਦਾ ਰਹਿੰਦਾ ਹੈ।੫।
ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥੬॥ ਉਹ (ਪੁਰਖ ਪ੍ਰਭੂ ਦੀ ਵਿਆਪਕਤਾ ਨੂੰ) ਸਮਝਦਾ ਹੈ, ਜਿਹੜਾ ਸਤਿਗੁਰੂ ਨੂੰ ਪ੍ਰਾਪਤ ਕਰਦਾ ਹੈ।(ਅਜੇਹਾ ਪੁਰਖ) ਗੁਰੂ ਦੇ ਸ਼ਬਦ ਦੁਆਰਾ ਹਉਮੈ ਮਾਰ ਕੇ ਪ੍ਰਭੂ ਨੂੰ ਪਾ ਲੈਂਦਾ ਹੈ।੬।
ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥ ਹੇਠਾਂ ਉਪਰ (ਜੀਵ ਤੇ ਪ੍ਰਭੂ) ਦੇ ਮੇਲ ਦੀ ਸਮਝ ਕਿਵੇਂ ਜਾਣੀ ਜਾਵੇ? (ਜਦ ਇਹ) ਮੇਲ ਗੁਰੂ ਦੁਆਰਾ ਮਿਲਦਾ ਹੈ ਤਾਂ ਮਨ ਪਤੀਜ (ਸੰਤੁਸਟ ਹੋ) ਜਾਂਦਾ ਹੈ।੭।
ਹਮ ਪਾਪੀ ਨਿਰਗੁਣ ਕਉ ਗੁਣ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥ ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥ (ਹੇ ਪ੍ਰਭੂ!) ਅਸੀਂ ਪਾਪੀ ਹਾਂ, (ਸਾਨੂੰ) ਗੁਣ ਹੀਣਿਆਂ ਨੂੰ ਗੁਣਵਾਨ ਕਰ ਦਿਓ ਜੀ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਇਉਂ ਬੇਨਤੀ ਕਰੋ) ਹੇ ਪ੍ਰਭੂ! ਦਿਆਲ ਹੋ ਕੇ (ਸੰਸਾਰ ਸਮੁੰਦਰ ਤੋਂ ਅਪਣੇ) ਸੇਵਕਾਂ ਨੂੰ ਤਾਰ ਲਵੋ ਜੀ।੮।੧੬।
ਪਦਾਰਥ = ਰਾਮਿ ਨਾਮਿ–ਪ੍ਰਮਾਤਮਾ ਦੇ ਨਾਮ ਵਿਚ।ਰਾਪੈ–ਰੰਗਿਆ ਹੋਇਆ ਹੈ।ਜਾ ਕਾ–ਜਿਸ ਦਾ।ਉਪਜੰਪਿ–ਸਵੇਰੇ ਉਠਦਿਆਂ (ਸੂਰਜ ਚੜਦਿਆਂ); ਉਚਿਤ ਹੈ (ਮ.ਕੋ.)।ਤਾ ਕਾ–ਉਸ ਦਾ।੧।ਅਭਾਗੁ–ਮਾੜੀ ਕਿਸਮਤ।ਪ੍ਰਭੁ ਰਾਮੁ–ਸਰਬ ਵਿਆਪਕ ਪ੍ਰਭੂ।੧।ਗੁਰਮਤਿ–ਗੁਰੂ ਦੀ ਸਿਖਿਆ ਤੇ ਚਲਣ ਕਰਕੇ।ਜਨੁ–ਪੁਰਖ।ਤਿਤੁ–ਉਸ ਦੇ।ਘਟ–ਹਿਰਦੇ ਵਿਚ।ਅਨਹਤ–ਬਿਨਾ ਵਜਾਇਆਂ; ਇਕ ਰਸ; ਲਗਾਤਾਰ (ਆਤਮ ਮੰਡਲ ਦਾ ਸੰਗੀਤ)।ਤੂਰਾ–ਰਣ ਸਿੰਗਾ।੨।ਜੋ ਜਨ–ਜਿਹੜੇ ਪੁਰਖ।ਸੇ–ਉਹ।ਧਾਰਿ–ਧਾਰ (ਕਰ) ਕੇ।੩।ਸੋਈ–ਉਹ।ਪਰਸਿ–ਪਰਸ (ਕਰ) ਕੇ।੪।ਸਰਬ–ਸਾਰੇ।ਏਕੋ–ਇਕ ਪ੍ਰਭੂ।ਰਵੈ–ਵਿਆਪਕ ਹੈ।ਫਿਰਿ–ਮੁੜ ਮੁੜ।ਭਵੈ–ਘੁੰਮਦਾ ਫਿਰਦਾ ਹੈ।੫।ਬੂਝੈ–ਸਮਝਦਾ ਹੈ।ਸਬਦੇ–ਸ਼ਬਦ ਦੁਆਰਾ।੬।ਅਰਧ–ਹੇਠਾਂ (ਧਰਤੀ ਤੇ ਰਹਿਣ ਵਾਲਾ ਜੀਵ)।ਉਰਧ–ਉਚੇ ਮੰਡਲਾਂ ਦਾ ਵਾਸੀ ਪ੍ਰਭੂ।ਸੰਧਿ–ਮਿਲਾਪ।ਮਨੁ ਮਾਨੈ–ਮਨ ਪਤੀਜਦਾ ਹੈ।੭।ਨਿਰਗੁਣ–ਗੁਣਾਂ ਤੋਂ ਖਾਲੀ।ਕਉ–ਨੂੰ।੬।੧੬।
ਨੋਟ = ਰਾਗ ਗਉੜੀ ਗੁਆਰੇਰੀ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸੋਲ੍ਹਾਂ ਅਸ਼ਟਪਦੀਆਂ ਸੰਪੂਰਨ ਹੋਈਆਂ ਹਨ।
ਗਉੜੀ ਬੈਰਾਗਣਿ ਮਹਲਾ ੧ ॥ ੧ਓ ਸਤਿਗੁਰ ਪ੍ਰਸਾਦਿ ॥ ਜਿਉ ਗਾਈ ਕਉ ਗੋਇਲੀ, ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ, ਆਤਮ ਸੁਖੁ ਧਾਰਾ ॥੧॥ ਜਿਵੇਂ ਗੁਆਲਾ ਗਊਆਂ ਨੂੰ ਸੰਭਾਲ ਕਰਕੇ ਰਖਦਾ ਹੈ।ਅਤੇ ਦਿਨ ਰਾਤ ਪਾਲਣਾ ਕਰਦਾ ਹੈ, (ਹਰ ਤਰ੍ਹਾਂ ਦੇ ਖਤਰੇ ਤੋਂ) ਰੱਖ ਲੈਂਦਾ ਹੈ, (ਅਜੇਹਾ ਕਰਕੇ ਉਹ) ਮਨ ਦਾ ਸੁਖ ਧਾਰਣ ਕਰਦਾ ਹੈ; (ਤਿਵੇਂ ਹੇ ਪ੍ਰਭੂ! ਤੂੰ ਸਾਨੂੰ) ਦਿਨ ਰਾਤ ਪਾਲਦਾ ਹੈਂ ਅਤੇ (ਹਰ ਤਰ੍ਹਾਂ ਦੇ ਦੁੱਖਾਂ ਤੋਂ) ਬਚਾ ਲੈਂਦਾ ਹੈਂ, (ਜਿਸ ਕਰਕੇ ਅਸੀਂ) ਆਤਮਕ ਸੁਖ ਧਾਰਣ ਕਰਦੇ ਹਾਂ।੧।
ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥੧॥ਰਹਾਉ॥ ਹੇ ਗਰੀਬਾਂ ਉਪਰ ਦਇਆ ਕਰਨ ਵਾਲੇ ਪ੍ਰਭੂ! ਇਥੇ ਉਥੇ (ਲੋਕ ਪ੍ਰਲੋਕ ਵਿਚ ਮੈਨੂੰ) ਰੱਖ ਲਵੋ।ਹੇ ਮੇਹਰ ਦੀ ਨਜਰ ਨਾਲ ਨਿਹਾਲ ਕਰਨ ਵਾਲੇ ਪ੍ਰਭੂ! (ਮੈਂ) ਤੇਰੀ ਸ਼ਰਣ ਵਿਚ ਆਇਆ ਹਾਂ।੧।ਰਹਾਉ।
ਜਹ ਦੇਖਉ ਤਹ ਰਵਿ ਰਹੇ, ਰਖੁ ਰਾਖਨਹਾਰਾ ॥ ਤੂੰ ਦਾਤਾ ਭੁਗਤਾ ਤੂੰ ਹੈ, ਤੂੰ ਪ੍ਰਾਣ ਅਧਾਰਾ ॥੨॥ (ਮੈਂ) ਜਿਥੇ ਦੇਖਦਾ ਹਾਂ, ਉਥੇ (ਤੁਸੀਂ ਹੀ) ਵਿਆਪਕ ਹੋ ਰਹੇ ਹੋ, ਹੇ ਰੱਖਿਆ ਕਰਨ ਵਾਲੇ ਪ੍ਰਭੂ! (ਮੈਨੂੰ) ਰੱਖ ਲਵੋ।ਤੂੰ ਦਾਤਾਂ ਦੇਣ ਵਾਲਾ ਹੈਂ, ਤੂੰ ਹੀ (ਦਾਤਾਂ ਨੂੰ) ਭੋਗਣ ਵਾਲਾ ਹੈ ਅਤੇ ਤੂੰ ਹੀ (ਮੇਰੇ) ਪ੍ਰਾਣਾਂ ਦਾ ਆਸਰਾ ਹੈਂ।੨।
ਕਿਰਤੁ ਪਇਆ ਅਧ ਊਰਧੀ, ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ, ਬਿਨਸੈ ਨ ਅੰਧਿਆਰਾ ॥੩॥ ਅਪਣਾ ਕੀਤਾ ਕਰਮ ਮੱਥੇ ਤੇ ਉਕਰਿਆ ਪਿਆ ਹੈ, (ਜਿਸ ਕਰਕੇ ਜੀਵ) ਕਦੇ ਹੇਠਾਂ ਤੇ ਕਦੇ ਉਪਰ ਦੁਖ ਸੁਖ ਭੋਗਦਾ ਰਹਿੰਦਾ ਹੈ ਭਾਵ ਸੁਰਗ

All Rights Reserved by Harjinder Singh Gyani | www.GuruGranthVakhyaan.org

ਨਰਕ ਜਾਂਦਾ ਹੈ ਜਾਂ ਉਚੀਆਂ ਨੀਵੀਆਂ ਜੋਨਾਂ ਵਿਚ ਜਨਮ ਲੈਂਦਾ ਹੈ, ਕਿਉਂਕਿ ਇਹ ਜੀਵ ਗੁਰੂ ਦੇ ਗਿਆਨ ਅਤੇ ਬਿਚਾਰ ਤੋਂ ਬਿਨਾ ਹੈ। ਜਗਤ ਦੇ ਮਾਲਕ ਦੀ ਉਪਮਾ ਕੀਤੇ ਬਿਨਾ ਅਗਿਆਨਤਾ ਦਾ ਹਨ੍ਹੇਰਾ ਨਾਸ਼ ਨਹੀਂ ਹੁੰਦਾ।੩।

ਜਗੁ ਬਿਨਸਤ ਹਮ ਦੇਖਿਆ, ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ, ਸਚੁ ਮੁਕਤਿ ਦੁਆਰਾ ॥੪॥ (ਗੁਰੂ ਜੀ ਆਖ ਰਹੇ ਹਨ ਕਿ) ਅਸੀਂ ਲੋਭ ਤੇ ਹੰਕਾਰ ਵਿਚ ਮਸਤ ਹੋਏ ਜਗਤ ਨੂੰ ਨਸ਼ਟ ਹੁੰਦੇ ਦੇਖਿਆ ਹੈ। ਗੁਰੂ ਦੀ ਸੇਵਾ ਕਰਕੇ (ਗੁਰਮੁਖਾਂ ਨੇ) ਮੁਕਤੀ ਦਾ ਦਰਵਾਜਾ ਸੱਚਾ ਗਿਆਨ ਪਾ ਲਿਆ ਹੈ (ਅਤੇ ਗਿਆਨ ਦੇ ਆਸਰੇ) ਪ੍ਰਭੂ ਨੂੰ ਪਾ ਲਿਆ ਹੈ।੪।

ਪਦਾਰਥ = ਗਾਈ–ਗਊਆਂ। ਕਉ–ਨੂੰ। ਗੋਇਲੀ–ਗੁਆਲਾ (ਗਊਆਂ ਚਾਰਨ ਵਾਲਾ ਗੁੱਜਰ)। ਸਾਰਾ–ਸੰਭਾਲਦਾ ਹੈ। ਅਹਿ–ਦਿਨ। ਨਿਸਿ–ਰਾਤ। ਆਤਮ ਸੁਖੁ–ਆਤਮਕ ਅਨੰਦ। ਧਾਰਾ–ਧਾਰਦਾ ਹੈ; (ਆਤਮਕ ਸੁਖ) ਦੇਂਦਾ ਹੈ (ਸ਼ਬਦਾਰਥ) ਗਊਆਂ ਦੀ ਪਾਲਣਾ ਮਨ ਲਾ ਕੇ ਕਰਦਾ ਹੈ, ਇਸ ਵਿਚ ਗੁਆਲੇ ਦਾ ਆਪਣਾ ਲਾਭ ਹੈ, ਜਿਸ ਤੋਂ ਗੁਆਲੇ ਨੂੰ ਮਾਨਸਕ ਸੁਖ ਮਿਲਦਾ ਹੈ।੧। ਇਤ–ਇਥੇ (ਇਸ ਲੋਕ ਵਿਚ)। ਉਤ–ਉਥੇ (ਪ੍ਰਲੋਕ ਵਿਚ)। ਦੀਨ ਦਇਆਲਾ–ਗਰੀਬਾਂ ਤੇ ਦਇਆ ਕਰਨ ਵਾਲਾ। ਤਉ–ਤੇਰੀ। ਸਰਣਾਗਤਿ–ਸ਼ਰਣ ਵਿਚ ਆਇਆ ਹਾਂ। ਨਦਰਿ–ਮੇਹਰ ਦੀ ਨਜਰ। ਨਿਹਾਲਾ–ਨਿਹਾਲ ਕਰਨ ਵਾਲਾ।੧। ਰਹਾਉ। ਜਹ–ਜਿੱਥੇ। ਤਹ–ਉਥੇ। ਰਵਿ ਰਹੇ–ਵਿਆਪਕ ਹੋ ਰਿਹਾ ਹੈ। ਭੁਗਤਾ–ਭੋਗਣ ਵਾਲਾ। ਅਧਾਰਾ–ਆਸਰਾ।੨। ਕਿਰਤੁ–ਕੀਤੇ ਕਰਮ। ਅਧ–ਹੇਠਾਂ ਭਾਵ ਨਰਕ ਜਾਂ ਨੀਵੀਆਂ ਜੂਨਾਂ ਵਿਚ। ਊਰਧੀ–ਉਪਰ; ਸੁਰਗ ਵਿਚ ਜਾਂ ਉਚੀਆਂ ਜੂਨਾਂ ਵਿਚ। ਬਿਨਸੈ ਨ–ਨਾਸ ਨਹੀਂ ਹੁੰਦਾ। ਅੰਧਿਆਰਾ–ਅਗਿਆਨਤਾ ਦਾ ਹਨ੍ਹੇਰਾ।੩। ਜਗੁ–ਜਗਤ। ਬਿਨਸਤ–ਨਾਸ਼ ਹੁੰਦੇ ਹੋਏ। ਹਮ–ਅਸੀਂ। ਮੁਕਤਿ ਦੁਆਰਾ–ਮੁਕਤੀ ਦਾ ਦਰਵਾਜਾ ਗਿਆਨ (ਮ.ਕੋ.); ਸਿੱਖ ਧਰਮ (ਮ.ਕੋ.)।੪।

ਨਿਜ ਘਰਿ ਮਹਲੁ ਅਪਾਰ ਕੋ, ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ ਕੋ ਨਹੀ, ਬੂਝੈ ਸੁਖੁ ਹੋਈ ॥੫॥ ਬੇਅੰਤ ਪ੍ਰਭੂ ਦਾ ਮਹਿਲ (ਟਿਕਾਣਾ ਜੀਵ ਦੇ) ਅਪਣੇ ਹਿਰਦੇ ਘਰ ਵਿਚ ਹੈ ਅਤੇ ਉਹ ਪ੍ਰਭੂ ਪਰੇ ਤੋਂ ਪਰੇ ਹੈ। (ਇਸ ਮਹਿਲ ਵਿਚ ਗੁਰੂ ਦੇ) ਸ਼ਬਦ ਤੋਂ ਬਿਨਾ ਕੋਈ ਵੀ ਟਿਕ ਨਹੀਂ ਸਕਦਾ ਅਤੇ (ਜਿਹੜਾ ਮਨੁੱਖ ਸ਼ਬਦ ਨੂੰ) ਸਮਝ ਲੈਂਦਾ ਹੈ, ਉਸਨੂੰ ਸੁਖ ਹੁੰਦਾ ਹੈ।੫।

ਕਿਆ ਲੈ ਆਇਆ ਲੇ ਜਾਇ ਕਿਆ, ਫਾਸਹਿ ਜਮ ਜਾਲਾ ॥ ਡੋਲੁ ਬਧਾ ਕਸਿ ਜੇਵਰੀ, ਆਕਾਸਿ ਪਤਾਲਾ ॥੬॥ (ਸੋਚ ਕੇ ਦੇਖੋਂ, ਜੀਵ ਸੰਸਾਰ ਵਿਚ) ਲੈ ਕੇ ਕੀ ਆਇਆ ਹੈ ਅਤੇ ਲੈ ਕੇ ਕੀ ਜਾਵੇਗਾ? ਭਾਵ ਖਾਲੀ ਹੱਥ ਆਇਆ ਹੈ ਖਾਲੀ ਹੱਥ ਚਲਾ ਜਾਂਦਾ ਹੈ, (ਸ਼ਬਦ ਤੋਂ ਬਿਨਾ) ਜਮਾਂ ਦੇ ਜਾਲ ਵਿਚ ਫਸਦਾ ਹੈ। ਜਿਵੇਂ ਰੱਸੀ ਨਾਲ ਕੱਸ ਕੇ ਡੋਲ ਬੱਧਾ ਹੁੰਦਾ ਹੈ, (ਉਹ ਡੋਲ ਖੂਹ ਵਿਚ ਉਪਰ ਥੱਲੇ ਆਉਂਦਾ ਜਾਂਦਾ ਹੈ. ਇਵੇਂ ਜੀਵ) ਸਵੱਰਗ ਨਰਕ ਵਿਚ ਆਉਂਦੇ ਜਾਂਦੇ ਰਹਿੰਦੇ ਹਨ; ਸ਼ੁੱਭ ਕਰਮਾਂ ਦੇ ਜਲ ਨਾਲ ਭਰਿਆ ਡੋਲ ਰੂਪ ਜੀਵ ਵਾਸ਼ਨਾ ਰੂਪ ਰੱਸੀ ਨਾਲ ਕੱਸ ਕੇ ਬੱਧਾ ਹੋਇਆ ਉਪਰ ਸੁਰਗ ਵਿਚ ਜਾਂਦਾ ਹੈ ਤੇ ਪੁੰਨਾਂ ਤੋਂ ਰਹਿਤ ਹੋ ਕੇ ਹੇਠ ਮਾਤ ਲੋਕ ਵਿਚ ਆਉਂਦਾ ਹੈ (ਫ.ਸ.) ਜਾਂ ਨਾਮ ਸਿਮਰਣ ਤੋਂ ਖਾਲੀ ਹੋਣ ਕਰਕੇ ਨਰਕਾਂ ਵਿਚ ਚਲਾ ਜਾਂਦਾ ਹੈ (ਮਨੁਖ ਪੁੰਨ ਕਰਮ ਕਰਕੇ ਦੇਵ ਲੋਕ ਦੇ ਸੁਖ ਭੋਗਦਾ ਹੈ ਤੇ ਪੁੰਨਾਂ ਦਾ ਫਲ ਮੁੱਕਣ ਤੋਂ ਫਿਰ ਮਾਤ ਲੋਕ ਵਿਚ ਜਨਮ ਲੈ ਲੈਂਦਾ ਹੈ)।੬।

ਗੁਰਮਤਿ ਨਾਮੁ ਨ ਵੀਸਰੈ, ਸਹਜੇ ਪਤਿ ਪਾਈਐ ॥ ਅੰਤਰਿ ਸਬਦੁ ਨਿਧਾਨੁ ਹੈ, ਮਿਲਿ ਆਪੁ ਗਵਾਈਐ ॥੭॥ (ਰੱਬ ਮੇਹਰ ਕਰੇ) ਗੁਰੂ ਦੀ ਮੱਤ ਦੁਆਰਾ ਮਿਲਿਆ ਨਾਮ ਕਦੇ ਨਾ ਭੁੱਲੇ, (ਨਾਮ ਦੀ ਬਰਕਤ ਨਾਲ ਰੱਬ ਦੇ ਦਰਬਾਰ ਵਿਚ) ਸਹਜੇ ਹੀ ਇੱਜਤ ਪ੍ਰਾਪਤ ਹੁੰਦੀ ਹੈ। (ਸਭ ਜੀਵਾਂ ਦੇ) ਅੰਦਰ ਸ਼ਬਦ ਰੂਪ ਖਜਾਨਾ ਹੈ, (ਸ਼ਬਦ ਨਾਲ) ਮਿਲ ਕੇ ਆਪਾ ਭਾਵ ਗਵਾ ਲੈਣਾ ਚਾਹੀਦਾ ਹੈ; ਸਾਰੇ ਸੁਖਾਂ ਦਾ ਖਜਾਨਾ ਪ੍ਰਭੂ ਜੀਵ ਦੇ ਅੰਦਰ ਹੀ ਹੈ, ਜੇ ਆਪਾ ਭਾਵ ਗਵਾ ਲਈਏ ਤਾਂ (ਪ੍ਰਭੂ ਅੰਦਰੋਂ ਹੀ) ਮਿਲ ਪੈਂਦਾ ਹੈ।੭।

ਨਦਰਿ ਕਰੇ ਪ੍ਰਭੁ ਆਪਣੀ, ਗੁਣ ਅੰਕਿ ਸਮਾਵੈ ॥ ਨਾਨਕ ਮੇਲੁ ਨ ਚੂਕਈ, ਲਾਹਾ ਸਚੁ ਪਾਵੈ ॥੮॥੧॥੧੭॥ (ਜਿਸ ਮਨੁੱਖ ਉਤੇ) ਪ੍ਰਭੂ ਅਪਣੀ ਮੇਹਰ ਦੀ ਨਜਰ ਕਰਦਾ ਹੈ, (ਉਸ ਦੇ) ਹਿਰਦੇ ਵਿਚ (ਉਪਰ ਦੱਸੇ ਦੈਵੀ) ਗੁਣ ਸਮਾ ਜਾਂਦੇ ਹਨ; (ਉਹ ਦੈਵੀ) ਗੁਣਾਂ ਕਰਕੇ ਪ੍ਰਭੂ ਦੀ ਗੋਦ ਵਿਚ ਸਮਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਅਜੇਹਾ ਮੇਲ ਕਦੇ ਟੁੱਟਦਾ ਨਹੀਂ (ਇਸ ਤਰ੍ਹਾਂ ਜੀਵ ਪ੍ਰਭੂ ਪ੍ਰਾਪਤੀ ਦਾ) ਸੱਚਾ ਲਾਭ ਪ੍ਰਾਪਤ ਕਰ ਲੈਂਦਾ ਹੈ।੮।੧।੧੭।

ਪਦਾਰਥ = ਨਿਜ ਘਰਿ–ਅਪਣੇ ਹਿਰਦੇ ਵਿਚ; ਅਪਣੇ ਸ੍ਵੈ ਸਰੂਪ ਵਿਚ; ਅਪਣੇ ਆਪ ਵਿਚ। ਮਹਲੁ–ਟਿਕਾਣਾ; ਪ੍ਰਭੂ ਦਾ ਸਰੂਪ। ਅਪਾਰ–ਪਾਰ ਰਹਿਤ (ਬੇਅੰਤ)। ਅਪਰੰਪਰ–ਪਰੇ ਤੋਂ ਪਰੇ (ਬੇਅੰਤ); ਕਿਸੇ ਦੀ ਸਹਾਇਤਾ ਨਾ ਚਾਹੁਣ ਵਾਲਾ। ਸੋਈ–ਉਹ। ਥਿਰੁ

All Rights Reserved by Harjinder Singh Gyani | www.GuruGranthVakhyaan.org

ਨਹੀ–ਟਿਕ ਨਹੀਂ ਸਕਦਾ; ਸਦਾ ਕਾਇਮ ਰਹਿਣ ਵਾਲਾ ਨਹੀਂ।੫।ਜਮ ਜਾਲਾ–ਜਮਾਂ ਦੇ ਜਾਲ ਵਿਚ।ਡੋਲੁ–ਖੂਹ ਵਿਚੋਂ ਪਾਣੀ ਕੱਢਣ ਵਾਲਾ ਬਰਤਨ।ਬਧਾ–ਬੰਨ੍ਹਿਆ ਹੋਇਆ।ਕਸਿ–ਕੱਸ ਕੇ।ਜੇਵਰੀ–(ਵਾਸ਼ਨਾ ਰੂਪ) ਰੱਸੀ।ਆਕਾਸਿ ਪਤਾਲਾ–ਸਵੱਰਗ ਨਰਕ ਵਿਚ।੬।ਸਹਜੇ–ਨਿਰਯਤਨ; ਸੌਖੇ ਹੀ।ਪਤਿ–ਇੱਜਤ।ਸਬਦੁ–ਪ੍ਰਭੂ।ਨਿਧਾਨੁ–ਖਜਾਨਾ।ਆਪੁ–ਆਪਾ ਭਾਵ; ਅਪਣੱਤ।੭।ਅੰਕਿ–ਹਿਰਦੇ ਵਿਚ; ਗੋਦ ਵਿਚ।ਸਮਾਵੈ–ਲੀਨ ਹੁੰਦਾ ਹੈ।ਨ ਚੁਕਈ–ਮੁੱਕਦਾ ਨਹੀ; ਦੂਰ ਨਹੀ ਹੁੰਦਾ।ਲਾਹਾ–ਲਾਭ।੮।੧।੧੭।

ਅੰਗ ੨੨੯ = ਗਉੜੀ ਮਹਲਾ ੧ ॥ ਗੁਰ ਪਰਸਾਦੀ ਬੂਝਿ ਲੇ, ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ, ਸੋ ਠਾਕੁਰੁ ਮੇਰਾ ॥੧॥ (ਜੇ ਕੋਈ ਮਨੁੱਖ ਉਪਰ ਕਥਨ ਕੀਤੇ ਸਰੂਪ ਨੂੰ) ਗੁਰੂ ਦੀ ਕਿਰਪਾ ਨਾਲ ਸਮਝ ਲਵੇ ਤਾਂ (ਜਨਮ ਮਰਨ ਦੇ ਗੇੜ ਦਾ) ਅੰਤ ਹੋ ਜਾਂਦਾ ਹੈ।ਹਰੇਕ ਜੀਵ ਦੇ ਹਿਰਦੇ ਵਿਚ ਮਾਇਆ ਤੋਂ ਰਹਿਤ ਪ੍ਰਭੂ ਦਾ ਨਾਮ ਹੈ, ਉਹ (ਪ੍ਰਭੂ) ਮੇਰਾ ਮਾਲਕ ਹੈ।੧।

ਬਿਨੁ ਗੁਰ ਸਬਦ ਨ ਛੂਟੀਐ, ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ, ਬਿਨੁ ਗੁਰ ਅੰਧਿਆਰਾ ॥੧॥ਰਹਾਉ॥ (ਤੁਸੀਂ) ਵਿਚਾਰ ਕੇ ਦੇਖ ਲਵੋ, ਗੁਰੂ ਦੇ ਸ਼ਬਦ ਤੋਂ ਬਿਨਾ (ਜਨਮ ਮਰਣ ਤੋਂ) ਛੁਟ ਨਹੀਂ ਸਕੀਦਾ।ਜੇ ਕੋਈ ਮਨੁੱਖ (ਜਪ ਤਪ ਸੰਜਮ ਆਦਿ) ਲੱਖਾਂ ਕਰਮ ਕਮਾ ਲਵੇ, (ਫਿਰ ਵੀ) ਗੁਰੂ ਤੋਂ ਬਿਨਾ ਅਗਿਆਨਤਾ ਦਾ ਹਨ੍ਹੇਰਾ (ਛਾਇਆ) ਰਹਿੰਦਾ ਹੈ।੧।ਰਹਾਉ।

ਅੰਧੇ ਅਕਲੀ ਬਾਹਰੇ, ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ, ਕਿਤੁ ਬਿਧਿ ਨਿਰਬਹੀਐ ॥੨॥ (ਜਿਹੜੇ ਲੋਕ) ਅਕਲ ਦੀਆਂ ਅੱਖਾਂ ਤੋਂ ਬਿਨਾ ਹੋਣ ਕਰਕੇ ਅੰਨ੍ਹੇ ਹਨ, ਉਨ੍ਹਾਂ ਨੂੰ ਕੀ ਕਹੀਏ? (ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਦਾ) ਰਸਤਾ ਗੁਰੂ ਤੋਂ ਬਿਨਾ ਨਹੀਂ ਸੁੱਝਦਾ, (ਅਜੇਹੇ ਬੇਮੁੱਖਾਂ ਨਾਲ) ਕਿਸ ਤਰੀਕੇ ਨਾਲ ਸਾਥ ਨਿਭ ਸਕਦਾ ਹੈ?; ਬੇਮੁੱਖਾਂ ਦਾ ਗੁਜਾਰਾ ਕਿਵੇਂ ਹੋਵੇ?।੨।

ਅਜੇਹੇ ਅਕਲੋਂ ਅੰਨ੍ਹੇ ਲੋਕ ਉਲਟ ਹੀ ਸੋਚਦੇ ਹਨ, ਕਿਉਂਕਿ ਉਹ ਚੰਗੀ ਗਲ ਨੂੰ ਬੁਰੀ ਤੇ ਬੁਰੀ ਨੂੰ ਚੰਗੀ ਸਮਝਦੇ ਹਨ ਃ–

ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ ॥੩॥ (ਉਹ ਅਕਲੋਂ ਖਾਲੀ ਲੋਕ) ਖੋਟੇ ਮਨੁੱਖ ਨੂੰ ਖਰਾ (ਚੰਗਾ ਮਨੁੱਖ) ਆਖਦੇ ਹਨ ਤੇ ਖਰੇ ਮਨੁੱਖ ਦੀ ਕਦਰ ਨਹੀਂ ਜਾਣਦੇ।ਕਲਜੁਗ ਦੇ ਸਮੇਂ ਦੀ ਅਸਚਜ ਖੇਡ ਹੈ ਕਿ ਅੰਨ੍ਹੇ (ਗਿਆਨ ਹੀਣ ਮਨੁੱਖ) ਦਾ ਨਾਉ ਪਾਰਖੂ (ਖੋਟੇ ਖਰੇ ਦੀ ਪਰਖ ਕਰਨ ਵਾਲਾ) ਹੈ।੩।

ਸੂਤੇ ਕਉ ਜਾਗਤੁ ਕਹੈ, ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ ॥੪॥ (ਮਾਇਆ ਦੇ ਮੋਹ ਦੀ ਨੀਂਦ ਵਿਚ) ਸੁੱਤੇ ਪਏ ਮਨੁੱਖ ਨੂੰ ਜਗਤ ਜਾਗਦਾ ਆਖਦਾ ਹੈ ਅਤੇ (ਨਾਮ ਸਿਮਰਣ ਵਿਚ) ਜਾਗਦੇ ਮਨੁੱਖ ਨੂੰ ਸੁੱਤਾ ਪਿਆ ਕਹਿੰਦਾ ਹੈ।(ਨਾਮ ਸਿਮਰਨ ਕਰਕੇ ਆਤਮਕ ਜੀਵਨ) ਜਿਉਣ ਵਾਲੇ ਨੂੰ ਜਗਤ ਮੋਇਆ ਆਖਦਾ ਹੈ ਤੇ ਪ੍ਰਭੂ ਵੱਲੋਂ (ਰੱਬ ਤੋਂ ਬੇਮੁੱਖ ਹੋ ਕੇ ਆਤਮਕ ਜੀਵਨ ਤੋਂ) ਮਰੇ ਹੋਏ ਨੂੰ ਕੋਈ ਨਹੀਂ ਰੋਂਦਾ {ਸੋ ਜੀਵਿਆ ਜਿਸੁ ਮਨਿ.... ੧੪੨; ਹਰਿ ਬਿਸਰਤ ਸੋ ਮੂਆ ੪੦੭ }।੪।

ਪਦਾਰਥ = ਤਉ–ਤਾਂ; ਤਦ।ਨਿਬੇਰਾ–ਮੁਕਤੀ; ਅੰਤ।ਘਰਿ ਘਰਿ–ਹਰੇਕ ਹਿਰਦੇ ਵਿਚ।ਸੋ–ਉਹ।ਠਾਕੁਰੁ–ਮਾਲਕ।੧।ਨ ਛੂਟੀਐ–ਛੁਟਕਾਰਾ ਨਹੀ।ਕਮਾਵਹੀ–ਕਮਾਵੇ।੧।ਰਹਾਉ।ਅੰਧੇ–ਅੰਨ੍ਹੇ ਭਾਵ ਅਗਿਆਨੀ।ਬਾਹਰੇ–ਬਿਨਾ; ਖਾਲੀ।ਕਹੀਐ–ਸਮਝਾਈਏ; ਆਖੀਏ।ਪੰਥੁ–ਰਸਤਾ।ਨਿਰਬਹੀਐ–ਗੁਜਾਰਾ; ਸਾਥ ਨਿਭ ਸਕੇ।੨।ਖੋਟੇ–ਮਾੜੇ ਕਰਮ ਕਰਨ ਵਾਲਾ; ਕਪਟੀ; ਕੁਸੰਗੀ।ਕਉ–ਨੂੰ।ਖਰਾ–ਸ਼ੁੱਧ; ਨਿਸ਼ਕਪਟ (ਨਾਮ ਸਿਮਰਨ ਕਰ ਕੇ ਸਾਫ ਦਿਲ ਹੋਇਆ ਸੰਤ)।ਸਾਰ–ਕਦਰ।ਪਾਰਖੁ–ਪਰਖਣ ਵਾਲਾ; ਸਿਆਣਾ।ਕਲੀ ਕਾਲ–ਕਲਜੁਗ ਦੇ ਸਮੇਂ (ਜਮਾਨੇ) ਦਾ।ਵਿਡਾਣੈ–ਅਸਚਰਜ।੩।ਸੂਤੇ–ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੇ ਹੋਏ।ਜਾਗਤ–ਨਾਮ ਸਿਮਰਨ ਵਿਚ ਜੋ ਜਾਗਦਾ ਹੈ।ਜੀਵਤ–(ਆਤਮਕ) ਜੀਵਨ ਜਿਉਣ ਵਾਲਾ।ਮੂਆ–ਆਤਮਕ ਜੀਵਨ ਤੋਂ ਮਰਿਆ ਹੋਇਆ।੪।

ਆਵਤ ਕਉ ਜਾਤਾ ਕਹੈ, ਜਾਤੇ ਕਉ ਆਇਆ ॥ਪਰ ਕੀ ਕਉ ਅਪਨੀ ਕਹੈ, ਅਪੁਨੋ ਨਹੀ ਭਾਇਆ ॥੫॥ (ਰੱਬ ਦੇ ਰਸਤੇ ਤੇ) ਆਉਣ ਵਾਲੇ ਨੂੰ ਜਗਤ ਆਖਦਾ ਹੈ (ਕਿ ਇਹ ਮਨੁੱਖ) ਗਿਆ ਗੁਜਰਿਆ ਹੈ ਅਤੇ (ਰੱਬ ਤੋਂ ਬੇਮੁੱਖ ਹੋ ਕੇ ਮਾਇਆ ਵਲ) ਜਾਂਦੇ ਮਨੁੱਖ ਨੂੰ ਲੋਕ ਸਮਝਦੇ ਹਨ ਕਿ ਇਸਦਾ ਜਗਤ ਵਿਚ ਆਇਆ ਸਫਲ ਹੈ {ਆਵਨ ਆਏ ਸ੍ਰਿਸਟਿ ਮਹਿ, ਬਿਨੁ ਬੂਝੇ ਪਸੁ ਢੋਰ ੨੫੧}।(ਪਰਾਈ ਮਾਇਆ ਜਾਂ ਦੇਹ ਨੂੰ ਹਰ ਕੋਈ) ਅਪਣੀ ਕਹਿੰਦਾ ਹੈ ਅਤੇ ਅਪਣਾ (ਸਰੂਪ ਜੋ ਪ੍ਰਭੂ ਹੈ ਜਾਂ ਨਾਮ ਧਨ ਹੈ, ਉਹ ਲੋਕਾਂ ਨੂੰ) ਚੰਗਾ ਨਹੀਂ ਲਗਦਾ {ਜੋ ਪਰਾਇਓ ਸੋਈ ਅਪਨਾ।ਜੋ ਤਜਿ ਛੋਡਨ, ਤਿਸ ਸਿਉ ਮਨੁ ਰਚਨਾ ੧੮੫}।੫।

ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ ॥੬॥ (ਜਗਤ) ਮਿੱਠੇ ਨਾਮ ਰਸ ਨੂੰ ਕੌੜਾ ਆਖਦਾ ਹੈ ਤੇ ਪਦਾਰਥਾਂ ਵਿਸ਼ੇ ਭੋਗਾਂ ਦੇ ਕੌੜੇ ਰਸ ਨੂੰ ਜਗਤ ਮਿੱਠਾ ਆਖਦਾ ਹੈ।ਵਾਹਿਗੁਰੂ ਦੇ ਨਾਮ ਰਸ ਵਿਚ ਰੰਗੇ ਹੋਏ

All Rights Reserved by Harjinder Singh Gyani | www.GuruGranthVakhyaan.org

ਮਨੁੱਖ ਦੀ ਲੋਕ ਨਿੰਦਾ ਕਰਦੇ ਹਨ, ਕਲਜੁਗ ਵਿਚ ਅਸੀਂ ਅਜੇਹਾ ਵਰਤਾਰਾ ਦੇਖਿਆ ਹੈ {ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ, ਨਿਗੁਰੇ ਪਸੂ ਸਮਾਨਾ ੧੧੩੮; ਜੇ ਕੋ ਨਾਉ ਲਏ ਬਦਨਾਵੀ, ਕਲਿ ਕੇ ਲਖਣ ਏਈ ੯੦੨}।੬।

ਚੇਰੀ ਕੀ ਸੇਵਾ ਕਰਹਿ, ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ, ਮਾਖਨੁ ਨਹੀ ਰੀਸੈ ॥੭॥ (ਲੋਕ ਪ੍ਰਭੂ ਦੀ) ਦਾਸੀ ਮਾਇਆ ਦੀ ਤਾਂ ਸੇਵਾ (ਪੂਜਾ) ਕਰਦੇ ਹਨ, (ਪਰ ਜੋ ਸਭ ਦਾ) ਮਾਲਕ ਪ੍ਰਭੂ ਹੈ, ਉਹ (ਇਨ੍ਹਾਂ ਨੂੰ) ਨਹੀ ਦਿਸਦਾ {ਠਾਕੁਰੁ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ ੧੧੩੮}।ਛੱਪੜ ਵਾਲਾ ਪਾਣੀ ਜੇ ਰਿੜਕੀਏ ਤਾਂ ਮੱਖਣ ਨਹੀਂ ਨਿਕਲਦਾ (ਵਾਹਿਗੁਰੂ ਨੂੰ ਛਡ ਕੇ ਹੋਰ ਦੀ ਸੇਵਾ ਕਰਨ ਨਾਲ ਮੁਕਤ ਪਦਾਰਥ ਨਹੀਂ ਮਿਲਦਾ)।੭।

ਇਸੁ ਪਦ ਜੋ ਅਰਥਾਇ ਲੇਇ, ਸੋ ਗੁਰੂ ਹਮਾਰਾ ॥ ਨਾਨਕ ਚੀਨੈ ਆਪ ਕਉ ,ਸੋ ਅਪਰ ਅਪਾਰਾ ॥੮॥ ਜੋ ਮਨੁੱਖ (ਸਾਡੇ ਉਚਾਰੇ) ਇਸ ਸ਼ਬਦ ਦਾ ਅਰਥ ਲਾ ਲਵੇ ਭਾਵ ਸਮਝ ਲਵੇ, ਉਹ (ਪ੍ਰਮੇਸ਼ਰ ਸਰੂਪ ਹੋ ਜਾਂਦਾ ਹੈ ਤੇ) ਸਾਡਾ ਗੁਰੂ ਹੈ ਭਾਵ ਸਾਡੇ ਲਈ ਸਤਿਕਾਰ ਯੋਗ ਹੈ।ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਅਪਣੇ ਆਤਮ ਸਰੂਪ ਨੂੰ ਜਾਣਦਾ ਹੈ ਉਹ ਪ੍ਰਭੂ ਦਾ ਸਰੂਪ ਹੈ।੮।

ਸਭੁ ਆਪੇ ਆਪਿ ਵਰਤਦਾ, ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ, ਸਭੁ ਬ੍ਰਹਮੁ ਸਮਾਇਆ ॥੯॥੨॥੧੮॥ (ਗਿਆਨ ਵਾਨ ਦੀ ਦ੍ਰਿਸਟੀ ਵਿਚ ਪ੍ਰਭੂ) ਸਰਬ ਰੂਪ ਹੋ ਕੇ ਆਪੇ ਆਪ ਵਰਤ ਰਿਹਾ ਹੈ ਅਤੇ (ਮਨਮੁੱਖਾਂ ਨੂੰ ਉਸ ਨੇ) ਆਪ ਹੀ ਭਰਮਾਇਆ ਹੋਇਆ ਹੈ।ਗੁਰੂ ਦੀ ਕ੍ਰਿਪਾ ਨਾਲ (ਗਿਆਨਵਾਨ ਹੋ ਕੇ) ਸਮਝ ਲਈਦਾ ਹੈ ਕਿ ਸਭ ਜਗ੍ਹਾ ਪ੍ਰਭੂ ਸਮਾਇਆ ਹੋਇਆ ਹੈ।੯।

ਪਦਾਰਥ = ਆਵਤ–ਜੋ ਰੱਬ ਦੇ ਰਸਤੇ ਤੇ ਆਉਂਦਾ ਹੈ।ਜਾਤਾ–ਘਰ ਦੇ ਕੰਮ ਤੋਂ ਜਾਂਦਾ ਲਗਿਆ; ਗਿਆ ਗੁਜਰਿਆ।ਪਰ ਕੀ–ਪਰਾਈ।ਭਾਇਆ–ਚੰਗਾ ਲਗਿਆ।੫।ਮੀਠੇ ਕਉ–ਮਿੱਠੇ ਨਾਮ ਰਸ ਨੂੰ; ਆਤਮਕ ਅਨੰਦ ਨੂੰ।ਕੜੂਏ ਕਉ–ਪਦਾਰਥਾਂ ਤੇ ਵਿਸ਼ਿਆਂ ਦੇ ਭੋਗਾਂ ਨੂੰ ਜੋ ਕੌੜੇ ਹਨ।ਰਾਤੇ ਕੀ–ਨਾਮ ਰੰਗ ਵਿਚ ਰੰਗੇ ਹੋਏ ਮਨੁੱਖ ਦੀ।ਡੀਠਾ–ਦੇਖਿਆ ਹੈ।੬।ਚੇਰੀ–ਦਾਸੀ (ਮਾਇਆ)।ਸੇਵਾ–ਪੂਜਾ।ਪੋਖਰੁ–ਛੱਪੜ।ਨੀਰੁ–ਪਾਣੀ (ਸੰਸਾਰ ਰੂਪ ਛੱਪੜ ਵਿਚ ਕਾਮ ਜਾਂ ਸਾਕਾਮ ਰੂਪ ਪਾਣੀ ਹੈ)।ਮਾਖਨੁ–ਮੁਕਤੀ ਜਾਂ ਗਿਆਨ ਰੂਪ ਮੱਖਣ।ਵਿਰੋਲੀਐ–ਜੇ ਰਿੜਕੀਏ।ਨਹੀ ਰੀਸੈ–ਨਹੀਂ ਨਿਕਲਦਾ।੭।ਪਦ–ਵਾਕ; ਸ਼ਬਦ।ਅਰਥਾਇ ਲੇਇ–ਅਰਥ ਲਾ ਲਵੇ; ਸਮਝ ਲਵੇ।ਸੋ–ਉਹ।ਗੁਰੂ–ਸਤਿਕਾਰ ਯੋਗ; ਬਜੁਰਗ।ਚੀਨੈ–ਜਾਣਦਾ ਹੈ; ਸਮਝਦਾ ਹੈ।ਅਪਰ ਅਪਾਰਾ–ਪਰੇ ਤੋਂ ਪਰੇ; ਬੇਅੰਤ ਵਾਹਿਗੁਰੂ।੮।ਸਭੁ–ਸਭ ਜਗ੍ਹਾ।ਭਰਮਾਇਆ–ਭੁਲੇਖੇ ਵਿਚ ਪਾਇਆ ਹੈ।ਤੇ–ਤੋਂ; ਨਾਲ।੯।੨।੧੮।

www.gurugranthvakhyaan.org